# ਵਿਗਿਆਨ ਜੋਤ

***ਸਾਲ 7, ਅੰਕ 1***

**ਫਰਵਰੀ-ਮਾਰਚ, 2012**

**PUNPUN/2006/17457**

ਮੁੱਖ ਸੰਪਾਦਕ : **ਮੇਘ ਰਾਜ ਮਿੱਤਰ**
ਸੰਪਾਦਕ : **ਅਜਮੇਰ ਸਿੱਧੂ**
ਸਹਿ ਸੰਪਾਦਕ : **ਰਣਜੀਤ ਝਨੇਰ**
ਮੁੱਖ ਪ੍ਰਬੰਧਕ : **ਅਮਿੱਤ ਮਿੱਤਰ**

**ਸੰਪਾਦਕੀ ਬੋਰਡ**
* ਮੇਘ ਰਾਜ ਰੱਲਾ
* ਰਾਜਾ ਰਾਮ ਹੰਢਿਆਇਆ
* ਹਰਪਿੰਦਰ ਬਰਾੜ (ਕੈਨੇਡਾ)
* ਡਾ. ਹਰੀਸ਼ ਮਲਹੋਤਰਾ ਬਰਮਿੰਘਮ
* ਸੁਖਵੀਰ ਰੈਣਾ
* ਡਾ. ਗੁਰਵਿੰਦਰ ਸਿੰਘ ਐਮ. ਡੀ.
* ਡਾ. ਵਿਸ਼ਾਲ ਭਾਰਤੀ ਐਮ. ਡੀ.
* ਡਾ. ਪਵਿੱਤਰ ਅਮਰਗੜ੍ਹ

**ਦਰ ਚੰਦਾ**

| | |
|---|---|
| ਸਲਾਨਾ ਚੰਦਾ | 80/- |
| ਦੋ ਸਾਲਾਂ ਦਾ ਚੰਦਾ | 150/- |
| ਵਿਦੇਸ਼ਾਂ ਲਈ ਸਲਾਨਾ ਚੰਦਾ | 500/- |
| ਲਾਈਫ਼ ਮੈਂਬਰਸ਼ਿਪ | 1000/- |
| ਵਿਦੇਸ਼ਾਂ 'ਚ ਲਾਈਫ਼ ਮੈਂਬਰਸ਼ਿਪ | 5000/- |

**ਚੰਦੇ ਅਤੇ ਰਚਨਾਵਾਂ ਭੇਜਣ ਲਈ ਪਤਾ :-**
ਅਮਿੱਤ ਮਿੱਤਰ
ਤਰਕਸ਼ੀਲ ਨਿਵਾਸ, ਕੱਚਾ ਕਾਲਜ ਰੋਡ, ਗਲੀ ਨੰਬਰ 8, ਬਰਨਾਲਾ - 148101 (ਪੰਜਾਬ) ਫੋਨ : 01679-241744
Email : tarksheel@yahoo.com
Web site : www.tarksheel.com

***ਨੋਟ : ਸਿੱਖਿਆ ਵਿਭਾਗ ਵੱਲੋਂ 'ਵਿਗਿਆਨ ਜੋਤ' ਸਕੂਲਾਂ ਲਈ ਪ੍ਰਵਾਨਿਤ ਹੈ***
*ਮੈਗਜ਼ੀਨ 'ਵਿਗਿਆਨ ਜੋਤ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਹੁਕਮ ਨੰ: 4/2-2003 ਮਿਤੀ 2-5-2003 ਐਡੀਟਰ ਪੰਜਾਬੀ ਰਾਹੀਂ ਰਾਜ ਦੀਆਂ ਸਾਰੀਆਂ ਵਿੱਦਿਅਕ ਸੰਸਥਾਵਾਂ ਲਈ ਪ੍ਰਵਾਨਿਤ ਹੈ।*

ਵਿਸ਼ੇਸ਼ ਨੋਟ : ਕਿਸੇ ਵੀ ਤਰ੍ਹਾਂ ਦਾ ਵਾਦ ਵਿਵਾਦ ਸਿਰਫ਼ ਬਰਨਾਲਾ ਦੀ ਅਦਾਲਤ ਵਿੱਚ ਨਜਿੱਠਿਆ ਜਾਏਗਾ।

## ਸੰਪਾਦਕੀ

ਸਮੱਸਿਆਵਾਂ ਨੂੰ ਹੱਲ ਕਰਨ ਲਈ ਵਿਗਿਆਨਕ ਸੋਚ ਕਿਵੇਂ ਅਪਣਾਈ ਜਾਵੇ। ਗੱਲ ਅੱਤਵਾਦੀ ਦੌਰ ਤੋਂ ਸ਼ੁਰੂ ਕਰਨ ਲੱਗਿਆ ਹਾਂ। ਅੱਤਵਾਦ ਪਹਿਲਾ ਪਹਿਲ ਤਾਂ ਅੰਮ੍ਰਿਤਸਰ ਤੇ ਤਰਨਤਾਰਨ ਜ਼ਿਲ੍ਹਿਆਂ ਵਿੱਚ ਜ਼ਿਆਦਾ ਸੀ। 1987-88 ਤੋਂ ਬਾਅਦ ਹੀ ਮਾਲਵੇ ਇਲਾਕੇ ਵਿੱਚ ਇਹ ਆਪਣੇ ਪੈਰ ਪ੍ਰਸਾਰਣ ਲੱਗ ਪਿਆ। ਵਿਚਾਰਕ ਤੌਰ ਤੇ ਉਨ੍ਹਾਂ ਨਾਲ ਮੱਤਭੇਦ ਹੋਣ ਕਾਰਨ ਸਾਨੂੰ ਅਕਸਰ ਹੀ ਧਮਕੀ ਭਰੇ ਪੱਤਰ ਆ ਜਾਂਦੇ। ਹੁਣ ਇਹ ਸਾਡੇ ਲਈ ਵੱਡੀ ਸਮੱਸਿਆ ਸੀ। ਮੇਰੀ ਆਦਤ ਸੀ ਕਿ ਮੈਂ ਕਿਸੇ ਵੀ ਸਮੱਸਿਆ ਨੂੰ ਹੱਲ ਕਰਨ ਲਈ ਉਸਨੂੰ ਇਕ ਕਾਗਜ ਤੇ ਲਿਖ ਲੈਂਦਾ। ਫਿਰ ਉਸ ਸਮੱਸਿਆ ਤੋਂ ਨਿਕਲਣ ਦੇ ਢੰਗ ਵੀ ਸੋਚਦਾ ਤੇ ਉਨ੍ਹਾਂ ਨੂੰ ਵੀ ਲੜੀਵਾਰ ਲਿਖ ਲੈਂਦਾ। ਫਿਰ ਉਸ ਤਰਤੀਬ ਨੂੰ ਵੀ ਸੁਖਾਲੇ ਤੋਂ ਔਖੇ ਵੱਲ ਨੂੰ ਲੜੀਵਾਰ ਕਰ ਲੈਂਦਾ। ਅੱਤਵਾਦੀਆਂ ਦੀਆਂ ਧਮਕੀਆਂ ਤੋਂ ਬਚਣ ਲਈ ਮੈਂ ਹੇਠ ਲਿਖੀ ਤਰਤੀਬ ਬਣਾਈ।

1. ਹਥਿਆਰ ਰੱਖਿਆ ਜਾਵੇ।
2. ਬੀਮਾ ਕਰਵਾਇਆ ਜਾਵੇ।
3. ਸਕੂਲ ਜਾਣ ਸਮੇਂ ਰਸਤਾ ਬਦਲਿਆ ਜਾਵੇ।
4. ਕੇਸ ਹੱਲ ਕਰਨ ਲਈ ਪਿੰਡਾਂ ਵਿਚ ਜਾਣਾ ਗੁਪਤ ਰੱਖਿਆ ਜਾਵੇ।
5. ਅੱਤਵਾਦੀਆਂ ਨਾਲ ਗੱਲਬਾਤ ਚਲਾਈ ਜਾਵੇ ਤਾਂ ਜੋ ਸਮੱਸਿਆ ਤਿਲਕਾਈ ਜਾ ਸਕੇ।
6. ਅਖ਼ਬਾਰਾਂ ਵਿੱਚ ਗੁਪਤ ਨਾਵਾਂ ਥੱਲੇ ਲਿਖਿਆ ਜਾਵੇ।
7. ਪੰਜਾਬ ਵਿੱਚ ਸਰਗਰਮੀਆਂ ਘਟਾਕੇ ਪੂਰੇ ਹਿੰਦੋਸਤਾਨ ਵਿੱਚ ਸਰਗਰਮੀਆਂ ਵਧਾਈਆਂ ਜਾਣ।
8. ਬਾਹਰਲੇ ਵਿਅਕਤੀਆਂ ਨੂੰ ਮਿਲਣ ਸਮੇਂ ਚੌਕਸ ਰਿਹਾ ਜਾਵੇ।

ਇਹ ਢੰਗ ਤਰੀਕੇ ਅਪਣਾਉਣ ਦਾ ਨਤੀਜਾ ਇਹ ਨਿਕਲਿਆ ਮੈਂ ਮੁਸ਼ਕਲ ਹਾਲਤਾਂ ਵਿੱਚ ਅਡਿਗ ਤੇ ਸੁਰੱਖਿਅਤ ਰਿਹਾ।

ਮੈਂ ਇਹ ਤਾਂ ਨਹੀਂ ਦਾਅਵਾ ਕਰਦਾ ਕਿ ਉਪਰੋਕਤ ਢੰਗ ਹਰੇਕ ਸਮੱਸਿਆ ਲਈ ਕਾਰਗਰ ਹੈ ਪਰ ਇਹ ਜ਼ਰੂਰ ਕਹਿ ਸਕਦਾ ਹਾਂ ਕਿ ਜੇ ਤੁਸੀਂ ਕਿਸੇ ਵੀ ਸਮੱਸਿਆ ਨੂੰ ਹੱਲ ਕਰਨ ਲਈ ਕੋਈ ਅਜਿਹੀ ਤਰਤੀਬ ਅਪਣਾਉਗੇ ਤਾਂ ਤੁਹਾਡੇ ਉਸ ਸਮੱਸਿਆ ਵਿਚੋਂ ਸਫਲ ਹੋ ਕੇ ਨਿਕਲਣ ਦੀਆਂ ਸੰਭਾਵਨਾਵਾਂ 90 ਪ੍ਰਤੀਸ਼ਤ ਤੱਕ ਹੋ ਸਕਦੀਆਂ ਹਨ।

ਅੱਜ ਸਾਡੇ ਦੇਸ਼ ਦੇ 90 ਪ੍ਰਤੀਸ਼ਤ ਲੋਕ ਕਿਸਮਤਵਾਦੀ ਤੇ ਕਰਮਵਾਦੀ ਹਨ। ਇਸ ਲਈ ਜੇ ਤੁਸੀਂ ਅਜਿਹੇ ਲੋਕਾਂ ਵਿੱਚ ਰਹਿ ਕੇ ਵੀ ਜ਼ਿੰਦਗੀ ਵਿੱਚ ਸਫਲ ਨਹੀਂ ਹੋ ਸਕਦੇ ਤਾਂ ਲਾਜਮੀ ਹੀ ਤੁਹਾਡੀ ਸੋਚ ਵਿੱਚ ਕਿਤੇ ਨਾ ਕਿਤੇ ਕੋਈ ਨਾ ਕੋਈ ਉਣਤਾਈ ਹੈ। ਦਸ ਵਿਚੋਂ ਨੌਂ ਵਿਅਕਤੀਆਂ ਨੇ ਤਾਂ ਆਪਣੀਆਂ ਡੋਰਾਂ ਕਿਸਮਤ ਤੇ ਰੱਖਣੀਆਂ ਹਨ ਇਸ ਲਈ ਇਨ੍ਹਾਂ ਵਿਅਕਤੀਆਂ ਨੇ ਤਾਂ ਸੋਚ ਪੱਖੋਂ ਹੀ ਤੁਹਾਡੇ ਨਾਲੋਂ ਪਛੜ ਜਾਣਾ ਹੈ।

ਡਾਰਵਿਨ ਨੇ ਕਿਹਾ ਸੀ ਕਿ ਜ਼ਿੰਦਗੀ ਇੱਕ ਸੰਘਰਸ਼ ਹੈ। ਹਰੇਕ ਵਿਅਕਤੀ ਨੂੰ ਜਿਉਂਦੇ ਰਹਿਣ ਲਈ ਆਪਣੇ ਆਲੇ ਦੁਆਲੇ ਨਾਲ ਸੰਘਰਸ਼ ਕਰਨਾ ਹੀ ਪੈਂਦਾ ਹੈ। ਇਸ ਲਈ ਜ਼ਿੰਦਗੀ ਵਿੱਚ ਕਾਮਯਾਬੀ 90 ਪ੍ਰਤੀਸ਼ਤ ਤੁਹਾਡੇ ਆਪਣੇ ਹੱਥ ਵਿੱਚ ਹੈ।

ਜ਼ਿਆਦਾ ਪੈਸਾ ਕਾਮਯਾਬੀ ਦੀ ਨਿਸ਼ਾਨੀ ਨਹੀਂ ਕਾਮਯਾਬੀ ਤਾਂ ਇਸ ਗੱਲ ਵਿੱਚ ਹੈ ਕਿ ਤੁਸੀਂ ਤੇ ਤੁਹਾਡੇ ਪਰਿਵਾਰ ਦਾ ਆਪਣੇ ਲੋਕਾਂ ਦੀਆਂ ਸਮੱਸਿਆਵਾਂ ਨੂੰ ਹੱਲ ਕਰਵਾਉਣ ਵਿੱਚ ਰੋਲ ਕਿੰਨਾ ਕੁ ਰਿਹਾ ਹੈ? ਇਸ ਵਿਚ ਸਾਰਥਕ ਰੋਲ ਹੀ ਕਾਮਯਾਬੀ ਦੀ ਨਿਸ਼ਾਨੀ ਹੈ।

***- ਮੇਘ ਰਾਜ ਮਿੱਤਰ***

# ਬ੍ਰਹਿਮੰਡ 'ਚ ਦਿਖ਼ੀ *'ਪ੍ਰਮਾਤਮਾ'* ਦੀ ਪਹਿਲੀ ਝਲਕ, ਸੁਲਝੇਗਾ ਜੀਵਨ ਦਾ ਰਹੱਸ

ਇਨਸਾਨ ਬ੍ਰਹਿਮੰਡ ਬਣਨ ਦੇ ਰਹੱਸ ਨੂੰ ਲੱਭਣ ਦੇ ਕਾਫ਼ੀ ਨੇੜੇ ਪਹੁੰਚ ਚੁੱਕਾ ਹੈ। ਵਿਗਿਆਨਕਾਂ ਨੇ ਦਾਅਵਾ ਕੀਤਾ ਕਿ ਉਨ੍ਹਾਂ ਨੇ 'ਗੌਡ ਪਾਰਟੀਕਲ' ਜਾਣੀ ਕਿ 'ਪ੍ਰਮਾਤਮਾ' ਦੀ ਪਹਿਲੀ ਝਲਕ ਦੇਖੀ ਹੈ। ਗੌਡ ਪਾਰਟੀਕਲ ਜਾਂ ਹਿਗਸ ਬੋਸੋਨ ਉਹ ਕਣ ਹਨ, ਜਿਸਦੀ ਬ੍ਰਹਿਮੰਡ ਦੇ ਬਣਨ 'ਚ ਅਹਿਮ ਭੂਮਿਕਾ ਮੰਨੀ ਜਾਂਦੀ ਹੈ। ਫਿਜਿਕਸ ਦੇ ਨਿਯਮਾਂ ਦੇ ਮੁਤਾਬਿਕ ਧਰਤੀ 'ਤੇ ਹਰ ਚੀਜ਼ ਨੂੰ ਮਾਸ ਦੇਣ ਵਾਲੇ ਕਈ ਕਣ ਹਨ। ਲੋਕਾਂ ਨੂੰ 1960 ਦੇ ਦਹਾਕੇ 'ਚ ਇਸ ਬਾਰੇ ਪਹਿਲੀ ਵਾਰ ਪਤਾ ਚਲਿਆ। ਉਦੋਂ ਤੋਂ ਇਹ ਫਿਜਿਕਸ ਦੀ ਨਾ ਬੁੱਝਣ ਵਾਲੀ ਬੁਝਾਰਤ ਬਣੇ ਹੋਏ ਹਨ।

ਯੂਰੋਪੀਅਨ ਆਰਗੇਨਾਈਜੇਸ਼ਨ ਫਾਰ ਨਿਊਕੀਲਰ ਰਿਸਰਚ (ਸਰਨ) ਦੇ ਜਿਨੇਵਾ ਦੇ ਕੋਲ ਸਥਿਤ ਫਿਜਿਕਸ ਰਿਸਰਚ ਸੈਂਟਰ ਦੇ ਵਿਗਿਆਨਕਾਂ ਦਾ ਕਹਿਣਾ ਹੈ ਗੌਡ ਪਾਰਟੀਕਲਾਂ ਨੂੰ ਉਨ੍ਹਾਂ ਨੇ ਖੋਜ ਤਾਂ ਲਿਆ ਹੈ, ਪਰ ਉਹ ਇਨ੍ਹਾਂ ਦੀ ਮੌਜੂਦਗੀ ਦਾ ਕੋਈ ਠੋਸ ਸਬੂਤ ਅਜੇ ਪੇਸ਼ ਨਹੀਂ ਕਰ ਸਕਦੇ। ਗੌਡ ਪਾਰਟੀਕਲ ਦਾ ਪਤਾ ਉਦੋਂ ਚਲਿਆ, ਜਦੋਂ ਐਟਲਸ ਸੀ.ਐਮ.ਐਮ. ਪ੍ਰਯੋਗਾਂ ਨਾਲ ਜੁੜੇ ਵਿਗਿਆਨਕਾਂ ਨੇ ਲਾਰਜ ਹਾਈਡਰਾਨ ਕੋਲਾਈਡਰ ਨੂੰ ਤੇਜ ਸਪੀਡ 'ਚ ਚਲਾਕੇ ਕਈ ਪ੍ਰੋਟਾਨਾਂ ਨੂੰ ਆਪਸ 'ਚ ਟਕਰਾਇਆ।

ਇਸ ਦੌਰਾਨ ਬੋਸੋਨ ਦੇ ਚਮਕਦੇ ਹੋਏ ਅੰਸ਼ ਸਾਹਮਣੇ ਆਏ, ਪਰ ਉਨ੍ਹਾਂ ਨੂੰ ਫੜਨਾ ਸੰਭਵ ਨਹੀਂ ਸੀ। ਸੀਐਮਐਸ ਨਾਲ ਜੁੜੇ ਵਿਗਿਆਨਕ ਓਲਿਵਰ ਬਕਮੁਲੇਰ ਨੇ ਦੱਸਿਆ, ਇਹ ਦੋਵੇਂ ਹੀ ਪ੍ਰਯੋਗ ਇਕ ਹੀ ਮਾਸ ਲੇਵਲ 'ਤੇ ਗੌਡ ਪਾਰਟੀਕਲਾਂ ਦੇ ਵਜੂਦ ਦਾ ਸੰਕੇਤ ਦੇ ਰਹੇ ਸੀ। ਐਟਲਸ ਨਾਲ ਜੁੜੀ ਰਹੀ ਵਿਗਿਆਨਕ ਫੈਬੀਓਲਾ ਗਿਆਨੋਤੀ ਦੇ ਮੁਤਾਬਿਕ, 26 ਗੀਗਾ ਇਲੈਕਟ੍ਰਾਨ ਵੋਲਟ ਦੇ ਕੋਲ ਪਾਏ ਗਏ ਹਿਗਸ ਬੋਸੋਨ ਦੀ ਮਾਤਰਾ ਕਾਫ਼ੀ ਜ਼ਿਆਦਾ ਹੋ ਸਕਦੀ ਹੈ, ਪਰ ਇਸ ਬਾਰੇ 'ਚ ਕੁੱਝ ਵੀ ਦਾਅਵੇ ਨਾਲ ਕਹਿਣ ਦੇ ਲਈ ਜ਼ਿਆਦਾ ਸਟੱਡੀ ਅਤੇ ਅੰਕੜਿਆਂ ਦੀ ਜ਼ਰੂਰਤ ਹੈ।

ਮਾਹਰਾਂ ਦਾ ਮੰਨਣਾ ਹੈ ਕਿ ਜੇਕਰ ਹਿਗਸ ਬੋਸੋਨ ਦੇ ਵਜੂਦ ਦੀ ਪੁਸ਼ਟੀ ਅੱਗੇ ਦੀ ਰਿਸਰਚ 'ਚ ਵੀ ਹੁੰਦੀ ਹੈ, ਤਾਂ ਇਹ ਬ੍ਰਹਿਮੰਡ ਦੇ ਸਾਰੇ ਮੂਲ ਤੱਤਾਂ ਦੇ ਰਹੱਸਾਂ ਨੂੰ ਸਾਹਮਣੇ ਲਿਆਉਣ ਦੀ ਸ਼ੁਰੂਆਤ ਹੋਵੇਗੀ ਅਤੇ ਇਹ ਪਿਛਲੇ 100 ਸਾਲਾਂ 'ਚ ਸਭ ਤੋਂ ਅਹਿਮ ਖੋਜ ਕਹੀ ਜਾਵੇਗੀ। ਹਾਲਾਂਕਿ, ਮੰਨਿਆ ਜਾ ਰਿਹਾ ਹੈ ਕਿ ਇਸ ਬਾਰੇ 'ਚ ਕੀਤੀ ਜਾ ਰਹੀ ਰਿਸਰਚ ਦਾ ਠੋਸ ਨਤੀਜਾ ਅਗਲੇ ਸਾਲ ਦੇ ਅੰਤ ਤੱਕ ਹੀ ਆ ਸਕੇਗਾ।



ਪ੍ਰਮਾਤਮਾ ਦੀ ਇੱਕ ਕਾਲਪਨਿਕ ਤਸਵੀਰ

## *ਪ੍ਰਮਾਤਮਾ ਨੂੰ ਲੱਭਣ ਦੀ ਪੂਰੀ ਕਹਾਣੀ*

ਬ੍ਰਹਿਮੰਡ ਦੀ ਹਰ ਚੀਜ (ਤਾਰੇ, ਗ੍ਰਹਿ ਅਤੇ ਅਸੀਂ ਵੀ) ਮੈਟਰ ਯਾਨੀ ਪਦਾਰਥ ਨਾਲ ਬਣੀ ਹੈ। ਮੈਟਰ ਅਣੂ ਅਤੇ ਪਰਮਾਣੂਆਂ ਨਾਲ ਬਣਿਆ ਹੈ ਅਤੇ ਮਾਸ ਉਹ ਭੌਤਿਕ ਗੁਣ ਹੈ, ਜਿਸ ਨਾਲ ਇਨ੍ਹਾਂ ਕਣਾਂ ਨੂੰ ਠੋਸ ਰੂਪ ਮਿਲਦਾ ਹੈ। ਜੇਕਰ ਮਾਸ ਨਹੀਂ ਹੈ ਤਾਂ ਉਹ ਕਣ ਰੌਸ਼ਨੀ ਦੀ ਰਫ਼ਤਾਰ ਨਾਲ ਭੱਜਦਾ ਰਹੇਗਾ ਅਤੇ ਕਦੇ ਦੂਸਰੇ ਕਣਾਂ ਨਾਲ ਮਿਲਕੇ ਕਿਸੇ ਠੋਸ ਅਕਾਰ 'ਚ ਨਹੀਂ ਬਦਲ ਸਕੇਗਾ। ਮਾਸ ਜਦੋਂ ਗ੍ਰੇਵਿਟੀ ਨਾਲ ਗੁਜਰਦਾ ਹੈ, ਤਾਂ ਉਹ ਭਾਰ ਦੀ ਸ਼ਕਲ 'ਚ ਵੀ ਮਾਪਿਆ ਜਾ ਸਕਦਾ ਹੈ, ਪਰ ਭਾਰ ਆਪਣੇ ਆਪ 'ਚ ਮਾਸ ਨਹੀਂ ਹੁੰਦਾ, ਕਿਉਂਕਿ ਗ੍ਰੇਵਿਟੀ ਘੱਟ - ਜ਼ਿਆਦਾ ਹੋਣ ਨਾਲ ਉਹ ਬਦਲ ਜਾਂਦਾ ਹੈ। ਮਾਸ ਇਕੋ ਜਿਹਾ ਰਹਿੰਦਾ ਹੈ।

ਵਿਗਿਆਨਕ ਜਦੋਂ ਮੈਟਰ ਦੇ ਅੰਦਰ ਗਏ ਤਾਂ ਕਣਾਂ ਦੇ ਨੀਚੇ ਕਣ ਮਿਲਦੇ ਗਏ। ਪਰ ਥਿਊਰੀ ਉਦੋਂ ਤੱਕ ਪੂਰੀ ਨਹੀਂ ਹੋ ਸਕਦੀ ਸੀ, ਜਦੋਂ ਤੱਕ ਕਿ ਇਹ ਪਤਾ ਨਹੀਂ ਚਲਦਾ ਕਿ ਮਾਸ ਆਉਂਦਾ ਕਿਥੋਂ ਹੈ। ਫਿਜਿਕਸ 'ਚ ਜਦੋਂ ਇਨ੍ਹਾਂ ਤਮਾਮ ਕਣਾਂ ਨੂੰ ਇਕ ਸਿਸਟਮ 'ਚ ਰੱਖਣ ਦੀ (ਸਟੈਂਡਰਡ ਮਾਡਲ ਆਫ਼ ਪਾਰਟੀਕਲਸ) ਕੋਸ਼ਿਸ਼ ਕੀਤੀ ਗਈ ਤਾਂ ਫਾਰਮੂਲੇ ਦੇ ਗੈਪ ਦਿਸਣ ਲੱਗੇ।

ਇਸ ਗੈਪ ਨੂੰ ਭਰਨ ਅਤੇ ਮਾਸ ਦੀ ਵਜ੍ਹਾ ਦੱਸਣ ਲਈ 1965 'ਚ ਪੀਟਰ ਹਿਗਸ ਨੇ ਬੋਸੋਨ ਜਾਂ ਗੌਡ ਪਾਰਟੀਕਲ ਦਾ ਵਿਚਾਰ ਪੇਸ਼ ਕੀਤਾ। ਉਸ ਥਿਊਰੀ 'ਚ ਬੋਸੋਨ ਅਜਿਹਾ ਮੂਲ ਕਣ ਸੀ, ਜਿਸਦਾ ਇਕ ਫੀਲਡ ਸੀ, ਜੋ ਬ੍ਰਹਿਮੰਡ 'ਚ ਹਰ ਜਗ੍ਹਾ ਮੌਜੂਦ ਸੀ। ਜਦੋਂ ਕੋਈ ਦੂਸਰਾ ਕਣ ਇਸ ਫੀਲਡ ਨਾਲ ਗੁਜਰਦਾ ਤਾਂ ਰੁਕਾਵਟ ਦਾ ਸਾਹਮਣਾ ਕਰਦਾ। ਜਿਵੇਂ ਕਿ ਕੋਈ ਵੀ ਚੀਜ਼ ਪਾਣੀ ਜਾਂ ਹਵਾ ਨਾਲ ਗੁਜਰਦੇ ਹੋਏ ਕਰਦੀ। ਜਿੰਨੀ ਜ਼ਿਆਦਾ ਰੁਕਾਵਟ, ਉਨਾ ਜ਼ਿਆਦਾ ਮਾਸ। ਸਟੈਂਡਰਡ ਮਾਡਲ ਹਿਗਸ ਬੋਸੋਨ ਨਾਲ ਮਜ਼ਬੂਤ ਹੋ ਜਾਂਦਾ ਸੀ ਪਰ ਉਸਦੇ

ਪੂਜਾ ਬਾਂਸਲ

ਹੋਣ ਦਾ ਪ੍ਰਯੋਗੀ ਸਬੂਤ ਚਾਹੀਦਾ ਸੀ।

**ਕਿਵੇਂ ਹੋਈ ਤਲਾਸ਼ :** ਹਿਗਸ ਬੋਸੋਨ ਲਗਭਗ ਰੋਸ਼ਨੀ ਦੀ ਸਪੀਡ ਰੱਖਦਾ ਹੈ ਅਤੇ ਉਸਨੂੰ ਫੜਨਾ ਮੁਸ਼ਕਿਲ ਹੈ। ਉਸ ਨੂੰ ਨਜ਼ਰ ’ਚ ਲਿਆਉਣ ਲਈ ਇੰਨੀ ਐਨਰਜੀ ਚਾਹੀਦੀ ਸੀ, ਜਿੰਨੀ ਅਰਬਾਂ ਸਾਲ ਪਹਿਲਾਂ ਬ੍ਰਹਿਮੰਡ ਦੇ ਜਨਮ ਦੇ ਸਮੇਂ ਰਹੀ ਹੋਵੇਗੀ। ਵਿਗਿਆਨਕਾਂ ਨੇ ਸਰਕਾਰਾਂ ਨੂੰ ਮਨਾਇਆ ਅਤੇ ਜਨੇਵਾ ਦੇ ਕੋਲ ਸੀ.ਈ. ਆਰ.ਐਨ (ਯੂਰੋਪੀਅਨ ਆਰਗੇਨਾਈਜ਼ਰ ਫਾਰ ਨਿਊਕਲੀਅਰ ਫਿਜਿਕਸ) ’ਚ 10 ਅਰਬ ਡਾਲਰ ਦੀ ਲਾਗਤ ਨਾਲ 27 ਕਿਲੋਮੀਟਰ ਲੰਬੀ ਗੋਲਾਕਾਰ ਸੁਰੰਗ ਬਣਾਈ ਗਈ, ਜਿਸ ਨੂੰ ਲਾਰਜ ਹੈਡਰਾਨ ਕੋਲਾਈਡਰ ਕਿਹਾ ਗਿਆ। ਇਸ ਕੋਲਾਈਡਰ ’ਚ ਪ੍ਰੋਟਾਨਾਂ ਨੂੰ ਰੋਸ਼ਨੀ ਦੀ ਰਫ਼ਤਾਰ ਨਾਲ ਦੌੜਾਕੇ ਆਪਸ ’ਚ ਟਕਰਾਇਆ ਗਿਆ। ਟੱਕਰ ਨਾਲ ਜੋ ਊਰਜਾ ਪੈਦਾ ਹੋਈ, ਇਸ ’ਚ ਕਈ ਕਣ ਵਜੂਦ ’ਚ ਆਏ ਅਤੇ ਉਦੋਂ ਅਜਿਹੇ ਸੰਕੇਤ ਮਿਲੇ ਕਿ ਗੌਡ ਪਾਰਟੀਕਲ ਵੀ ਪੈਦਾ ਹੋਇਆ ਹੈ। ਵਜੂਦ ’ਚ ਆਉਂਦੇ ਹੀ ਹਿਗਸ ਬੋਸੋਨ ਖ਼ਤਮ ਹੋ ਗਿਆ, ਪਿੱਛੇ ਉਸਦੇ ਨਿਸ਼ਾਨ ਬਚੇ ਰਹੇ।



ਪ੍ਰਮਾਤਮਾ ਦੀ ਖੋਜ ਲਈ ਬਣਾਈ ਗਈ ਪ੍ਰਯੋਗਸ਼ਾਲਾ

**ਕੀ ਇਹ ਸਬੂਤ ਕਾਫ਼ੀ ਹਨ :** ਨਹੀਂ, ਕਿਉਂਕਿ ਇਹ ਸਿਰਫ਼ ਸੰਕੇਤ ਹਨ। ਠੋਸ ਸਬੂਤਾਂ ਲਈ ਅਗਲੇ ਸਾਲ ਕਈ ਟੱਕਰਾਂ ਕਰਨੀਆਂ ਹੋਣਗੀਆਂ। ਪਰ ਵਿਗਿਆਨਕਾਂ ਨੂੰ ਉਮੀਦ ਬਣ ਗਈ ਹੈ।

ਜੇਕਰ ਗੌਡ ਪਾਰਟੀਕਲ ਨਾ ਮਿਲਦਾ ਤਾਂ ਸਟੈਂਡਰਡ ਮਾਡਲ ਫੇਲ ਹੋ ਜਾਂਦਾ ਅਤੇ ਹਰ ਚੀਜ਼ ਦੇ ਠੋਸ ਹੋਣ ਦਾ, ਕਣਾਂ ਦੀ ਇਸ ਭੀੜ ਦਾ ਕੋਈ ਸਿਰ-ਪੈਰ ਸਮਝ ’ਚ ਨਹੀਂ ਆਉਂਦਾ। ਸਾਇੰਸ ਦੇ ਲਈ ਇਹ ਵੱਡਾ ਝਟਕਾ ਹੁੰਦਾ। ਮੈਥਮੈਟਿਕਸ ’ਤੇ ਵੀ ਸਵਾਲ ਉੱਠਣ ਲੱਗਦੇ।

**ਕੀ ਇਹ ਆਖਰੀ ਸੱਚ ਹੈ :** ਸਾਇੰਸ ਕਦੇ ਆਖਰੀ ਸੱਚ ਤੱਕ ਦਾ ਦਾਅਵਾ ਨਹੀਂ ਕਰਦੀ। ਜੋ ਗੱਲ ਇੱਕ ਅਰਬ ਪ੍ਰਯੋਗਾਂ ’ਚ ਸਹੀ ਸਾਬਤ ਹੋ ਚੁੱਕੀ ਹੈ, ਉਹ ਵੀ ਇਕ ਅਰਬ ਤੋਂ ਵੱਧਵੇ ਪ੍ਰਯੋਗ ’ਚ ਫੇਲ ਹੋ ਸਕਦੀ ਹੈ। ਪਰ ਸੰਸਾਰ ਨੂੰ ਜਾਨਣ ਅਤੇ ਉਸਦਾ ਇਕ ਮਾਡਲ ਬਣਾਉਣ ਦਾ ਤਰੀਕਾ ਇਹੀ ਹੈ। ਹੁਣ ਵੀ ਕੁਝ ਵਿਗਿਆਨਕ ਕਹਿ ਸਕਦੇ ਹਨ ਕਿ ਹਿਗਸ ਬੋਸੋਨ ਆਪਣੇ ਆਪ ’ਚ ਬੇਸਿਕ ਨਹੀਂ ਹੈ। ਪਰ ਜੇਕਰ ਉਸ ਦੇ ਹੇਠਾਂ ਕੋਈ ਦੂਜਾ ਕਣ ਹੈ ਤਾਂ ਉਸ ਨੂੰ ਐਕਸਪੈਰੀਮੈਂਟ ਨਾਲ ਜਾਨਣ ਲਈ ਸਾਨੂੰ ਇੰਨੀ ਐਨਰਜੀ ਚਾਹੀਦੀ ਹੈ ਕਿ ਠੀਕ ਬਿਗਬੈਂਗ ਵਰਗੇ ਹਾਲਾਤ ਬਣਾਉਣੇ ਹੋਣਗੇ। ਕੋਈ ਕੋਲਾਈਡਰ ਇਹ ਨਹੀਂ ਕਰ ਸਕੇਗਾ।

**ਕੀ ਦੁਨੀਆਂ ਖ਼ਤਮ ਹੋ ਸਕਦੀ ਸੀ :** ਗੌਡ ਪਾਰਟੀਕਲ ਨਾਮ ਨੇ ਇੰਨੀ ਸਨਸਨੀ ਮਚਾਈ ਸੀ ਕਿ ਹੈਡਰਾਨ ਕੋਲਾਈਡਰ ਦੇ ਸ਼ੁਰੂ ਹੁੰਦੇ ਹੀ ਦੁਨੀਆਂ ਖ਼ਤਮ ਹੋ ਜਾਣ ਦੀ ਗੱਲ ਕਹੀ ਜਾ ਰਹੀ ਸੀ। ਅੰਦਾਜ਼ਾ ਇਹ ਸੀ ਕਿ ਟੱਕਰ ਦੇ ਦੌਰਾਨ ਕੋਈ ਬਲੈਕ ਹੋਲ ਬਣ ਜਾਵੇਗਾ, ਜੋ ਦੁਨੀਆਂ ਨੂੰ ਨਿਗਲ ਲਵੇਗਾ। ਜ਼ਾਹਿਰ ਹੈ ਅਜਿਹਾ ਕੁੱਝ ਨਹੀਂ ਹੋਇਆ, ਵਰਨਾ ਇਹ ਖ਼ਬਰ ਲਿਖੀ ਨਾ ਜਾ ਰਹੀ ਹੁੰਦੀ।

**ਕੀ ਹੈ ਇੰਡੀਅਨ ਕਨੈਕਸ਼ਨ :** ਬੋਸੋਨ ਨਾਮ ਭਾਰਤੀ ਵਿਗਿਆਨਕ ਸਤਿੰਦਰ ਨਾਥ ਬੋਸ ਦੇ ਨਾਮ ਨਾਲ ਨਿਕਲਿਆ ਹੈ। ਬੋਸ ਅਤੇ ਆਈਨਸਟਾਈਨ ਨੇ ਇਕ ਸਟੈਟਿਸਟਿਕਲ ਫਾਰਮੂਲਾ ਪੇਸ਼ ਕੀਤਾ ਸੀ। ਜੋ ਇਕ ਖਾਸ ਤਰ੍ਹਾਂ ਦੇ ਕਣਾਂ ਦੀ ਪ੍ਰਾਪਰਟੀ ਬਣਾਉਂਦਾ ਹੈ। ਅਜਿਹੇ ਕਣ ਬੋਸੋਨ ਕਹਿਲਾਉਂਦੇ ਹਨ।




***ਭਾਰਤੀ ਵਿਗਿਆਨੀ ਸਤਿੰਦਰ ਨਾਥ ਬੋਸ ਅਤੇ ਆਈਨਸਟਾਈਨ ਦਾ ਸਕੈੱਚ ਚਿੱਤਰ***



# ਆਪਣੇ ਬੱਚੇ ਨੂੰ **ਆਸਤਕ** ਬਣਨ ਤੋਂ ਬਚਾਓ



**ਅਮਰਜੀਤ ਢਿੱਲੋਂ ਦਬੜ੍ਹੀਖਾਨਾ**
94171 20427

ਆਸਤਕ ਦਾ ਭਾਵ ਕਿਸੇ ਦੀ ਆਸ ਤੱਕਣ ਵਾਲਾ। ਹਮੇਸ਼ਾ ਕਿਸੇ ਦੀ ਆਸ (ਸਹਾਰਾ) ਜਾਂ ਆਸਰਾ ਤੱਕਣ ਵਾਲੇ ਨੂੰ ਹੀ ਆਸਤਕ ਕਹਿੰਦੇ ਹਨ। ਧਿੱਗ ਤਿਨਾ ਦਾ ਜੀਵਿਆ ਜਿੰਨਾਂ ਪਰਾਈ ਆਸ। ਤੱਕੇ ਜੋ ਸਹਾਰਾ ਉਹਦੀ ਕੀ ਹੈ ਜ਼ਿੰਦਗਾਨੀ ਆਦਿ ਲਾਈਨਾਂ ਆਸਤਕਾਂ 'ਤੇ ਪੂਰੀਆਂ ਢੁਕਦੀਆਂ ਹਨ। ਨਾਸਤਕ ਦਾ ਮਤਲਬ ਨਾ ਆਸ ਤੱਕਣ ਵਾਲਾ। ਜੋ ਹਮੇਸ਼ਾ ਆਪਣੇ ਪੈਰਾਂ 'ਤੇ ਖੜ੍ਹਾ ਹੋਣਾ ਲੋਚਦਾ ਹੈ। ਉਸ ਨੂੰ ਪਤਾ ਹੁੰਦਾ ਹੈ ਕਿ ਸਮੁੱਚੇ ਬ੍ਰਹਿਮੰਡ 'ਚ ਕੋਈ ਅਦਿੱਖ ਸ਼ਕਤੀ ਨਹੀਂ। ਇਹ ਸਾਰੀ ਕਾਇਨਾਤ 'ਚ ਖਰਬਾਂ ਸਾਲਾਂ 'ਚ ਆਪਣੇ ਆਪ ਬਣੇ ਨਿਯਮਾਂ ਤਹਿਤ ਚੱਲ ਰਹੀ ਹੈ। ਜਿਸ ਨੂੰ ਅਸੀਂ ਕੁਦਰਤੀ ਨਿਯਮ ਕਹਿੰਦੇ ਹਾਂ, ਪਰ ਆਸਤਕਾਂ ਨੂੰ ਇਸ ਕਿਸਮ ਦੀ ਕੋਈ ਸੋਝੀ ਨਹੀਂ ਹੁੰਦੀ ਜਾਂ ਆਪਣੇ ਲਾਈ ਲੱਗ ਪੁਣੇ ਕਾਰਨ ਉਹ ਸੋਝੀ ਕਰਨਾ ਹੀ ਨਹੀਂ ਚਾਹੁੰਦੇ। ਉਹ ਹਮੇਸ਼ਾ ਕਿਸੇ ਨਾ ਕਿਸੇ ਅਦਿੱਖ ਸ਼ਕਤੀ ਅੱਗੇ ਨਤਮਸਤਕ ਹੁੰਦੇ ਰਹਿੰਦੇ ਹਨ। ਹਮੇਸ਼ਾ ਕਹਿੰਦੇ ਹਨ ਸੱਚੇ ਪਾਤਸ਼ਾਹ ਸੁੱਖ ਰੱਖੀਂ। ਗੱਡੀ ਚਲਾਉਣ ਤੋਂ ਪਹਿਲਾਂ ਸਟੇਰਿੰਗ ਨੂੰ ਮੱਥਾ ਟੇਕਦੇ ਹਨ। ਕੰਨਾਂ ਨੂੰ ਹੱਥ ਲਾਉਂਦੇ ਹਨ ਤੇ ਫਿਰ ਬੁਲ੍ਹਾਂ 'ਚ ਕੋਈ ਫੁਸਫੁਸਾਹਟ ਜਿਹੀ ਕਰਕੇ ਗੱਡੀ ਸਟਾਰਟ ਕਰਦੇ ਹਨ। ਸ਼ਾਇਦ ਉਨ੍ਹਾਂ ਨੂੰ ਆਪਣੀ ਡਰਾਈਵਿੰਗ 'ਤੇ ਵਿਸ਼ਵਾਸ਼ ਨਹੀਂ ਹੁੰਦਾ। ਰਾਹ 'ਚ ਆਉਂਦੇ ਧਾਰਮਿਕ ਸਥਾਨਾਂ 'ਤੇ ਮੱਥੇ ਟੇਕਦੇ ਜਾਂਦੇ ਹਨ। ਹਾਲਾਂਕਿ ਮੱਥਾ ਟੇਕਣ ਵੇਲੇ ਧਿਆਨ ਪਾਸੇ ਹੋ ਜਾਣ ਕਾਰਨ ਹਾਦਸਾ ਵਾਪਰ ਸਕਦਾ ਹੈ।

ਨਾਸਤਕ ਸਵੇਰੇ ਉਠਣਸਾਰ ਆਪਣੇ ਆਪ ਨਾਲ ਜਵਾਬ ਸਵਾਲ ਕਰਦਾ ਹੈ। ਦਿਨ ਦੇ ਕੰਮ ਦੀ ਯੋਜਨਾ ਬਣਾਉਂਦਾ ਹੈ। ਵਿਦਿਆਰਥੀ ਪੜ੍ਹਨਾ ਸ਼ੁਰੂ ਕਰਦੇ ਹਨ। ਜਦੋਂ ਕਿ ਆਸਤਕ ਵਿਦਿਆਰਥੀ ਪਾਸ ਹੋਣ ਲਈ ਸੁਖਣਾ ਸੁਖਦੇ ਹਨ। ਕਈ ਸਕੂਲਾਂ 'ਚ ਵਿਦਿਆਰਥੀਆਂ ਨੇ ਪੈਸੇ 'ਕੱਠੇ ਕਰਕੇ, ਇਮਤਿਹਾਨਾਂ ਤੋਂ ਪਹਿਲਾਂ ਪਾਠ ਕਰਵਾਏ ਹਨ। ਆਸਤਕ ਮਾਪੇ ਬੱਚਿਆਂ ਨੂੰ ਸੁਰਤ ਸੰਭਾਲਣ ਸਾਰ ਹੀ ਡਰਾਉਣਾ ਸ਼ੁਰੂ ਕਰ ਦਿੰਦੇ ਹਨ। ਕੋਕੋ, ਮਾਊਂ ਤੋਂ ਲੈ ਕੇ ਦੇਵੀ ਦੇਵਤਿਆਂ ਅਤੇ ਕਿਸੇ ਅਦਿੱਖ ਸ਼ਕਤੀ ਦਾ ਡਰਾਵਾ ਬੱਚੇ ਦੇ ਮਨ ਦੀ ਕੋਰੀ ਸਲੇਟ ਤੇ ਵਾਰ-ਵਾਰ ਉਕਾਰਿਆ ਜਾਂਦਾ ਹੈ। ਬੱਚੇ ਦੇ ਮਨ 'ਚ ਰੱਬ ਦਾ ਡਰ ਕੁੱਟ-ਕੁੱਟ ਭਰਿਆ ਜਾਂਦਾ ਹੈ। ਬੱਚਿਆਂ ਨੂੰ ਅਲਫ ਲੈਲਾ ਅਤੇ ਆਦਮ ਬੋ-ਆਦਮ ਬੋ ਕਰਦੇ ਰਾਖਸ਼ਾਂ ਦੀਆਂ ਕਹਾਣੀਆਂ ਸੁਣਾ ਕੇ ਉਨ੍ਹਾਂ ਦੀ ਸੋਚ ਖੁੰਢੀ ਕੀਤੀ ਜਾਂਦੀ ਹੈ। ਨਾਸਤਕ ਆਪਣੇ ਬੱਚਿਆਂ ਨੂੰ ਵਿਗਿਆਨ ਦੀਆਂ ਗੱਲਾਂ ਦੱਸਦੇ ਹਨ। ਬਿਨਾਂ ਕਿਸੇ ਕਲਪਿਤ ਡਰ ਦੇ ਬੱਚਿਆਂ ਨੂੰ ਨੈਤਿਕਤਾ ਦਾ ਪਾਠ ਪੜ੍ਹਾਉਂਦੇ ਹਨ। ਉਹ ਇਹ ਨਹੀਂ ਕਹਿੰਦੇ ਕਿ ਝੂਠ ਬੋਲਣਾ ਪਾਪ ਹੈ। ਉਹ ਕਹਿੰਦੇ ਹਨ ਕਿ ਝੂਠ ਬੋਲਣ ਨਾਲ ਆਦਮੀ ਦੀ ਸ਼ਖਸ਼ੀਅਤ ਬੌਣੀ ਹੋ ਜਾਂਦੀ ਹੈ। ਸੱਚ ਬੋਲਣ ਨਾਲ ਆਦਮੀ ਦੀ ਸ਼ਖਸ਼ੀਅਤ ਨਿਖਰਦੀ ਅਤੇ ਤਾਕਤਵਰ ਹੁੰਦੀ ਹੈ। ਚੰਗਾ ਆਦਮੀ ਹਮੇਸ਼ਾ ਸੱਚ ਬੋਲਦਾ ਹੈ। ਆਸਤਕ ਆਪਣੇ ਆਪ ਨੂੰ ਸੱਚਾ ਸਾਬਤ ਕਰਨ ਲਈ ਕਿਸੇ ਮਹਾਰਾਜ ਦੀਆਂ ਸੌਂਹਾਂ ਖਾਂਦੇ ਹਨ ਜਦੋਂਕਿ ਨਾਸਤਕ ਨੂੰ ਕੋਈ ਸੌਂਹ ਖਾਣ ਦੀ ਜ਼ਰੂਰਤ ਹੀ ਨਹੀਂ ਪੈਂਦੀ। ਆਸਤਕ ਮਾਪੇ ਬੱਚਿਆਂ ਨੂੰ ਮਨੋਕਲਪਿਤ ਕਰਾਮਾਤੀ ਕਹਾਣੀਆਂ ਸੁਣਾਉਂਦੇ ਹਨ ਪਰ ਨਾਸਤਕ ਮਾਪੇ ਹਮੇਸ਼ਾ ਬੱਚਿਆਂ ਨੂੰ ਗੈਰ ਕੁਦਰਤੀ ਵਰਤਾਰੇ ਤੋਂ ਸਾਵਧਾਨ ਕਰਦੇ ਹਨ। ਉਹ ਬੱਚਿਆਂ ਨੂੰ ਵਾਰ-ਵਾਰ ਇੱਕੋ ਪਾਠ ਕਰਨ ਜਾਂ ਨਾਮ ਜਪਣ ਦੀ ਸਲਾਹ ਦੇਣ ਦੀ ਬਜਾਏ ਕੰਮ ਕਰਨ ਅਤੇ ਸਖਤ ਮਿਹਨਤ ਕਰਨ ਦੀ ਸਿੱਖਿਆ ਦਿੰਦੇ ਹਨ। ਉਸਾਰੂ ਸਮਾਜ ਸਿਰਜਣ ਦੀ ਪ੍ਰੇਰਨਾ ਦਿੰਦੇ ਹਨ, "ਸਹਾਰਾ ਕਿਸ ਤੋਂ ਮੰਗਦੇ ਹੋ, ਸਹਾਰਾ ਕੌਣ ਦਿੰਦਾ ਹੈ, ਇਹ ਤਾਂ ਇੱਕ ਸੁਪਨਾ ਹੈ, ਭਲਾ ਸੁਪਨਾ ਉਧਾਰਾ ਕੌਣ ਦਿੰਦਾ ਹੈ?"

### ਮਨ ਦਾ ਡਰ

ਜਦੋਂ ਤੋਂ ਮਾਨਵਤਾ ਨੇ ਸੁਰਤ ਸੰਭਾਲੀ ਹੈ, ਉਦੋਂ ਤੋਂ ਹੀ ਇਸ ਦੇ ਮਨ 'ਚ ਇੱਕ ਭਿਆਨਕ ਡਰ ਦਾ ਵਾਸਾ ਹੈ। ਇਹ ਡਰ ਵੀ ਜ਼ਿੰਦਗੀ ਦਾ ਸਿਰਫ ਇੱਕ ਪਾਸਾ ਹੈ। ਇਸ ਡਰ ਤੋਂ ਛੁਟਕਾਰਾ ਪਾਉਣਾ ਹੀ ਮੁਕਤੀ ਹੈ। ਜ਼ਿੰਦਗੀ ਜਿਉਣ ਦੀ ਇਹੀਓ ਇੱਕੋ ਇੱਕ ਜੁਗਤੀ ਹੈ। ਮਨੁੱਖ ਹਨੇਰੇ 'ਚ ਆਪਣੇ ਪਰਛਾਵੇਂ ਤੋਂ ਹੀ ਡਰ ਜਾਂਦੈ। ਇਸੇ ਲਈ ਕਦੇ-ਕਦੇ ਅਣਿਆਈ ਮੌਤੇ ਮਰ ਜਾਂਦੈ। ਇਸ ਡਰ 'ਚੋਂ ਭੂਤ-ਪਰੇਤ, ਵਹਿਮ-ਭਰਮ ਜੰਮਦੇ ਹਨ। ਇਸ ਡਰ 'ਚੋਂ ਹੀ ਸਾਰੇ ਦੇਵੀ-ਦੇਵਤੇ, ਰੱਬ ਅਤੇ ਧਰਮ ਜੰਮਦੇ ਹਨ। ਤਰਕਸ਼ੀਲ ਸੁਸਾਇਟੀ ਵਾਲੇ ਸਾਥੀ ਕਹਿੰਦੇ ਹਨ, ਜ਼ਿੰਦਗੀ ਦੇ ਵਹਿਣ ਸਦਾ ਵਹਿੰਦੇ ਹਨ। ਜਾਦੂ-ਟੂਣੇ, ਕਰਾਮਾਤਾਂ ਸਭ ਚਲਾਕ ਮਨਾਂ ਦੀ ਕਾਢ ਹੈ ਅਤੇ ਜੋਤਿਸ਼ ਵੀ ਨਿਰਾ ਫਰਾਡ ਹੈ। ਨਾ ਇੱਥੇ ਕੋਈ ਰਾਹੂ ਅਤੇ ਨਾ ਹੀ ਕੋਈ ਕੇਤੂ ਹੈ। ਦਿਹਾੜੀ ਜਾਣ ਲਈ ਤਰਸਦਾ ਵਿਹਲਾ ਚੇਤੂ ਹੈ। ਭੁੱਖੇ ਮਰਦੇ

ਚੇਤੂ ਦੀ ਸ਼ਨੀ ਭਲਾ ਕੀ ਲੱਤ ਤੋੜ ਦੂਗਾ। ਕਿ ਪੂਜਾ ਕਰਨ ਨਾਲ ਉਹਦੇ ਘਰੇ ਖਜਾਨੇ ਜੋੜ ਦੂਗਾ? ਸਿਆਣੇ ਕਹਿੰਦੇ ਹਨ ਪੂਜਾ ਕੋਈ ਕੰਮ ਨਹੀਂ, ਸਗੋਂ ਕੰਮ ਹੀ ਪੂਜਾ ਹੈ। ਪਰ ਵਿਹਲੜ ਤੇ ਸ਼ੈਤਾਨ ਲੋਕਾਂ ਨੇ ਫੜ੍ਹਿਆ ਰਾਹ ਦੂਜਾ ਹੈ। ਉਹ ਵਿਹਲੇ ਰਹਿੰਦੇ ਹਨ, ਪਰ ਲੋਕਾਂ ਨੂੰ ਕਿਰਤ ਕਰਨ ਲਈ ਕਹਿੰਦੇ ਹਨ। ਉਹ ਸਾਥੋਂ ਦਸਵੰਦ ਦਸੌਂਧ ਦੀ ਮੰਗ ਕਰਨਗੇ। ਕਹਿੰਦੇ ਨਹੀਂ ਤਾਂ ਤੁਹਾਨੂੰ ਅੱਗੇ ਜਮਦੂਤ ਤੰਗ ਕਰਨਗੇ। ਮਾਇਆ ਨਾਗਣੀ ਹੈ, ਕਹਿੰਦੇ ਇਸ ਤੋਂ ਬਚ ਕੇ ਰਹਿਣਾ ਚਾਹੀਦਾ ਹੈ, ਪਰ ਸੰਤਾਂ ਦੇ ਵੱਸ ਕੀਤੀ ਹੋਈ ਹੈ। ਇਸ ਲਈ ਸੰਤਾਂ ਨੂੰ ਇਹ ਕੁਝ ਨਹੀਂ ਕਹਿੰਦੀ ਹੈ, ਇਹ ਤਾਂ ਸਦਾ ਉਨ੍ਹਾਂ ਦੇ ਚਰਨਾਂ 'ਚ ਹੀ ਬਹਿੰਦੀ ਹੈ। ਇਸ ਲਈ ਸੰਤ ਕਿਰਤੀਆਂ ਨੂੰ ਅਗਲੇ ਪਿਛਲੇ ਜਨਮਾਂ ਅਤੇ ਪਾਪਾਂ ਦਾ ਡਰਾਵਾ ਦਿੰਦੇ ਹਨ। ਕਿਰਤੀ ਖੁੱਲ੍ਹ ਕੇ ਉਨ੍ਹਾਂ ਤਾਈਂ ਚੜ੍ਹਾਵਾ ਦਿੰਦੇ ਹਨ। ਦੁੱਧ ਦਾ ਡੋਲ ਭਰ ਕੇ ਡੇਰੇ ਲਿਜਾਂਦੇ ਹਨ। ਬਦਲੇ 'ਚ ਉੱਥੋਂ ਪਾਣੀ ਲਿਆਂਦੇ ਹਨ। ਮੰਨ ਲਵੋ ਕਿ ਜੇ ਚੁਰਾਸੀ ਲੱਖ ਜੂਨਾਂ, ਨਰਕ ਆਦਿ ਹੁੰਦੇ ਹੋਣਗੇ ਤਾਂ ਸੰਤਾਂ ਨੂੰ ਦੇਣ ਨਾਲ ਫਿਰ ਉਨ੍ਹਾਂ ਤੋਂ ਛੁਟਕਾਰਾ ਕਿਵੇਂ ਮਿਲ ਸਕਦਾ ਹੈ? ਕੀ ਧਰਮਰਾਜ (ਰੱਬ) ਕੋਈ ਥਾਣੇਦਾਰ ਹੈ ਅਤੇ ਇਹ ਸੰਤ ਉਸਦੇ ਮੁਖਬਰ ਜਾਂ ਦਲਾਲ ਹਨ? ਤਾਂ ਕੀ ਇਨ੍ਹਾਂ ਦੀ ਸਿਫਾਰਸ਼ 'ਤੇ ਉਹ ਮੁਕਤੀ ਬਖਸ਼ ਦਿੰਦਾ ਹੈ। ਬਾਬੇ ਆਪ ਤਾਂ ਠਾਠ ਬਾਠ ਨਾਲ ਰਹਿੰਦੇ ਹਨ, ਫਿਰ ਇਹ ਮੁਕਤੀ ਕਿਸਨੂੰ ਕਹਿੰਦੇ ਹਨ। ਇੱਕ ਪਾਸੇ ਕਹਿੰਦੇ ਹਨ ਮਨੁੱਖ ਜਨਮ ਦੁਰਲੱਭ, ਦੂਜੇ ਪਾਸੇ ਇਸੇ ਜਨਮ ਤੋਂ ਛੁਟਕਾਰਾ (ਮੁਕਤੀ) ਮੰਗਦੇ ਹਨ। ਅਸਲ 'ਚ ਇਹ ਕਿਰਤੀਆ ਨੂੰ ਡਰ ਦੀ ਸੂਲੀ 'ਤੇ ਟੰਗਦੇ ਹਨ। ਇਹ ਆਪ ਹੀ ਕਹਿੰਦੇ ਹਨ, ਇਸ ਦੇਹੀ ਕੋ ਤਰਸਣ ਦੇਵ ਭਾਵ ਮਨੁੱਖੀ ਜਨਮ ਲਈ ਤਾਂ ਦੇਵਤੇ ਵੀ ਤਰਸਦੇ ਹਨ। ਫਿਰ ਇਹ ਕਿਉਂ ਕਹਿੰਦੇ ਹਨ ਕਿ ਰਿਸ਼ਤੇ ਨਾਤੇ ਸਭ ਝੂਠੇ ਹਨ। ਕਿਉਂਕਿ ਬੰਦੇ ਨੂੰ ਸਿਰਫ ਡਰਾ ਕੇ ਹੀ ਲੁੱਟਿਆ ਜਾ ਸਕਦਾ ਹੈ। ਸਿਆਸੀ ਪਾਰਟੀਆਂ, ਦੂਜੀਆਂ ਪਾਰਟੀਆਂ ਦਾ ਡਰ ਦਿਖਾ ਕੇ ਵੋਟਾਂ ਦੀ ਲੁੱਟ ਕਰਦੀਆਂ ਹਨ। ਉਹ ਇਸ ਮੁਲਕ ਨੂੰ ਕੈਲੇਫੋਰਨੀਆਂ ਬਣਾਉਣ ਦੇ ਸਬਜ਼ਬਾਗ ਦਿਖਾ ਕੇ ਆਪਣੇ ਖਜਾਨੇ ਭਰਦੇ ਹਨ। ਉਹ ਜਾਣਦੇ ਹਨ ਕਿ ਲੋਕ ਮੂਰਖ ਹਨ। ਨੇਤਾ ਅਤੇ ਸਾਧ ਇੱਕ ਦੂਜੇ ਦੇ ਪੂਰਕ ਹਨ। ਨੇਤਾਵਾਂ ਨੂੰ ਜਿਤਾਉਣ ਲਈ ਸਾਧ ਪੂਰਾ ਟਿੱਲ ਲਾਉਂਦੇ ਹਨ। ਜਿਨਾ ਚਿਰ ਮਨੁੱਖ ਆਪਣੇ ਮਨ ਵਿਚਲਾ ਡਰ ਤਿਆਗ ਕੇ ਨਿਡਰ ਨਹੀਂ ਹੁੰਦਾ ਉਨਾ ਚਿਰ ਉਸ ਦਾ ਇਹ ਜੀਵਨ ਕਿਵੇਂ ਵੀ ਬਿਹਤਰ ਨਹੀਂ ਹੁੰਦਾ। ਬਕੌਲ ਸ਼ਾਇਰ ਆਦਮੀ ਕੇ ਜ਼ਿਹਨ ਮੇਂ ਥਾ ਏਕ ਭਿਆਨਕ ਖੌਫ, ਉਸਕਾ ਕਿਸੀ ਨੇ ਖੁਦਾ ਨਾਮ ਰੱਖ ਦੀਆ।

## ਕਾਵਿ ਬੰਧ -ਅਮਰਜੀਤ ਢਿੱਲੋਂ

ਤੇਰੀ ਸੋਚ 'ਤੇ ਕੋਈ ਸਵਾਰ ਹੋਇਐ ਤੂੰ ਆਜ਼ਾਦ ਹੈਂ ਕਿਵੇਂ ਗੁਲਾਮ ਬੰਦੇ।
ਤੇਰੀ ਸੁਬ੍ਹਾ 'ਤੇ ਧੂਫ ਦਾ ਹੈ ਕਬਜਾ ਘੇਰੀ ਆਰਤੀਆਂ ਨੇ ਤੇਰੀ ਸ਼ਾਮ ਬੰਦੇ।
ਕਮਾਈ ਕਰਕੇ ਦੇਵੇਂ ਤੂੰ ਵਿਹਲੜਾਂ ਨੂੰ ਠੇਕਾ ਤੇਰਾ, ਉਹ ਪੀਂਦੇ ਜਾਮ ਬੰਦੇ।
ਆਪ ਮਾਣਦੇ ਨੇ ਸੇਜ ਜ਼ਿੰਦਗੀ ਦੀ ਰਹਿੰਦੇ ਤੈਨੂੰ ਜਪਾਉਂਦੇ ਨੇ ਨਾਮ ਬੰਦੇ।

2

ਔਲਾਦ ਆਪਣੀ ਲਈ ਕਿਰਸ ਕਰਦਾ ਧਰਮ 'ਸਥਾਨਾਂ ਲਈ ਮਾਇਆ ਹੈ ਆਮ ਬੰਦੇ।
ਕੀਤੀ ਘਰ ਆਪਣੇ ਦੀ ਕਦੇ ਸਫਾਈ ਹੈ ਨਾ ਜਾਕੇ ਸੁਬ੍ਹਾ ਸ਼ਾਮ ਹੈਂ ਸੁੰਬਰਦਾ ਧਾਮ ਬੰਦੇ।
ਭਰਿੰਡ ਰੰਗੀਆਂ ਔਰਤਾਂ ਨੇ ਬੂਬਨਿਆਂ ਲਈ ਹੀ ਤੈਨੂੰ ਆਖਦੇ ਬੁਰਾ ਬਹੁਤ ਹੈ ਕਾਮ ਬੰਦੇ।
ਹੁਣ ਤੂੰ ਆਪਣੀ ਕਿਰਤ ਸੰਭਾਲਣੀ ਸਿੱਖ ਢਿੱਲੋਂ ਕਰਦੇ ਸਾਧ ਚੋਰਾਂ ਨੂੰ ਦੂਰੋਂ ਸਲਾਮ ਬੰਦੇ।

### ਸੋਲਾਂ ਦੂਣੀ ਅੱਠ

ਪੜ੍ਹਿਆ ਪੁੱਤ ਪਟਵਾਰੀ ਦਾ ਦੇਖ ਕਿੱਦਾਂ ਸੋਲਾਂ ਦੂਣੀ ਨੂੰ ਆਖਦਾ ਅੱਠ ਅੜੀਏ।
ਲੋਕਰਾਜ ਦਾ ਅਰਥ ਹੈ ਮੱਝ ਉਹਦੀ ਜੀਹਦੇ ਹੱਥ ਵਿਚ ਹੈ ਸੋਨੇ ਦੀ ਲੱਠ ਅੜੀਏ।
ਵਰਗਲਾਈਆਂ ਸਾਡੀਆਂ ਭਾਵਨਾਵਾਂ ਦਿਸਦਾ ਡੇਰਿਆਂ 'ਤੇ ਜੋ ਹੈ 'ਕੱਠ ਅੜੀਏ।
ਵਿਹਲੜ ਲੋਕਾਂ ਨੇ ਹੈ ਇਹ ਸ਼ੈਤਾਨ ਘੜਿਆ ਤੂੰ ਕੀ ਕਰੇਂਗੀ ਪੂਜਕੇ ਮੱਠ ਅੜੀਏ।

### ਕਿਸਮਤਵਾਦੀ

ਅਸੀਂ ਲੋਕ ਹਾਂ ਭਾਗਾਂ ਨੂੰ ਮੰਨਣ ਵਾਲੇ ਇਸੇ ਲਈ ਹੀ ਬੜੇ ਅਭਾਗੇ ਹਾਂ ਜੀ ।
ਹਨੇਰਾ ਰਸਮ ਰਿਵਾਜ ਦਾ ਰਹੇ ਢੋਂਦੇ ਪਾਈ ਫਿਰਦੇ ਗਲਾਂ ਵਿਚ ਧਾਗੇ ਹਾਂ ਜੀ।
ਜੀਂਦੇ ਅਜੇ ਵੀ ਪੰਦਰਵੀਂ ਸਦੀ ਦੇ ਵਿਚ ਪਹੁੰਚੇ ਬਾਈਵੀਂ ਸਦੀ ਲਾਗੇ ਹਾਂ ਜੀ।
ਜਦੋਂ ਚਿੜੀਆਂ ਚੁਗ ਗਈਆਂ ਖੇਤ ਸਾਰਾ ਅੱਖਾਂ ਮਲਦੇ ਮਸਾਂ ਹੀ ਜਾਗੇ ਹਾਂ ਜੀ।

### ਕਵੀ ਓ ਵਾਚ

ਬੰਜਰ ਦੇਖ ਕੇ ਤੇ ਧਰਤ ਉਦਾਸ ਨਾ ਹੋ ਮਿੱਟੀ ਹੈ ਇਹ ਬੜੀ ਉਪਜਾਊ ਮੀਆਂ।
ਉਸ ਪਿੰਡ ਵਿਚ ਰਹਿਣ ਦਾ ਹੱਜ ਕੀ ਏ ਜਿਥੇ ਹੋਵੇ ਪੰਚਾਇਤ ਨਾ ਸਾਊ ਮੀਆਂ।
ਹੋੜ੍ਹ ਲੱਗੀ ਹੈ ਮੌਕਾਪ੍ਰਸਤੀਆਂ ਦੀ ਇਥੇ ਸਰਕਾਰ ਹੋਵੇਗੀ ਕਿਵੇਂ ਟਿਕਾਊ ਮੀਆਂ।
ਜਿਸਨੇ ਸਿੱਖਿਆ ਨੀ ਕੁਝ ਵੀ ਜ਼ਿੰਦਗੀ ਤੋਂ ਉਹਨੂੰ ਹੋਰ ਕੋਈ ਕੀ ਸਮਝਾਊ ਮੀਆਂ।

### ਆਦਮਖੋਰ

ਕੁੱਤੀ ਭੌਂਕਦੀ ਡੇਰੇ ਵਿਚ ਸਾਧਨੀ ਦੇ ਤੁਰੇ ਸਿਖਰ ਦੁਪਹਿਰੇ ਹਨ ਚੋਰ ਫਿਰਦੇ।
ਚੋਣਾਂ ਵੇਲੇ ਸੀ ਕਰਦੇ ਬੜੇ ਵਾਅਦੇ ਹੋਏ ਸੱਜਣ ਨੇ ਉਹ ਬੜੇ ਮੂੰਹ ਜੋਰ ਫਿਰਦੇ।
ਚੀਕਾਂ ਕੰਧਾਂ ਸਲ੍ਹਾਬੀਆਂ ਚੂਸ ਜਾਵਣ ਇਹ ਲੋਕ ਕਹਿਕਹੇ ਲਈ ਕਠੋਰ ਫਿਰਦੇ।
ਰਹਿਣ ਲੱਗ ਪਏ ਆਦਮੀ ਜੰਗਲਾਂ 'ਚ, ਹਨ ਬਸਤੀਆਂ ਵਿਚ ਆਦਮਖੋਰ ਫਿਰਦੇ।

### ਸਿਆਸਤਦਾਨ

ਸਿਆਸਤਦਾਨ ਨੇ ਬੜੇ ਹੀ ਟੁੱਟ ਪੈਣੇ ਸਾਡੇ ਹੱਸਦਿਆਂ ਦੇ ਗਿਣਦੇ ਦੰਦ ਰਹਿੰਦੇ।
ਕੁਰੱਪਸ਼ਨ ਲਈ ਨੇ ਰੱਖਦੇ ਸਦਾ ਬਾਰ ਖੁੱਲ੍ਹੇ ਲੋਕਾਂ ਲਈ ਕਿਵਾੜ ਪਰ ਬੰਦ ਰਹਿੰਦੇ।
ਛੋਪ ਜ਼ਿੰਦਗੀ ਦਾ ਹੁਣ ਨਾ ਜਾਏ ਕੱਤਿਆ ਭਾਵੇਂ ਥੋੜ੍ਹੇ ਹੀ ਬਾਕੀ ਨੇ ਤੰਦ ਰਹਿੰਦੇ।
ਸਾਧ ਲੁੱਟਦੇ ਨੇ ਬੁੱਲੇ ਡੇਰਿਆਂ ਵਿਚ ਅਤੇ ਕਿਰਤੀ ਉਮਰ ਭਰ ਪਿਟਦੇ ਧੰਧ ਰਹਿੰਦੇ।
ਛੋਪ ਜ਼ਿੰਦਗੀ ਦਾ ਉਹੀਓ ਹੈ ਕੱਤ ਸਕਦਾ ਜੀਹਦੇ ਹੌਂਸਲੇ ਨੇ ਸਦਾ ਬੁਲੰਦ ਰਹਿੰਦੇ।

ਲੋਕ ਰਾਜ ਵਿਚ ਰਾਜ ਤਾਂ ਕਰਨ ਸ਼ਾਤਿਰ ਐਂਵੇਂ ਲੋਕਾਂ ਦਾ ਤਾਂ ਭਾ ਜੀ ਨਾਂ ਹੁੰਦੈ।
ਚਿੜੀਆਂ ਘਰ ਵਿਚ ਜਿਸ ਤਰਾਂ ਚਿੜੀਆਂ ਲਈ ਐਂਵੇਂ ਬੇਮਾਲੂਮ ਜਿਹਾ ਥਾਂ ਹੁੰਦੈ।
ਮਨਫ਼ੀ ਸਿਆਸਤ 'ਚੋਂ ਪਿਆਰ ਸ਼ਬਦ ਹੁੰਦਾ ਹਿੰਦਸਾ ਨਫ਼ਰਤ ਦਾ ਰੋਜ ਜਮ੍ਹਾਂ ਹੁੰਦੈ।
ਰਾਜਨੇਤਾ, ਪ੍ਰੋਹਿਤ ਹੀ ਅਸਲ ਦੇ ਵਿਚ ਇਥੇ ਇਹ ਸਾਰੀ ਲੁੱਟ ਖਸੁੱਟ ਦੀ ਮਾਂ ਹੁੰਦੈ।

# ਵਿਗਿਆਨਕ ਖ਼ਬਰਾਂ



### * ਲੋਕਾਂ ਦੇ ਚਿਹਰੇ ਪੜ੍ਹਨ ਵਾਲੀ ਮਸ਼ੀਨ

ਵਾਸ਼ਿੰਗਟਨ - ਅਮਰੀਕਾ ’ਚ ਇਕ ਕੰਪਨੀ ਨੇ ਇਕ ਅਜਿਹੀ ਫੂਡ ਵੈਂਡਿੰਗ ਮਸ਼ੀਨ ਤਿਆਰ ਕੀਤੀ ਹੈ, ਜੋ ਲੋਕਾਂ ਦੇ ਚਿਹਰੇ ਪੜ੍ਹਕੇ ਉਨ੍ਹਾਂ ਦੀ ਉਮਰ ਅਤੇ ਲਿੰਗ ਦੀ ਪਹਿਚਾਣ ਕਰਕੇ ਉਨ੍ਹਾਂ ਨੂੰ ਖਾਣ ਦਾ ਸਮਾਨ ਦੇਣ ਜਾਂ ਨਾ ਦੇਣ ਦਾ ਨਿਰਣਾ ਕਰਦੀ ਹੈ।

ਅਤਿ-ਆਧੁਨਿਕ ਟੈਕਨੋਲੋਜੀ ਵਾਲੀ ਇਹ ਮਸ਼ੀਨ ਕਰਾਫਟ ਫੂਡਸ ਨੇ ਇੰਟੇਲ ਦੇ ਨਾਲ ਮਿਲਕੇ ਤਿਆਰ ਕੀਤੀ ਹੈ। ਇਹ ਮਸ਼ੀਨ ਆਪਣੇ ਸਾਹਮਣੇ ਖੜ੍ਹੇ ਹੋਣ ਵਾਲੇ ਵਿਅਕਤੀ ਦੀ ਉਮਰ ਅਤੇ ਲਿੰਗ ਦੀ ਪਹਿਚਾਣ ਦੇ ਲਈ ਬਾਇਓਮੈਟ੍ਰਿਕ ਸਕੈਨ ਦਾ ਇਸਤੇਮਾਲ ਕਰਦੀ ਹੈ। ਫਿਲਹਾਲ ਇਸ ਮਸ਼ੀਨ ਦਾ ਇਸਤੇਮਾਲ ਸ਼ਿਕਾਗੋ ਅਤੇ ਨਿਊਯਾਰਕ ’ਚ ਪਰੀਖਣ ਦੇ ਤੌਰ ’ਤੇ ਕੀਤਾ ਜਾ ਰਿਹਾ ਹੈ।

ਮਸ਼ੀਨ ’ਚ ਜੈਲੀ ’ਤੇ ਅਧਾਰਤ ਇਕ ਮਿਠਾਈ ਦੇ ਪਾਊਚ ਰੱਖੇ ਹਨ, ਜਿਸ ਨੂੰ ਕੇਵਲ ਲੋੜਵੰਦਾਂ ਨੂੰ ਹੀ ਵੇਚਿਆ ਜਾਂਦਾ ਹੈ। ਮਸ਼ੀਨ ਦੇ ਸਾਹਮਣੇ ਜੇਕਰ ਕੋਈ ਮਿਠਾਈ ਲੈਣ ਲਈ ਅੱਗੇ ਵਧਦਾ ਹੈ ਤਾਂ ਉਸਦੀ ਸਕਰੀਨ ’ਤੇ ਸੰਦੇਸ਼ ਆਉਂਦਾ ਹੈ - ‘ਮਾਫ਼ ਕਰਨਾ ਬੱਚੇ, ਅਜੇ ਤੁਹਾਡੀ ਉਮਰ ਬਹੁਤ ਛੋਟੀ ਹੈ। ਤੁਹਾਨੂੰ ਇਸ ਤਰ੍ਹਾਂ ਦਾ ਸ਼ੌਂਕ ਹੁਣ ਤੋਂ ਹੀ ਨਹੀਂ ਕਰਨਾ ਚਾਹੀਦਾ। ਇਸ ਲਈ ਤੁਸੀਂ ਪਾਸੇ ਹਟ ਜਾਓ। ਲਾਸ ਐਂਜਲਸ ਟਾਈਮਜ ਦੀ ਇਕ ਰਿਪੋਰਟ ’ਚ ਇਸ ਮਸ਼ੀਨ ਦੀ ਜਾਣਕਾਰੀ ਦਿੱਤੀ ਗਈ ਹੈ।

### * ਖੁਦ ਹੀ ਸਾਫ਼ ਹੋ ਜਾਣਗੇ ਕੱਪੜੇ

ਖੁਦ ਹੀ ਗੰਦਗੀ ਸਾਫ਼ ਕਰ ਲੈਣ ਵਾਲੇ ਸੂਤੀ ਕੱਪੜੇ ਬਣਾਉਣ ਵਾਲੀ ਕੋਸ਼ਿਸ਼ ਚੀਨ ’ਚ ਸਫ਼ਲ ਹੁੰਦੀ ਦਿਸ ਰਹੀ ਹੈ। ਇੰਜੀਨੀਅਰਾਂ ਨੇ ਇਕ ਅਜਿਹਾ ਲੇਪ ਤਿਆਰ ਕੀਤਾ ਹੈ, ਜਿਸਦੀ ਮਦਦ ਨਾਲ ਸੂਤੀ ਕੱਪੜਿਆਂ ’ਤੇ ਜਦੋਂ ਸੂਰਜ ਦੀ ਰੋਸ਼ਨੀ ਪੈਂਦੀ ਹੈ ਤਾਂ ਦਾਗ-ਧੱਬੇ ਖੁਦ ਹੀ ਸਾਫ਼ ਹੋ ਜਾਂਦੇ ਹਨ ਅਤੇ ਉਨ੍ਹਾਂ ’ਚੋਂ ਦੁਰਗੰਧ ਵੀ ਨਿਕਲ ਜਾਂਦੀ ਹੈ।

ਸੋਧਕਰਤਾ ਦਾ ਕਹਿਣਾ ਹੈ ਕਿ ਅਜਿਹਾ ਕਰਨਾ ਸਸਤਾ ਹੈ। ਇਸ ’ਚ ਕੋਈ ਜ਼ਹਿਰੀਲਾ ਰਸਾਇਣ ਨਹੀਂ ਹੈ ਅਤੇ ਇਹ ਵਾਤਾਵਰਣ ਲਈ ਵੀ ਨੁਕਸਾਨਦਾਇਕ ਨਹੀਂ ਹੈ। ਸੰਘਾਈ ਦੀ ਜਿਆਯੋ ਤੋਂਗ ਅਤੇ ਹੁਬੇਈ ਯੂਨੀਵਰਸਿਟੀ ਦੇ ਇੰਜੀਨੀਅਰਾਂ ਨੇ ਇਹ ਖੋਜ ਕੀਤੀ ਹੈ।

### * ਮਿਰਚ ਕਿਉਂ ਹੈ ਇੰਨੀ ਤਿੱਖੀ?

ਮਿਰਚ ਦੇ ਤਿੱਖੇਪਣ ਦਾ ਰਾਜ ਵਿਗਿਆਨਕਾਂ ਨੂੰ ਪਤਾ ਚੱਲ ਗਿਆ ਹੈ।



ਵਿਗਿਆਨਕਾਂ ਦਾ ਦਾਅਵਾ ਹੈ ਕਿ ਉਨ੍ਹਾਂ ਨੇ ਇਸ ਪਹੇਲੀ ਦਾ ਹੱਲ ਕੱਢ ਲਿਆ ਹੈ ਕਿ ਕੁੱਝ ਮਿਰਚਾਂ ਤਿੱਖੀਆਂ ਕਿਉਂ ਹੁੰਦੀਆਂ ਹਨ ਅਤੇ ਕੁੱਝ ਘੱਟ ਤਿੱਖੀਆਂ? ਜੀਵ ਵਿਗਿਆਨ ਪੱਤ੍ਰਿਕਾ ਬਾਇਓਲੋਜੀਕਲ ਸਾਇੰਸਜ ਦੇ ਅਨੁਸਾਰ, ਇਸਦਾ ਕਾਰਣ ਮਿਰਚ ਦੇ ਪੌਦੇ ਦਾ ਜਲ ਨਾਲ ਸੰਪਰਕ ’ਚ ਆਉਣ ਤੋਂ ਹੈ।

ਵਿਗਿਆਨਕਾਂ ਦਾ ਮੰਨਣਾ ਹੈ ਕਿ ਇਸਦੇ ਕੁਸੈਲੇਪਣ ਦੇ ਪਿੱਛੇ ਕੈਪਸਾਈਪਿਨੋਈਡ ਪਦਾਰਥ ਹਨ, ਜੋ ਮਿਰਚ ਨੂੰ ਫੰਫੂਦ ਤੋਂ ਬਚਾਉਂਦਾ ਹੈ। ਇੰਡੀਆਨਾ ਯੂਨੀਵਰਸਿਟੀ ਦੇ ਡੇਵਿਡ ਹਾਕ ਦੀ ਅਗਵਾਈ ’ਚ ਸੋਧ ਕਰ ਰਹੇ ਦਲ ਨੇ ਬੋਲੀਵੀਆ ਜਾ ਕੇ ਮਿਰਚ ਦੇ ਪੌਦੇ ’ਚ ਕੈਪਸਾਈਪਿਨੋਈਡ ਰਸਾਇਣ ਦੀ ਜਾਂਚ ਕੀਤੀ। ਇਸ ’ਚ ਉਨ੍ਹਾਂ ਨੇ ਪਾਇਆ ਕਿ ਉਤਰੀ ਖੇਤਰ ’ਚ ਸਿਰਫ਼ 15 ਤੋਂ 20 ਪ੍ਰਤੀਸ਼ਤ ਮਿਰਚਾਂ ’ਚ ਹੀ ਇਹ ਤਿੱਖਾ ਪਦਾਰਥ ਮੌਜੂਦ ਸੀ।

ਦੂਜੇ ਪਾਸੇ ਦੱਖਣੀ ਹਿੱਸੇ ’ਚ ਇਸਦੇ ਸਿੱਟੇ ਅਲੱਗ ਸਨ। ਇਸ ਪਦਾਰਥ ਦੇ ਹੋਣ ਨਾਲ ਮਿਰਚ ਬਹੁਤ ਤਿੱਖੀ ਅਤੇ ਕੌੜੀ ਸੀ। ਇਸ ਰਿਸਰਚ ਦੇ ਅਧਾਰ ’ਤੇ ਇਹ ਸਾਹਮਣੇ ਆਇਆ ਕਿ ਮਿਰਚ ਦਾ ਤਿੱਖਾਪਣ ਫੰਫੂਦ ਤੋਂ ਬਚਣ ਲਈ ਇਸ ਰਸਾਇਣ ਦੀ ਪੈਦਾਇਸ਼ ਲਈ ਜ਼ੁੰਮੇਵਾਰ ਹੈ।

### * 28 ਸਾਲ ਬਾਅਦ ਨਾਸਾ ਨੇ ‘ਡਿਸਕਵਰੀ’ ਨੂੰ ਕਿਹਾ ਅਲਵਿਦਾ

ਕਰੀਬ ਤਿੰਨ ਸਾਲਾਂ ਦੇ ਗੌਰਵਮਈ ਸਫ਼ਰ ਤੋਂ ਬਾਅਦ ਨਾਸਾ ਦਾ ਪੁਲਾੜੀ ਯਾਨ ਡਿਸਕਵਰੀ ਸੇਵਾ ਤੋਂ ਬਾਹਰ ਹੋ ਗਿਆ ਹੈ। ਆਪਣੇ ਸਫ਼ਰ ’ਚ ਇਸ ਯਾਨ ਨੇ ਹਬਲ ਪੁਲਾੜ ਦੂਰਬੀਨ, 21 ਉਪਗ੍ਰਹਿਆਂ ਨੂੰ ਸਫਲਤਾਪੂਰਵਕ ਪਹੁੰਚਾਉਣ ਤੋਂ ਇਲਾਵਾ ਕਈ ਮਿਸ਼ਨਾਂ ਨੂੰ ਸਫਲਤਾਪੂਰਵਕ ਅੰਜਾਮ ਦਿੱਤਾ।

ਫਲੋਰਿਡਾ ’ਚ ਕੈਨੇਡੀ ਪੁਲਾੜ ਕੇਂਦਰ ’ਚ ਇਸ ਪੁਲਾੜੀ ਯਾਨ ਨੂੰ ਈਧਨ

# ਸੁੰਦਰ ਪੁਲਾੜ 'ਚ ਮਿਲੇ ਪ੍ਰਿਥਵੀ ਦੇ ਦੋ ਹਮਸ਼ਕਲ

ਨਿਊਯਾਰਕ - ਸੌਰ ਮੰਡਲ ਦੇ ਬਾਹਰ ਇਕ ਤਾਰੇ ਦੀ ਪਰਿਕਰਮਾ ਲਗਾਉਂਦੇ ਦੋ ਗ੍ਰਹਿਆਂ ਦੀ ਪਹਿਚਾਣ ਕੀਤੀ ਗਈ ਹੈ, ਜੋ ਅਕਾਰ 'ਚ ਪ੍ਰਿਥਵੀ ਦੀ ਤਰ੍ਹਾਂ ਹਨ। ਵਿਗਿਆਨਕਾਂ ਨੂੰ ਧਰਤੀ ਤੋਂ ਅਲੱਗ ਕਿਤੇ ਹੋਰ ਜੀਵਨ ਹੋਣ ਦੇ ਉਤਸ਼ਾਹਜਨਕ ਸੰਕੇਤ ਮਿਲੇ ਹਨ।

ਕੈਮਬ੍ਰਿਜ 'ਚ ਹਾਰਵਰਡ ਸੈਂਟਰ ਫਾਰ ਐਸਟ੍ਰੋਫਿਜਿਕਸ ਦੇ ਫ੍ਰੈਂਕੀਅਸ ਫ੍ਰੇਸਿਨ ਨੇ ਦੱਸਿਆ ਕਿ ਇਸ ਖੋਜ ਤੋਂ ਪਤਾ ਚਲਦਾ ਹੈ ਕਿ ਅਜਿਹੇ ਗ੍ਰਹਿ ਮੌਜੂਦ ਹਨ ਅਤੇ ਉਨ੍ਹਾਂ ਨੂੰ ਕੈਪਲਰ ਸਪੇਸਕ੍ਰਾਫਟ ਨਾਲ ਲੱਭਿਆ ਜਾ ਸਕਦਾ ਹੈ।

ਸਾਡੇ ਸੂਰਜ ਵਰਗੇ ਕਿਸੇ ਤਾਰੇ ਦੇ ਚੱਕਰ ਲਗਾਉਣ ਵਾਲੇ ਉਹ ਹੁਣ ਤੱਕ ਪਾਏ ਗਏ ਸਭ ਤੋਂ ਛੋਟੇ ਗ੍ਰਹਿ ਹਨ।

ਫ੍ਰੇਸਿਨ ਨੇ ਕਿਹਾ ਕਿ ਵਿਗਿਆਨਕ ਧਰਤੀ ਤੋਂ ਬਾਹਰ ਇਨਸਾਨਾਂ ਦੇ ਲਈ ਪ੍ਰਿਥਵੀ ਦੇ ਅਕਾਰ ਦੇ ਗ੍ਰਹਿਆਂ ਦੀ ਤਲਾਸ਼ 'ਚ ਹਨ। ਨੇਚਰ 'ਚ ਪ੍ਰਕਾਸ਼ਤ ਅਧਿਐਨ ਦੇ ਮੁਤਾਬਿਕ ਇੱਕ ਗ੍ਰਹਿ ਦਾ ਵਿਆਸ ਧਰਤੀ ਤੋਂ ਸਿਰਫ਼ ਤਿੰਨ ਗੁਣਾ ਜ਼ਿਆਦਾ ਹੈ, ਜਦੋਂ ਕਿ ਦੂਜਾ ਗ੍ਰਹਿ ਅਕਾਰ 'ਚ ਪ੍ਰਿਥਵੀ ਦਾ 90 ਫੀਸਦੀ ਹੈ। ਸਾਡੇ ਗ੍ਰਹਿ ਦੀ ਤਰ੍ਹਾਂ ਹੀ ਉਨ੍ਹਾਂ ਦੀ ਸਤ੍ਹਾ ਵੀ ਚਟਾਨਾਂ ਵਾਲੀ ਹੈ।

ਵਿਗਿਆਨਕਾਂ ਨੇ ਦੱਸਿਆ ਕਿ ਉਹ ਜੀਵਨ ਦੀਆਂ ਸੰਭਾਵਨਾਵਾਂ ਤੋਂ ਬੇਹੱਦ ਗਰਮ ਹਨ। ਉਨ੍ਹਾਂ ਦਾ ਤਾਪਮਾਨ 760 ਡਿਗਰੀ ਸੈਲਸੀਅਸ ਅਤੇ 425 ਡਿਗਰੀ ਸੈਲਸੀਅਸ ਹੈ। ਉਨ੍ਹਾਂ ਨੇ ਕਿਹਾ ਕਿ ਇਨ੍ਹਾਂ ਗ੍ਰਹਿਆਂ 'ਤੇ ਬੈਕਟੀਰੀਆ ਜਾਂ ਫਫੂੰਦੀ ਮਿਲ ਸਕਦੇ ਹਨ ਜਾਂ ਉਥੇ ਜੀਵਨ ਦਾ ਸਵਰੂਪ ਬਿਲਕੁਲ ਅਲੱਗ ਹੋ ਸਕਦਾ ਹੈ। 2009 'ਚ ਲਾਂਚ ਹੋਣ ਤੋਂ ਬਾਅਦ ਨਾਸਾ ਦਾ ਗ੍ਰਹਿ ਖੋਜੀ ਕੈਪਲਰ ਟੈਲੀਸਕੋਪ ਧਰਤੀ ਦੇ ਅਕਾਰ ਵਾਲੇ ਦਰਜਨਾਂ ਗ੍ਰਹਿਆਂ ਦੀ ਖੋਜ ਕਰ ਚੁੱਕਾ ਹੈ।






ਸਹਿਤ ਸਾਰੇ ਤਰਲ ਪਦਾਰਥਾਂ ਤੋਂ ਖਾਲੀ ਕਰਦੇ ਹੋਏ ਆਬੀਟਰ ਪ੍ਰੋਸੈਸਿੰਗ ਫੈਸਿਲਿਟੀ-1 ਤੋਂ ਅਲੱਗ ਕਰ ਦਿੱਤਾ ਗਿਆ। ਨਾਸਾ ਦੇ ਦੁਆਰਾ ਬੋਇੰਗ 747 ਵਿਮਾਨ ਵਾਹਕ ਨੂੰ ਹੁਣ ਲੋਕਾਂ ਦੇ ਸਾਹਮਣੇ ਪ੍ਰਦਰਸ਼ਤ ਕਰਨ ਲਈ ਸਮਿਥਸੋਨੀਅਨ ਨੈਸ਼ਨਲ ਏਅਰ ਐਂਡ ਸਪੇਸ਼ ਮਿਊਜੀਅਮ 'ਚ ਲਿਜਾਇਆ ਜਾ ਰਿਹਾ ਹੈ।

ਕੈਨੇਡੀ ਪੁਲਾੜ ਕੇਂਦਰ ਦੇ 60 ਫੁੱਟ ਲੰਬੇ ਇਸਦੇ ਦਰਵਾਜੇ ਨੂੰ ਅੰਤ ਬੰਦ ਕਰ ਦਿੱਤਾ ਗਿਆ। ਡਿਸਕਵਰੀ ਦਾ ਨਿਰਮਾਣ ਅਗਸਤ 1979 'ਚ ਸ਼ੁਰੂ ਹੋਇਆ ਸੀ ਅਤੇ ਪਾਮਡੇਲੇ ਫੈਕਟਰੀ 'ਚ 1983 'ਚ ਇਸਦਾ ਨਿਰਮਾਣ ਪੂਰਾ ਹੋਇਆ। 1984 'ਚ ਸਫ਼ਰ 'ਤੇ ਨਿਕਲਣ ਨਾਲ ਹੀ ਨਾਸਾ ਦਾ ਇਹ ਤੀਜਾ ਆਪਰੇਸ਼ਨਲ ਪੁਲਾੜੀ ਯਾਨ ਹੋ ਗਿਆ।

ਡਿਸਕਵਰੀ ਨੇ ਆਪਣੀ ਮੁਹਿੰਮ 'ਚ ਕੁਲ 148,221,675 ਮੀਲ ਦਾ ਸਫ਼ਰ ਤੈਅ ਕੀਤਾ ਅਤੇ ਇਹ ਪ੍ਰਿਥਵੀ ਦੀਆਂ 5,830 ਪਰਿਕਰਮਾਵਾਂ ਕਰ ਚੁੱਕਾ ਹੈ।

### * ਵਿਗਿਆਨਕਾਂ ਨੇ ਦੇਖਿਆ ਕਿਵੇਂ ਦਾ ਹੋਵੇਗਾ ਸੂਰਜ ਦਾ ਭਵਿੱਖ

ਵਿਗਿਆਨਕਾਂ ਨੇ ਖੋਜ ਕੀਤੀ ਹੈ ਕਿ ਰੇਡ ਜੈਂਟ ਨਾਮ ਦੇ ਤਾਰੇ ਘੁੰਮਦੇ ਕਿਵੇਂ ਹਨ। ਕਿਉਂਕਿ ਅੱਜ ਤੋਂ ਪੰਜ ਅਰਬ ਸਾਲ ਬਾਅਦ ਸਾਡਾ ਸੂਰਜ ਵੀ ਰੇਡ ਜੈਂਟ ਕਹਾਏਗਾ। ਇਸ ਖੋਜ ਨਾਲ ਸਾਡੇ ਸੂਰਜ ਦੇ ਭਵਿੱਖ ਦੇ ਬਾਰੇ 'ਚ ਅਹਿਮ ਜਾਣਕਾਰੀ ਮਿਲ ਸਕੇਗੀ।

ਰੇਡ ਜੈਂਟ ਦਰਅਸਲ ਤਾਰਿਆਂ ਦੇ ਵਿਕਾਸ ਦੀ ਉਹ ਅਵਸਥਾ ਹੈ ਜਿਸ ਦ੍ਰਵਮਾਨ ਜਾਂ ਭਾਰ ਕਾਫ਼ੀ ਘੱਟ ਹੋ ਜਾਂਦਾ ਹੈ। ਇਕ ਇੰਟਰਨੈਸ਼ਨਲ ਟੀਮ ਨੇ ਆਪਣੀ ਰਿਸਰਚ 'ਚ ਦੇਖਿਆ ਕਿ ਰੇਡ ਜੈਂਟ ਦੀ ਬਾਹਰੀ ਸਤ੍ਹਾ ਭਾਵੇਂ ਹੀ ਘੱਟ ਤੇਜੀ ਨਾਲ ਘੁੰਮੇ ਪਰ ਉਨ੍ਹਾਂ ਦੀ ਕੋਰ ਬਾਹਰੀ ਸਤ੍ਹਾ ਦੀ ਤੁਲਨਾ 'ਚ 10 ਗੁਣਾ ਜ਼ਿਆਦਾ ਤੇਜੀ ਨਾਲ ਘੁੰਮਦੀ ਹੈ।

ਇਹ ਰੇਡ ਜੈਂਟ ਵੀ ਕਦੇ ਸਾਡੇ ਸੂਰਜ ਦੀ ਤਰ੍ਹਾਂ ਸਨ ਪਰ ਉਮਰ ਵਧਣ ਦੇ ਨਾਲ ਇਨ੍ਹਾਂ ਦੀਆਂ ਬਾਹਰੀ ਪਰਤਾਂ ਆਪਣੇ ਸ਼ੁਰੂਆਤੀ ਸਾਈਜ ਤੋਂ ਪੰਜ ਗੁਣਾ ਵੱਧ ਗਈਆਂ ਅਤੇ ਬਹੁਤ ਤੇਜੀ ਨਾਲ ਠੰਡੀਆਂ ਹੋ ਗਈਆਂ। ਠੀਕ ਇਸਦਾ ਉਲਟਾਅ ਇਨ੍ਹਾਂ ਦੀ ਕੋਰ ਜਾਂ ਕੇਂਦਰ

## ਪੈਰਾਂ ਵਿੱਚ ਪੈਣ ਵਾਲੇ ਮੋਟਰਾਈਜ਼ਡ ਬੂਟ ਬਚਾਉਣਗੇ ਟ੍ਰੈਫ਼ਿਕ ਜਾਮ ਤੋਂ

ਸ਼ਾਇਦ ਹੀ ਅਜਿਹਾ ਕੋਈ ਆਦਮੀ ਹੋਵੇ ਜਿਹੜਾ ਟ੍ਰੈਫਿਕ ਜਾਮ ਵਿੱਚ ਨਾ ਫਸਦਾ ਹੋਵੇ। ਦਿਨ ਪ੍ਰਤੀ ਦਿਨ ਇਹ ਸਮੱਸਿਆ ਵੱਧਦੀ ਹੀ ਜਾ ਰਹੀ ਹੈ। ਪਰ ਹੁਣ ਇਸ ਤੋਂ ਬਚਾਉਣ ਦੇ ਲਈ ਮੋਟਰਰਾਈਜਡ ਬੂਟ ਆ ਗਏ ਹਨ। ਇਨ੍ਹਾਂ ਨੂੰ ਪਹਿਨ ਕੇ ਤੁਸੀਂ ਫਸੇ ਵਾਹਨਾਂ ਦੇ ਵਿੱਚ ਦੀ ਰਸਤਾ ਬਣਾ ਕੇ ਆਪਣੀ ਮੰਜ਼ਿਲ ਤੱਕ ਪਹੁੰਚ ਸਕਦੇ ਹੋ। ਬੈਟਰੀ ਚਾਰਜ ਨਾਲ ਇਹ ਬੂਟ 17 ਕਿਲੋਮੀਟਰ ਪ੍ਰਤੀ ਘੰਟੇ ਦੀ ਰਫ਼ਤਾਰ ’ਤੇ ਚਲ ਸਕਦੇ ਹਨ। ਇਨ੍ਹਾਂ ਨੂੰ ‘ਐਸਪੀਐਨਕਿਕਸ’ ਨਾਮ ਦਿੱਤਾ ਗਿਆ ਹੈ।

### ਇਹ ਕਿਵੇਂ ਕਰਦੇ ਹਨ ਕੰਮ

ਬੈਟਰੀ ਚਲਿਤ ਇਨ੍ਹਾਂ ਬੂਟਾਂ ਨੂੰ ਸਕੇਟ ਬੋਰਡ ਦੀ ਤਰ੍ਹਾਂ ਬੰਨ੍ਹਿਆ ਜਾਂਦਾ ਹੈ। ਇਨ੍ਹਾਂ ’ਤੇ ਕੰਟਰੋਲ ਰੱਖਣ ਦੇ ਲਈ ਵਾਈਰਲੈਸ ਰਿਮੋਟ ਕੰਟਰੋਲ ਦੀ ਮਦਦ ਲਈ ਜਾਂਦੀ ਹੈ। ਇੱਕ ਵਾਰ ਪੂਰੀ ਤਰ੍ਹਾਂ ਚਾਰਜ ਹੋਈ ਬੈਟਰੀ ਨਾਲ ਤਿੰਨ ਤੋਂ ਪੰਜ ਕਿਲੋਮੀਟਰ ਦਾ ਸਫ਼ਰ ਤੈਅ ਕਰਦੇ ਹਨ ਇਹ ਬੂਟ। ਸੱਜੇ-ਖੱਬੇ ਮੁੜਨ ਦੇ ਲਈ ਪਹਿਨਣ ਵਾਲੇ ਨੂੰ ਆਪਣੇ ਸਰੀਰ ਨੂੰ ਉਸ ਦਿਸ਼ਾ ਦੇ ਅਨੁਸਾਰ ਹੀ ਝੁਕਣਾ ਪੈਂਦਾ ਹੈ। ਗਤੀ ਨੂੰ ਰਿਮੋਟ ਦੁਆਰਾ ਵਧਾਇਆ ਜਾਂ ਘਟਾਇਆ ਜਾ ਸਕਦਾ ਹੈ।

### ਹਰ ਤਰ੍ਹਾਂ ਦੇ ਮੌਸਮ ਵਿੱਚ ਕੰਮ ਆਉਂਦੇ ਹਨ

ਨਾਈਲੋਨ ਅਤੇ ਐਲਯੂਮੀਨੀਅਮ ਨਾਲ ਬਣੇ ਹੋਣ ਦੇ ਕਾਰਨ ਇਨ੍ਹਾਂ ਬੂਟਾਂ ਨੂੰ ਮੀਂਹ ਵਿੱਚ ਵੀ ਪਾਇਆ ਜਾ ਸਕਦਾ ਹੈ। ਇਹ ਹੀ ਨਹੀਂ ਪਹਾੜੀ ਢਲਾਣ ’ਤੇ ਇਨ੍ਹਾਂ ਦੀ ਗਤੀ ਕੰਟਰੋਲ ਰੱਖਣ ਲਈ ਸਕੇਟ ਬੋਰਡ ਦੀ ਤਰ੍ਹਾਂ ਸਟਾਪਰ ਦਿੱਤੇ ਗਏ ਹਨ। ਇਸਦੀ ਬੈਟਰੀ ਦੋ ਤੋਂ ਤਿੰਨ ਘੰਟਿਆਂ ਵਿੱਚ ਪੂਰੀ ਤਰ੍ਹਾਂ ਚਾਰਜ ਹੋ ਜਾਂਦੀ ਹੈ।

### ਕੀ ਹੈ ਫਾਇਦਾ

ਭੀੜ-ਭਾੜ ਵਾਲੀ ਜਗ੍ਹਾ ’ਤੇ ਵੀ ਇਹ ਕੰਮ ਆ ਸਕਦੇ ਹਨ। ਅਜਿਹੀਆਂ ਥਾਵਾਂ ’ਤੇ ਕਾਰ ਜਾਂ ਦੋ ਪਹੀਆਂ ਵਾਲਾ ਵਾਹਨ ਲੈਣ ਜਾਣ ’ਤੇ ਉਸਦੀ ਪਾਰਕਿੰਗ ਦੀ ਸਮੱਸਿਆ ਵੀ ਆਉਂਦੀ ਹੈ ਅਤੇ ਇਹ ਟ੍ਰੈਫਿਕ ਜਾਮ ਦਾ ਅਲੱਗ ਸ਼ਿਕਾਰ ਬਣਦੇ ਹਨ। ਇਨ੍ਹਾਂ ਬੂਟਾਂ ਨੂੰ ਪਹਿਨਣ ਵਾਲੇ ਦੀ ਇਨ੍ਹਾਂ ਦੇ ਜ਼ਰੀਏ ਥੋੜ੍ਹੀ-ਬਹੁਤ ਕਸਰਤ ਵੀ ਹੋ ਜਾਂਦੀ ਹੈ, ਕਿਉਂਕ ਮੁੜਨ ਜਾਂ ਸਰੀਰਕ ਸੰਤੁਲਨ ਬਣਾਈ ਰੱਖਣ ਲਈ ਇਨ੍ਹਾਂ ਨੂੰ ਇਸਤੇਮਾਲ ਕਰਨ ਵਾਲੇ ਨੂੰ ਆਪਣੇ ਸਰੀਰ ਨੂੰ ਹਰਕਤ ਵਿੱਚ ਰੱਖਣਾ ਪੈਂਦਾ ਹੈ।

**- ਸਿੰਦਰਪਾਲ ਕੌਰ**



ਨਾਲ ਹੋਇਆ। ਉਹ ਹੋਰ ਜ਼ਿਆਦਾ ਗਰਮ ਅਤੇ ਠੋਸ ਹੋ ਗਿਆ।

ਆਸਟ੍ਰੇਲੀਆ ਦੀ ਯੂਨੀਵਰਸਿਟੀ ਆਫ਼ ਸਿਡਨੀ ਦੇ ਪ੍ਰੋਫੈਸਰ ਟਿਮ ਬੇਡਿੰਗ ਦਾ ਕਹਿਣਾ ਹੈ ਕਿ ਟੀਮ ਨੇ ਨਾਸਾ ਦੇ ਕੈਪਲਰ ਸਪੇਸ ਟੈਲੀਸਕੋਪ ਦੀ ਮੱਦਦ ਨਾਲ ਰੇਡ ਜੈਂਟ ਦੇ ਅੰਦਰ ਝਾਕਿਆ। ਇਸ ਟੀਮ ਦੀ ਅਗਵਾਈ ਕਰਨ ਵਾਲੇ ਪਾਲ ਬੇਕ ਦਾ ਕਹਿਣਾ ਹੈ ਕਿ ਅਸੀਂ ਇਨ੍ਹਾਂ ਤਾਰਿਆਂ ਦੇ ਅੰਦਰ ਉੱਠਣ ਵਾਲੀਆਂ ਤਰੰਗਾਂ ਨੂੰ ਮਹਿਸੂਸ ਕੀਤਾ। ਇਨ੍ਹਾਂ ਤਰੰਗਾਂ ਦਾ ਕੰਪਨ ਤਾਰਿਆਂ ਦੀ ਚਮਕ ’ਚ ਹੋਣ ਵਾਲੇ ਬਦਲਾਅ ’ਤੇ ਅਸਰ ਪਾ ਰਿਹਾ ਸੀ। ਪਰ ਇਹ ਬਦਲਾਅ ਇੰਨਾ ਮਾਮੂਲੀ ਸੀ ਕਿ ਇਹ ਟੀਮ ਪੂਰੇ ਦੋ ਸਾਲ ਤੱਕ ਅੰਕੜੇ ਜੁਟਾਉਣ ਤੋਂ ਬਾਅਦ ਇਸ ਨਤੀਜੇ ’ਤੇ ਪਹੁੰਚੀ ਹੈ।

## * ਮਿਲੇ ਹੁਣ ਤੱਕ ਦੇ ਸਭ ਤੋਂ ਵੱਡੇ ਬਲੈਕ ਹੋਲ

ਵਿਗਿਆਨਕਾਂ ਨੇ ਹੁਣ ਤੱਕ ਦੇ ਸਭ ਤੋਂ ਵੱਡੇ ਸਾਈਜ ਦੇ ਬਲੈਕ ਹੋਲਾਂ ਦਾ ਪਤਾ ਲਗਾਇਆ ਹੈ। ਇਹ ਅਕਾਰ ’ਚ ਸਾਡੇ ਸੂਰਜ ਤੋਂ ਵੀ 10 ਅਰਬ ਗੁਣਾ ਵੱਡੇ ਹਨ। ਬਲੈਕ ਹੋਲ ਪੁਲਾੜ ’ਚ ਮੌਜੂਦ ਉਹ ਇਲਾਕੇ ਹਨ ਜਿਨ੍ਹਾਂ ਇੰਨੀ ਜ਼ਿਆਦਾ ਗੁਰੂਤਵਾ ਖਿੱਚ ਹੁੰਦੀ ਹੈ ਕਿ ਪ੍ਰਕਾਸ਼ ਦੀ ਕਿਰਣ ਵੀ ਉਨ੍ਹਾਂ ਦੇ ਅੰਦਰੋਂ ਬਚਕੇ ਨਹੀਂ ਨਿਕਲ ਸਕਦੀ ਹੈ।



ਅਮਰੀਕਾ ਦੀ ਕੈਲੀਫੋਰਨੀਆ ਯੂਨੀਵਰਸਿਟੀ ਦੇ ਵਿਗਿਆਨਕਾਂ ਦੀ ਅਗਵਾਈ ਵਾਲੀ ਟੀਮ ਨੇ 30 ਕਰੋੜ ਪ੍ਰਕਾਸ਼ ਸਾਲ ਦੂਰ ਮੌਜੂਦ ਅਕਾਸ਼ਗੰਗਾ ’ਚ ਇੰਨੀ ਖੋਜ ਕੀਤੀ ਹੈ। ਬ੍ਰਹਿਮੰਡ ਦੇ ਲਿਹਾਜ ਨਾਲ ਦੇਖਿਆ ਜਾਵੇ ਤਾਂ ਇਹ ਦੂਰੀ ਕਾਫ਼ੀ ਘੱਟ ਹੈ। ਇਸ ਤੋਂ ਪਹਿਲਾਂ ਮਿਲਿਆ ਬਲੈਕ ਹੋਲ ਸਾਡੇ ਸੂਰਜ ਤੋਂ ਛੇ ਅਰਬ ਗੁਣਾ ਵੱਡਾ ਦੱਸਿਆ ਗਿਆ ਸੀ। ਸਾਇੰਸ ਮੈਗਜੀਨ ਨੇਚਰ ’ਚ ਛਪੀ ਰਿਸਰਚ ’ਚ ਕਿਹਾ ਗਿਆ ਹੈ ਕਿ ਇਹ ਬਲੈਕ ਹੋਲ ਉਨ੍ਹਾਂ ਸਰਕਲਾਂ ਨਾਲ ਬਣੇ ਹੋਣਗੇ ਜਿਨ੍ਹਾਂ ਦਾ ਖੁਦ ਦਾ

ਨਿਰਮਾਣ ਬ੍ਰਹਿਮੰਡ ਦੀ ਉਤਪਤੀ ਦੇ ਸਮੇਂ ਹੋਣ ਵਾਲੇ ਬਿਗ ਬੈਂਗ ’ਚ ਹੋਇਆ ਹੋਵੇਗਾ।

ਇਨ੍ਹਾਂ ਦਾ ਭਾਰ ਘੱਟ ਉਮਰ ਦੇ ਕ੍ਵਾਸਰ ਦੇ ਬਰਾਬਰ ਹੈ। ਕ੍ਵਾਸਰ ਪੁਲਾੜ ’ਚ ਮੌਜੂਦ ਅਜਿਹੇ ਇਲਾਕੇ ਹਨ ਜੋ ਅਕਾਸ਼ ਗੰਗਾ ਨਾਲ ਮਿਲਦੇ ਜੁਲਦੇ ਹਨ ਪਰ ਉਨ੍ਹਾਂ ’ਚੋਂ ਬਹੁਤ ਜ਼ਿਆਦਾ ਮਾਤਰਾ ’ਚ ਰੇਡੀਏਸ਼ਨਲ ਨਿਕਲਦਾ ਹੈ। ਵਿਗਿਆਨਕਾਂ ਨੇ ਇਨ੍ਹਾਂ ਬਲੈਕ ਹੋਲਾਂ ਨੂੰ ਲੱਭਣ ਵਿੱਚ ਧਰਤੀ ’ਤੇ ਤਾਇਨਾਤ ਦੂਰਬੀਨਾਂ ਦੇ ਨਾਲ ਨਾਲ ਪੁਲਾੜ ’ਚ ਸਥਿਤ ਹਬਲ ਦੂਰਬੀਨ ਅਤੇ ਟੈਕਸਾਸ ’ਚ ਲੱਗੇ ਸੁਪਰ ਕੰਪਿਊਟਰ ਦਾ ਵੀ ਇਸਤੇਮਾਲ ਕੀਤਾ ਹੈ।

### * ਮੋੜ ਕੇ ਰੱਖ ਸਕੋਗੇ ਟੀਵੀ

ਵਿਗਿਆਨਕਾਂ ਨੇ ਕਵਾਂਟਮ ਡਾਟ ਤਕਨੀਕ ਵਿਕਸਿਤ ਕੀਤੀ ਹੈ, ਜਿਸਦੀ ਮਦਦ ਨਾਲ ਲਚਕੀਲੇ ਟੀ ਵੀ ਸਕਰੀਨ ਬਣਾਏ ਜਾ ਸਕਣਗੇ। ਹੁਣ ਤੁਸੀਂ 3-ਡੀ ਟੀ ਵੀ ਨੂੰ ਭੁੱਲ ਜਾਓਗੇ। ਵਿਗਿਆਨਕਾਂ ਨੇ ਪ੍ਰਕਾਸ਼ ਛੱਡਣ ਵਾਲੇ ਅਜਿਹੇ ਕ੍ਰਿਸਟਲ ਤਿਆਰ ਕੀਤੇ ਹਨ, ਜਿਨ੍ਹਾਂ ਦੀ ਮਦਦ ਨਾਲ ਬੇਹੱਦ ਪਤਲੇ ਟੀ. ਵੀ. ਸਕਰੀਨ ਬਣਾਉਣਾ ਸੰਭਵ ਹੋਵੇਗਾ। ਇਨ੍ਹਾਂ ਕ੍ਰਿਸਟਲਾਂ ਨੂੰ ਕਵਾਂਟਮ ਕਯੂਡੀ ਨਾਮ ਦਿੱਤਾ ਗਿਆ ਹੈ।

ਕੀ ਹੈ ਕਵਾਂਟਸ ਡਾਟ : ਕਵਾਂਟਸ ਡਾਟ ਰੂਪੀ ਕ੍ਰਿਸਟਲ ਦਾ ਆਕਾਰ ਸਾਡੇ ਇੱਕ ਬਾਲ ਦੇ ਇੱਕ ਲੱਖਵੇਂ ਹਿੱਸੇ ਦੇ ਬਰਾਬਰ ਹੈ। ਇਨ੍ਹਾਂ ਨੂੰ ਬੇਹੱਦ ਸਸਤੇ ਸੇਮੀ-ਕੰਡਕਟਰ ਮਟੀਰੀਅਲ ਨਾਲ ਬਣਾਇਆ ਗਿਆ ਹੈ। ਜੋ ਅਲਟ੍ਰਾਵਾਇਲਟ ਜਾਂ ਬਿਜਲੀ ਦੇ ਸੰਪਰਕ ਵਿੱਚ ਆਉਣ ’ਤੇ ਪ੍ਰਕਾਸ਼ ਛੱਡਦੇ ਹਨ।

ਸਕਰੀਨਾਂ ਬਣਨਗੀਆਂ : ਵਿਗਿਆਨਕਾਂ ਨੇ ਬੇਹੱਦ ਲਚਕੀਲੇ ਪਲਾਸਟਿਕ ਸੀਟ ’ਤੇ ਇਨ੍ਹਾਂ ਨੂੰ ਪ੍ਰਿੰਟ ਕਰਕੇ ਇੱਕ ਬੇਹੱਦ ਪਤਲਾ ਡਿਸਪਲੇ ਬੋਰਡ ਬਣਾਉਣ ਵਿੱਚ ਸਫਲਤਾ ਪ੍ਰਾਪਤ ਕੀਤੀ ਹੈ। ਇਹ ਡਿਸਪਲੇ ਬੋਰਡ ਹੀ ਇੱਕ ਸਕਰੀਨ ਦੀ ਤਰ੍ਹਾਂ ਕੰਮ ਕਰੇਗਾ। ਲਚਕੀਲੀ ਪਲਾਸਟਿਕ ਨਾਲ ਬਣੇ ਹੋਣ ਦੇ ਕਾਰਨ ਇਸ ਨੂੰ ਕਿਸੇ ਵੀ ਆਕਾਰ ਵਿੱਚ ਨਾ ਹੀ ਸਿਰਫ਼ ਢਾਲਿਆ ਜਾ ਸਕੇਗਾ ਬਲਕਿ ਮੋੜ ਕੇ ਕਿਤੇ ਵੀ ਰੱਖਿਆ ਜਾ ਸਕੇਗਾ।

ਕਦੋਂ ਤੱਕ ਆਉਣਗੇ : ਵਿਗਿਆਨਕਾਂ ਨੂੰ ਉਮੀਦ ਹੈ ਕਿ ਕਵਾਂਟਮ ਡੋਟ ਟੀ. ਵੀ. ਸੈਟ ਅਗਲੇ ਸਾਲ ਦੇ ਅੰਤ ਤੱਕ ਬਾਜ਼ਾਰ ਵਿੱਚ ਹੋਣਗੇ। ਹਾਲਾਂਕਿ ਇਨ੍ਹਾਂ ਦੇ ਲਚਕੀਲੇ ਮਾਡਲ ਨੂੰ ਆਉਣ ਵਿੱਚ ਅਜੇ ਕੁਝ ਸਾਲ ਹੋਰ ਲੱਗ ਜਾਣਗੇ।




# ਵਿਗਿਆਨ ਜੋਤ

**ਨੂੰ ਘਰ ਘਰ ਪਹੁੰਚਾਉਣ ਲਈ**
**ਇੱਕ ਵਿਸ਼ੇਸ਼ ਸਕੀਮ ਸ਼ੁਰੂ ਕੀਤੀ ਗਈ ਹੈ।**

‘ਵਿਗਿਆਨ ਜੋਤ’ ਦੀ ਦੋ ਸਾਲਾਂ ਦੀ ਮੈਂਬਰਸ਼ਿਪ 150 ਰੁਪਏ ਹੈ। ਜਿਹੜਾ ਸਹਿਯੋਗੀ ਇਸਦੇ ਨਵੇਂ ਪਾਠਕ ਬਣਾਏਗਾ ਉਹਨਾਂ ਨੂੰ ਹੇਠ ਲਿਖੇ ਇਨਾਮ ਦਿੱਤੇ ਜਾਣਗੇ।

**ਪੰਜ ਪਾਠਕ** ਬਣਾਉਣ ਵਾਲੇ ਨੂੰ
70 ਰੁਪਏ ਮੁੱਲ ਦੀਆਂ ਕਿਤਾਬਾਂ
ਇਨਾਮ ਵਜੋਂ ਭੇਜੀਆਂ ਜਾਣਗੀਆਂ।

**ਦਸ ਪਾਠਕ** ਬਣਾਉਣ ਵਾਲੇ ਨੂੰ
160 ਰੁਪਏ ਮੁੱਲ ਦੀਆਂ ਕਿਤਾਬਾਂ
ਇਨਾਮ ਵਜੋਂ ਭੇਜੀਆਂ ਜਾਣਗੀਆਂ।

**ਵੀਹ ਪਾਠਕ** ਬਣਾਉਣ ਵਾਲੇ ਨੂੰ
340 ਰੁਪਏ ਮੁੱਲ ਦੀਆਂ ਕਿਤਾਬਾਂ
ਇਨਾਮ ਵਜੋਂ ਭੇਜੀਆਂ ਜਾਣਗੀਆਂ।

**ਪੰਜਾਹ ਪਾਠਕ** ਬਣਾਉਣ ਵਾਲੇ ਨੂੰ
1000 ਰੁਪਏ ਮੁੱਲ ਦੀਆਂ ਕਿਤਾਬਾਂ
ਅਤੇ ਇੱਕ ਪ੍ਰਸ਼ੰਸਾ ਪੱਤਰ
ਇਨਾਮ ਵਜੋਂ ਭੇਜੇ ਜਾਣਗੇ।

ਪਾਠਕਾਂ ਦੀ ਇਕੱਠੀ ਲਿਸਟ ਪੂਰੇ ਪਤਿਆਂ ਅਤੇ ਬੈਂਕ ਡਰਾਫਟ ਸਮੇਤ ਹੇਠ ਲਿਖੇ ਪਤੇ ਤੇ ਭੇਜੀ ਜਾਵੇ :

**ਅਮਿੱਤ ਮਿੱਤਰ**
ਤਰਕਸ਼ੀਲ ਨਿਵਾਸ, ਕੱਚਾ ਕਾਲਜ ਰੋਡ,
ਬਰਨਾਲਾ - 148101 (ਪੰਜਾਬ)

**ਨੋਟ** ✪ ਇਨਾਮ ਵਿਚਲੀਆਂ ਕਿਤਾਬਾਂ ਤੁਹਾਡੀ ਚੋਣ ਅਨੁਸਾਰ ਮੈਗਜ਼ੀਨ ਵਿੱਚ ਛਪੀ ਲਿਸਟ, ਸਿਰਫ਼ ਤਰਕਭਾਰਤੀ ਪ੍ਰਕਾਸ਼ਨ ਜਾਂ ਵਿਸ਼ਵਭਾਰਤੀ ਪ੍ਰਕਾਸ਼ਨ ਵਿੱਚੋਂ ਜੋ ਉਪਲੱਬਧ ਹੋਣਗੀਆਂ ਹੀ ਮਿਲਣਗੀਆਂ।
✪ ਕਿਤਾਬਾਂ ਨੂੰ ਭੇਜਣ ਦਾ ਡਾਕ ਖਰਚ ਅਦਾਰਾ ‘ਵਿਗਿਆਨ ਜੋਤ’ ਦਾ ਹੋਵੇਗਾ।
✪ ਸਾਰੇ ਚੰਦੇ ਇੱਕੋ ਵੇਲੇ ਹੀ ਭੇਜੇ ਜਾਣ।

# ਯਾਦਾਂ ਦੇ ਝਰੋਖੇ 'ਚੋਂ

**ਮੇਘ ਰਾਜ ਮਿੱਤਰ**



## *ਕ੍ਰਿਸਟੋਫਰ ਹਿਚਨਜ*

ਮੈਨੂੰ ਸਰੀ ਤੋਂ ਫੋਨ ਆਇਆ। ਬੋਲਣ ਵਾਲਾ ਮੇਰਾ ਜਾਣਕਾਰ ਗੁਰਪ੍ਰੀਤ ਸੀ। ਉਹ ਕਹਿਣ ਲੱਗਿਆ ਕ੍ਰਿਸਟੋਫਰ ਹਿਚਨਜ ਵਿਦਾ ਹੋ ਗਿਆ ਹੈ। ਤੁਸੀਂ ਉਸ ਬਾਰੇ ਰੇਡੀਓ ਤੇ ਕੁਝ ਬੋਲਣਾ ਚਾਹੋਗੇ। ਮੈਂ ਉਸਦੀ ਬੇਨਤੀ ਸਵੀਕਾਰ ਕਰ ਲਈ। ਕ੍ਰਿਸਟੋਫਰ ਹਿਚਨਜ ਉਹ ਵਿਅਕਤੀ ਸੀ ਜਿਸ ਨੇ ਪ੍ਰਮਾਤਮਾ, ਧਰਮ, ਧਾਰਮਿਕ ਵਿਅਕਤੀਆਂ ਦਾ ਸਾਰੀ ਜ਼ਿੰਦਗੀ ਡਟ ਕੇ ਵਿਰੋਧ ਕੀਤਾ। ਸਮਝੌਤਾ ਸ਼ਬਦ ਤਾਂ ਉਸਦੀ ਡਿਕਸ਼ਨਰੀ ਵਿੱਚ ਦਰਜ ਹੀ ਨਹੀਂ ਸੀ। ਮੈਂ ਉਸਦੇ ਲੇਖ ਅਕਸਰ ਅਮਰੀਕਨ ਮੈਗਜ਼ੀਨਾਂ ਵਿੱਚ ਪੜ੍ਹਦਾ ਰਹਿੰਦਾ ਸੀ। ਉਸ ਅਨੁਸਾਰ ਧਰਮ ਵਿਗਿਆਨਕ ਤਰੱਕੀ ਦੇ ਰਾਹ ਵਿੱਚ ਇੱਕ ਰੋੜਾ ਹੀ ਹੈ। ਧਰਮ, ਮਨੁੱਖ ਦੀ ਨਿੱਜੀ ਆਜ਼ਾਦੀ ਨੂੰ ਰੋਕ ਕੇ ਉਸਦੀ ਅੱਗੇ ਵਧਣ ਦੀ ਸੰਭਾਵਨਾ ਨੂੰ ਢਾਹ ਲਾਉਂਦਾ ਹੈ।

ਜ਼ਿਆਦਾ ਸਿਗਰਟਾਂ ਪੀਣ ਦੀ ਲੱਤ ਅਤੇ ਦਾਰੂ ਦੀ ਆਦਤ ਕਾਰਨ ਉਸਨੂੰ ਸਾਹ ਨਾਲੀ ਦਾ ਕੈਂਸਰ ਹੋ ਗਿਆ ਤੇ ਉਹ 62 ਸਾਲ ਦੀ ਉਮਰ ਵਿੱਚ ਸਾਡੇ ਕਾਫਲੇ ਨੂੰ ਇਸੇ ਸਾਲ ਪੰਦਰਾ ਦਸੰਬਰ ਨੂੰ ਸਦੀਵੀ ਵਿਛੋੜਾ ਦੇ ਗਿਆ।

ਉਸਨੇ ਆਪਣੀ ਜ਼ਿੰਦਗੀ ਵਿੱਚ ਬਹੁਤ ਸਾਰੀਆਂ ਪੁਸਤਕਾਂ ਤੇ ਸੀਰੀਅਲ ਲੋਕਾਂ ਨੂੰ ਦਿੱਤੇ। ਉਸਦੀਆਂ ਦਲੀਲਾਂ ਵਿੱਚ ਐਨਾ ਵਜਨ ਸੀ ਕਿ ਕੋਈ ਵੀ ਧਾਰਮਿਕ ਸ਼ਖ਼ਸੀਅਤ ਉਸਦੇ ਸਾਹਮਣੇ ਬੌਨੀ ਹੀ ਨਜ਼ਰ ਆਉਂਦੀ ਸੀ। ਪਿਛਲੇ ਸਾਲ ਹੀ ਉਸਦੀ ਇੰਗਲੈਂਡ ਦੇ ਸਾਬਕਾ ਪ੍ਰਧਾਨ ਮੰਤਰੀ ਟੋਨੀ ਬਲੇਅਰ ਨਾਲ ਟਰਾਂਟੋ ਦੇ ਇੱਕ ਟੈਲੀਵੀਜ਼ਨ ਚੈਨਲ ਤੇ ਬਹਿਸ ਹੋਈ ਸੀ। 68% ਦਰਸ਼ਕਾਂ ਨੇ ਹਿਚਨਜ ਨੂੰ ਹੀ ਜੇਤੂ ਕਰਾਰ ਦਿੱਤਾ। ਉਸਨੇ ਆਪਣੀ ਪ੍ਰਸਿੱਧ ਕਿਤਾਬ 'God is not great' ਵਿੱਚ ਖੁਮੈਨੀ ਦੁਆਰਾ ਸਲਮਾਨ ਰਸ਼ਦੀ ਦੇ ਵਿਰੁੱਧ ਜਾਰੀ ਕੀਤੇ ਮੌਤ ਦੇ ਫਤਵੇ ਨੂੰ ਨਜਾਇਜ ਠਹਿਰਾਇਆ। ਉਸਨੇ 11 ਸਤੰਬਰ ਨੂੰ ਅਮਰੀਕਨ ਟਾਵਰਾਂ ਤੇ ਕੀਤੇ ਹਮਲੇ ਦੀ ਕਰੜੇ ਸ਼ਬਦਾਂ ਵਿੱਚ ਨੁਕਤਾਚੀਨੀ ਕੀਤੀ। ਉਸ ਅਨੁਸਾਰ ਧਰਮ ਤੇ ਧਾਰਮਿਕ ਵਿਅਕਤੀ ਨਾ ਤਾਂ ਸ਼ਹਿਨਸ਼ੀਲ ਹੁੰਦੇ ਹਨ ਨਾ ਹੀ ਉਹਨਾਂ ਦੀ ਕਿਸੇ ਦਲੀਲ ਵਿੱਚ ਵਜਨ ਹੁੰਦਾ ਹੈ। ਉਹ ਸਮਾਜ ਨੂੰ ਪਿੱਛੇ ਖਿੱਚ ਕੇ ਕਬੀਲਾਂ ਯੁੱਗ ਵਿੱਚ ਲਿਜਾਣ ਦੇ ਇਛੁੱਕ ਹੁੰਦੇ ਹਨ ਤੇ ਇਸ ਲਈ ਉਹ ਜਥੇਬੰਦਕ ਢੰਗਾਂ ਨਾਲ ਦੰਗਿਆਂ ਵਿੱਚ ਲੱਖਾਂ ਵਿਅਕਤੀਆਂ ਨੂੰ ਕਤਲ ਕਰਵਾ ਦਿੰਦੇ ਹਨ। ਆਪਣੀ ਜਵਾਨੀ ਵਿੱਚ ਉਹ ਵਧੀਆ ਖੱਬੀ ਸੋਚ ਦਾ ਮਾਲਕ ਸੀ ਪਰ ਦੋ ਦਹਾਕੇ ਪਹਿਲਾਂ ਉਸਨੇ ਸੱਜੇ ਪੱਖੀ ਹੋਣ ਦਾ ਐਲਾਨ ਕਰ ਦਿੱਤਾ ਸੀ। ਪਰ ਉਸਨੇ ਨਾਸਤਿਕਤਾ ਪ੍ਰਤੀ ਆਪਣੀ ਵਚਨਬੱਧਤਾਂ ਨੂੰ ਆਪਣੇ ਅਖੀਰਲੇ ਸਾਹ ਤੱਕ ਡੋਲਣ ਨਹੀਂ ਦਿੱਤਾ।

## *ਹਿੱਗਜ ਪਾਰਟੀਕਲ*

ਵਿਗਿਆਨਕਾਂ ਨੇ ਦਾਅਵਾ ਕੀਤਾ ਹੈ ਕਿ ਉਹ ਇਸ ਗੱਲ ਦਾ ਜੁਆਬ ਲੱਭਣ ਦੇ ਬਹੁਤ ਨੇੜੇ ਪੁੱਜ ਗਏ ਹਨ ਕਿ ਪਦਾਰਥ ਕਿੱਥੋਂ ਆਇਆ ਹੈ। ਅਸੀਂ ਜਾਣਦੇ ਹਾਂ ਕਿ ਦੁਨੀਆਂ ਦੀ ਹਰ ਚੀਜ਼ ਪਦਾਰਥ ਜਾਂ ਮਾਦੇ ਤੋਂ ਬਣੀ ਹੁੰਦੀ ਹੈ।

ਜੇਨੇਵਾ ਵਿਖੇ ਦੁਨੀਆਂ ਭਰ ਦੇ ਵਿਗਿਆਨਕਾਂ ਨੇ ਇਕ 24 ਕਿਲੋਮੀਟਰ ਲੰਬੀ ਸੁਰੰਗ ਬਣਾਈ ਹੋਈ ਹੈ। ਇਸ ਮਹਾਂ ਪ੍ਰਯੋਗ ਵਿੱਚ ਦੁਨੀਆਂ ਭਰ ਦੇ ਚੋਟੀ ਦੇ ਵਿਗਿਆਨਕ ਹਿੱਗਜ ਪਾਰਟੀਕਲ ਨੂੰ ਲੱਭਣ ਲਈ ਯਤਨਸ਼ੀਲ ਹਨ। ਵਿਗਿਆਨਕਾਂ ਨੇ ਦਾਅਵਾ ਕੀਤਾ ਹੈ ਕਿ ਉਹ ਪਦਾਰਥ ਦੇ ਜਨਮਦਾਤਾ ਹਿੱਗਜ ਨੂੰ ਲੱਭਣ ਦੇ ਨੇੜੇ ਪੁੱਜ ਗਏ ਹਨ। ਉਨ੍ਹਾਂ ਨੇ ਇਸ ਸਬੰਧੀ ਦੋ ਪ੍ਰਯੋਗ ਕੀਤੇ ਹਨ। ਦੋਵੇਂ ਪ੍ਰਯੋਗਾਂ ਦੇ ਨਤੀਜਿਆਂ ਵਿੱਚ ਫਰਕ ਸਿਰਫ਼ 1% ਤੋਂ ਵੀ ਘੱਟ ਰਹਿ ਗਿਆ ਹੈ। ਜਾਣੀ ਕਿ 99% ਤੋਂ ਉੱਪਰ ਉਨ੍ਹਾਂ ਦੇ ਨਤੀਜੇ ਮਿਲ ਗਏ ਹਨ। ਪਰ 100%



ਜੁਆਬ ਚਾਹੁੰਦੀ ਹੈ। ਕੁਝ ਮਹੀਨਿਆਂ ਵਿੱਚ ਹੀ ਇਸਦੇ ਮਿਲ ਜਾਣ ਦੀ ਸੰਭਾਵਨਾ ਹੈ।

ਪੰਜਾਹ ਸਾਲ ਪਹਿਲਾ ਈਡਨ ਵਰਗ ਯੂਨੀਵਰਸਿਟੀ ਦੇ ਨੌਜਵਾਨ ਵਿਗਿਆਨਕ ਪੀਟਰ ਹਿੱਗਜ ਨੇ ਇਹ ਦਾਅਵਾ ਕੀਤਾ ਸੀ ਸਮੁੱਚਾ ਪਦਾਰਥ ਹਿੱਗ ਤੋਂ ਬਣਿਆ ਹੈ। ਅਧਿਆਤਮਵਾਦੀਆਂ ਨੇ ਇਸ ਪਦਾਰਥ ਨੂੰ ਗਾਡ ਪਾਰਟੀਕਲ ਹੀ ਕਹਿਣਾ ਸ਼ੁਰੂ ਕਰ ਦਿੱਤਾ ਕਿਉਂਕਿ ਇਸ ਪਾਰਟੀਕਲ ਬਾਰੇ ਵਿਗਿਆਨਕਾਂ ਕੋਲ ਕੋਈ ਜਾਣਕਾਰੀ ਨਹੀਂ ਸੀ।

ਵਿਗਿਆਨਕਾਂ ਨੇ ਹਿੱਗਜ ਪਾਰਟੀਕਲ ਨੂੰ ਪੈਦਾ ਕਰਨ ਲਈ ਲਾਰਜ ਹੈਡਰਾਨ ਕੋਲਾਈਡਰ ਵਿੱਚ ਐਟਮ ਦੇ ਇੱਕ ਭਾਗ ਪ੍ਰੋਟਾਨਾਂ ਨੂੰ ਪ੍ਰਕਾਸ਼ ਦੀ ਗਤੀ ਦੇ ਲੱਗਭੱਗ ਗਤੀ ਦੇ ਕੇ ਟਕਰਾਇਆ। ਬਿਗਬੈਂਗ ਵੇਲੇ ਦੀਆਂ ਸਾਰੀਆਂ ਹਾਲਤਾਂ ਪੈਦਾ ਕੀਤੀਆਂ ਤਾਂ ਹਿੱਗਜ ਪਾਰਟੀਕਲ ਬਣ ਗਏ।

ਯਾਦ ਰਹੇ ਕਿ ਸਾਰੇ ਪਦਾਰਥ ਐਟਮਾਂ ਦੇ ਬਣੇ ਹੁੰਦੇ ਹਨ ਐਟਮ ਦੇ ਤਿੰਨ ਭਾਗ ਪ੍ਰੋਟਾਨ, ਨਿਊਟ੍ਰਾਨ ਤੇ ਇਲੈਕਟ੍ਰਾਨ ਹੁੰਦੇ ਹਨ। ਪ੍ਰੋਟਾਨ ਵਿੱਚ ਕੁਆਰਕ ਤੇ ਗਲੂਆਨ ਹੁੰਦੇ ਹਨ। ਕੁਆਰਕਾਂ ਅਤੇ ਗਲੂਆਨ ਦੇ ਟਕਰਾਅ ਨਾਲ ਹੀ ਹਿੱਗਜ ਪਾਰਟੀਕਲ ਪੈਦਾ ਹੋਏ। ਹਿੱਗਜ ਪਾਰਟੀਕਲ ਦਾ ਭਾਰ ਪ੍ਰੋਟਾਨ ਤੋਂ 100 ਤੋਂ 200 ਗੁਣਾ ਤੱਕ ਹੁੰਦਾ ਹੈ ਅਤੇ ਇਸਦੀ ਹੋਂਦ ਇੱਕ ਸੈਕਿੰਡ ਦੇ ਦਸ ਲੱਖ ਅਰਬ ਦੇ ਭਾਗ ਤੋਂ ਅਰਬਾਂ ਗੁਣਾ ਘੱਟ ਸਮੇਂ ਲਈ ਹੁੰਦੀ ਹੈ।

ਉਮੀਦ ਹੈ ਕਿ ਦੋ ਚਾਰ ਮਹੀਨੇ ਵਿੱਚ ਬ੍ਰਹਿਮੰਡ ਵਿੱਚ ਮੌਜੂਦ ਡਾਰਕਮੈਟਰ, ਗਲੈਕਸੀਆਂ, ਦੇ ਇੱਕ ਦੂਜੇ ਨਾਲ ਟਕਰਾਉਣ, ਪੈਦਾਇਸਾਂ ਤੇ ਬ੍ਰਹਿਮੰਡ ਦੀ ਉਤਪਤੀ ਦੇ ਸੁਆਲ ਦਿਨ ਦੇ ਚਾਨਣ ਵਾਂਗ ਸਾਡੇ ਸਾਹਮਣੇ ਖੁੱਲ੍ਹ ਜਾਣਗੇ।

## *ਆਕਸੀਜਨ ਦੀ ਅਣਹੋਂਦ ਨੇ ਲਈਆਂ ਚਾਰ ਜਾਨਾਂ*

ਕਾਹਨੂੰਵਾਲ ਵਿਖੇ ਇੱਕ ਸੈੱਲਰ ਵਿੱਚ ਕੰਮ ਕਰਦੇ ਵਿਅਕਤੀ ਨੇ ਉਥੇ ਹੀ ਕਮਰੇ ਵਿੱਚ ਆਪਣੀ ਰਿਹਾਇਸ਼ ਰੱਖੀ ਹੋਈ ਸੀ। ਰਾਤੀਂ ਉਹ, ਉਸਦੀ ਪਤਨੀ, ਧੀ ਤੇ ਸਾਲਾ ਚਾਰੇ ਜਾਣੇ ਕਮਰੇ ਵਿੱਚ ਸੌ ਗਏ। ਸੋਣ ਸਮੇਂ ਉਨ੍ਹਾਂ ਨੇ ਇੱਕ ਬੱਠਲ ਵਿੱਚ ਅੱਗ ਮਚਾ ਲਈ। ਸਵੇਰ ਨੂੰ ਇਹ ਚਾਰੇ ਵਿਅਕਤੀ ਮਰ ਗਏ। ਅਸਲ ਵਿੱਚ ਕਾਰਨ ਇਹ ਸੀ ਕਿ ਉਨ੍ਹਾਂ ਨੇ ਆਪਣੇ ਕਮਰੇ ਨੂੰ ਇਸ ਢੰਗ ਨਾਲ ਬੰਦ ਕੀਤਾ ਹੋਇਆ ਸੀ ਕਿ ਉਸ ਵਿੱਚ ਤਾਜ਼ੀ ਹਵਾ ਨਾ ਆ ਸਕੇ। ਬਲਦੀ ਹੋਈ ਅੱਗ ਨੇ ਕਮਰੇ ਦੀ ਸਾਰੀ ਆਕਸੀਜਨ ਖਤਮ ਕਰ ਦਿੱਤੀ। ਸਿੱਟੇ ਵਜੋਂ ਆਕਸੀਜਨ ਦੀ ਅਣਹੋਂਦ ਨੇ ਚਾਰੇ ਵਿਅਕਤੀਆਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਆਮ ਲੋਕਾਂ ਨੂੰ ਅਜਿਹੀਆਂ ਘਟਨਾਵਾਂ ਤੋਂ ਸਬਕ ਸਿੱਖਣਾ ਚਾਹੀਦਾ ਹੈ।

## *ਵੀਜਾ ਭਗਵਾਨ*

9 ਦਸੰਬਰ ਨੂੰ ਮੇਰੀ ਰੇਡੀਓ 'ਤੇ ਤਰਕਸ਼ੀਲਤਾ ਸਬੰਧੀ ਇੱਕ ਗੱਲਬਾਤ ਚੱਲ ਰਹੀ ਸੀ। ਰੇਡੀਓ ਹੋਸਟ ਟਿਵਾਣਾ ਜੀ ਦੱਸਣ ਲੱਗੇ ਕਿ ਪਹਿਲਾ ਉਹ ਧਾਰਮਿਕ ਵਿਅਕਤੀ ਸਨ। ਇਸ ਲਈ ਉਨ੍ਹਾਂ ਨੇ ਕਿਸੇ ਸੰਤ ਨੂੰ ਕੈਨੇਡਾ ਲਿਜਾਣ ਲਈ ਯਤਨ ਕੀਤੇ। ਜਦੋਂ ਸੰਤ ਜੀ ਦੇ ਕਾਗਜਾਤ ਪੂਰੇ ਕਰਕੇ ਅਸੀਂ ਦਿੱਲੀ ਅੰਬੈਂਸੀ ਵਿੱਚ ਗਏ ਤਾਂ ਦੋ ਵਾਰ ਉਨ੍ਹਾਂ ਨੇ ਸੰਤ ਜੀ ਨੂੰ ਵੀਜਾ ਇਨਕਾਰ ਕਰ ਦਿੱਤਾ। ਹਰ ਵਾਰ ਜਦੋਂ ਅਸੀਂ ਨਿਰਾਸ਼ ਹੋ ਕੇ ਸੰਤ ਜੀ ਦੇ ਡੇਰੇ ਤੇ ਪੁੱਜਿਆ ਕਰੀਏ ਤਾਂ ਦਸ ਵੀਹ ਇਸਤਰੀਆਂ ਆਪਣੇ ਪੁੱਤਰ ਧੀ ਦਾ ਵੀਜਾ ਲਵਾਉਣ ਲਈ ਸੰਤਾਂ ਦੀ ਚੌਂਕੀ ਭਰਿਆ ਕਰਨ। ਕਈਆਂ ਨੂੰ ਤਾਂ ਅਸੀਂ ਇਹ ਸਮਝਾਉਣ ਦੇ ਯਤਨ ਵੀ ਕੀਤੇ ਕਿ ਸੰਤਾਂ ਨੂੰ ਤਾਂ ਆਪ ਵੀਜਾ ਨਹੀਂ ਮਿਲਿਆ ਤੁਹਾਨੂੰ ਕਿੱਥੋਂ ਮਿਲ ਜਾਵੇਗਾ?

## *ਉਟਾਕਨ ਦੇ ਬੀਜ*

ਬਹੁਤ ਸਾਰੇ ਸੰਤ ਤੇ ਨੀਮ ਹਕੀਮ ਲੋਕਾਂ ਨੂੰ ਦੰਦਾਂ ਵਿੱਚੋਂ ਨਿਕਲੇ ਅਜਿਹੇ ਕੀੜੇ ਵਿਖਾ ਕੇ ਠੱਗਦੇ ਹਨ ਜਿਨ੍ਹਾਂ ਦੇ ਖੰਭ ਤੇ ਟੰਗਾਂ ਨਜ਼ਰ ਆਉਂਦੇ ਹਨ। ਇੰਝ ਪ੍ਰਤੀਤ ਹੁੰਦਾ ਜਿਵੇਂ ਉਹ ਤੁਰ ਵੀ ਰਹੇ ਹੋਣ। ਅਸਲ ਵਿੱਚ ਇਹ ਹੋਰ ਕੁਝ ਵੀ ਨਹੀਂ ਹੁੰਦਾ ਇਹ ਉਟਾਕਨ ਦੇ ਬੀਜ ਹੁੰਦੇ ਹਨ। ਇਹ ਪਨਸਾਰੀ ਦੀਆਂ ਦੁਕਾਨਾਂ ਤੋਂ ਆਮ ਹੀ ਮਿਲ ਜਾਂਦੇ ਹਨ। ਇਨ੍ਹਾਂ ਬੀਜਾਂ ਦੀ ਖਾਸੀਅਤ ਇਹ ਹੁੰਦੀ ਹੈ ਕਿ ਪਾਣੀ ਨਾਲ ਗਿੱਲੇ ਹੋਣ ਤੇ ਇਹ ਆਪਣੇ ਕੰਡੇ ਤੇ ਖੰਭ ਬਾਹਰ ਕੱਢਣਾ ਸ਼ੁਰੂ ਕਰ ਦਿੰਦੇ ਹਨ। ਪਾਣੀ ਦੀ ਹਿੱਲਜੁੱਲ ਕਾਰਨ ਤੇ ਆਪਣੇ ਕੰਡਿਆਂ ਦੇ ਨਿਕਲਣ ਕਾਰਨ ਇਹ ਗਤੀ ਕਰਦੇ ਵੀ ਨਜ਼ਰ ਆਉਂਦੇ ਹਨ। ਕੁਝ ਦਿਨ ਪਹਿਲਾ ਸਾਡੀ ਸੁਸਾਇਟੀ ਦੇ ਸਰਗਰਮ ਬਜ਼ੁਰਗ ਆਗੂ ਆਰ. ਪੀ. ਗਾਂਧੀ ਨੂੰ ਅਜਿਹੇ ਹੀ ਇੱਕ ਸੰਤ ਦਾ ਸਾਹਮਣਾ ਕਰਨਾ ਪਿਆ ਜਿਹੜਾ ਉਪਰੋਕਤ ਬੀਜਾਂ ਨਾਲ ਹੀ ਲੋਕਾਂ ਦੀ ਲੁੱਟ ਖਸੁੱਟ ਕਰ ਰਿਹਾ ਸੀ।

## *ਜਦੋਂ ਦੀਵੇ ਨੇ ਹੀ ਇੱਕ ਨੌਜਵਾਨ ਨੂੰ ਹਜ਼ਮ ਕੀਤਾ*

ਇਹ ਘਟਨਾ ਬਰੇਟਾ ਜ਼ਿਲ੍ਹਾ ਬਠਿੰਡਾ ਦੀ ਹੈ। ਪਿਛਲੇ ਕਈ ਸਾਲਾਂ ਤੋਂ ਇਹ ਨੌਜਵਾਨ ਹਰ ਐਤਵਾਰ ਨਹਿਰ ਤੇ ਦੀਵਾ ਤੈਰਨ ਲਈ ਜਾਇਆ ਕਰਦਾ ਸੀ। ਕਿਸੇ ਜੋਤਸ਼ੀ ਨੇ ਗ੍ਰਹਿ ਟਾਲਣ ਲਈ ਉਸਨੂੰ ਇਹ ਉਪਾਅ ਦੱਸਿਆ ਸੀ। ਕ੍ਰਿਸਮਿਸ ਦੇ ਸ਼ੁਭ ਦਿਨ 'ਤੇ ਜਦੋਂ ਉਹ ਨਹਿਰ ਦੇ ਕਿਨਾਰੇ 'ਤੇ ਖੜ੍ਹਾ ਦੀਵਾ ਤਾਰ ਰਿਹਾ ਸੀ ਤਾਂ ਅਚਾਨਕ ਉਸਦਾ ਪੈਰ ਤਿਲਕ ਗਿਆ, ਤੇ ਉਹ ਨਹਿਰ ਵਿੱਚ ਰੁੜ ਗਿਆ। ਉਸ ਸਮੇਂ ਆਸ-ਪਾਸ ਕੋਈ ਵੀ ਵਿਅਕਤੀ ਉਸਨੂੰ ਬਚਾਉਣ ਵਾਲਾ ਨਹੀਂ ਸੀ। ਉਹ ਇੱਕ ਬੱਚੇ ਦਾ ਬਾਪ ਤੇ 27 ਕੁ ਵਰ੍ਹੇ ਦਾ ਇੱਕ ਵਧੀਆ ਇਨਸਾਨ ਸੀ।

## *ਸੁਪਨੇ*

ਮੇਰੇ ਬੇਟੇ ਵਿਸ਼ਾਲ ਭਾਰਤੀ ਦੀ



ਪਤਨੀ ਸੋਨੀਆ ਗੋਇਲ ਮੈਨੂੰ ਕਹਿਣ ਲੱਗੀ ਕਿ ਰਾਤੀਂ ਮੈਨੂੰ ਸੁਪਨਾ ਆਇਆ ਸੀ ਕਿ "ਨੰਨੂੰ ਦੇ ਬੇਬੀ ਇੱਕ ਦੋ ਦਿਨਾਂ ਵਿੱਚ ਹੋ ਜਾਵੇਗਾ।" ਮੈਂ ਉਸਨੂੰ ਕਿਹਾ ਕਿ ਬੇਟੇ ਸੁਪਨੇ ਵੀ ਉਨ੍ਹਾਂ ਗੱਲਾਂ ਦੇ ਅਤੇ ਉਨ੍ਹਾਂ ਮਿਤੀਆਂ ਨੂੰ ਆਉਂਦੇ ਹਨ ਜਿਨ੍ਹਾਂ ਦੇ ਹੋਣ ਦੀ ਸੰਭਾਵਨਾ ਹੁੰਦੀ ਹੈ। ਉਹ ਕਹਿਣ ਲੱਗੀ "ਇਹ ਤਾਂ ਹੈ ਹੀ।"

### *ਮੱਤ ਬੁੱਤ ਬਣ ਜਾਵੇਗਾ*

ਜੇ ਕੋਈ ਮੈਥੋਂ ਪੁੱਛੇ ਕਿ ਕੀ ਸੌਣ ਵਾਲਾ ਵਿਅਕਤੀ ਬੁੱਤ ਬਣ ਸਕਦਾ ਹੈ? ਤਾਂ ਮੇਰਾ ਜੁਆਬ ਹੋਵੇਗਾ "ਜੀ ਹਾਂ ਮਨੁੱਖੀ ਇਤਿਹਾਸ ਵਿੱਚ ਪਹਿਲਾ ਵੀ ਬਹੁਤ ਸਾਰੇ ਵਿਅਕਤੀ ਬੁੱਤ ਬਣ ਚੁੱਕੇ ਹਨ। ਇਟਲੀ ਵਿੱਚ ਜਦੋਂ ਜਵਾਲਾਮੁਖੀ ਵਾਸਲੀਅਸ ਫਟਿਆ ਸੀ ਤਾਂ ਉਸ ਵਿਚੋਂ ਨਿਕਲੀਆਂ ਗੈਸਾਂ ਤੇ ਧੂੰਏਂ ਨੇ ਉਸ ਪ੍ਰਬਤ ਦੀਆਂ ਜੜ੍ਹਾਂ ਵਿਚ ਵਸੇ ਸ਼ਹਿਰ ਦੇ ਸਮੂਹ ਵਸਨੀਕਾਂ ਨੂੰ ਨੀਂਦ ਵਿੱਚ ਹੀ ਬੇਹੋਸ਼ ਕਰਕੇ ਮੌਤ ਦੇ ਘਾਟ ਉਤਾਰ ਦਿੱਤਾ ਸੀ। ਇਸ ਤੋਂ ਬਾਅਦ ਵਹਿੰਦੇ ਹੋਏ ਲਾਵੇ ਨੇ ਉਨ੍ਹਾਂ ਦੀਆਂ ਲਾਸ਼ਾਂ ਨੂੰ ਬੁੱਤਾਂ ਵਿਚ ਬਦਲ ਦਿੱਤਾ ਸੀ। ਅੱਡ ਅੱਡ ਧਰਮਾਂ ਦੀਆਂ ਅਫ਼ਵਾਹਾਂ ਵੀ ਅਲੱਗ ਅਲੱਗ ਹੁੰਦੀਆਂ ਹਨ। ਹਿੰਦੂਆਂ ਦੇ ਮੰਦਰਾਂ ਵਿੱਚ ਮੂਰਤੀਆਂ ਦੇ ਦੁੱਧ ਪੀਣ ਜਾਂ ਰੰਗ ਬਦਲਣ ਦੀਆਂ ਅਫ਼ਵਾਹਾਂ ਹੀ ਹੁੰਦੀਆਂ ਹਨ। ਯੂ.ਪੀ. ਤੇ ਬਿਹਾਰ ਦੇ ਲੰਬੇ ਚੌੜੇ ਇਲਾਕਿਆਂ ਦੇ 10-12 ਕਰੋੜ ਲੋਕ ਦੋ ਜਨਵਰੀ ਦੀ ਰਾਤ ਸੌਂ ਨਾ ਸਕੇ। ਕਿਉਂਕਿ ਉਥੇ ਦੀ ਮਸਜਿਦਾਂ ਦੇ ਮੁੱਲੇ ਇਹ ਹੋਕਾ ਦੇ ਰਹੇ ਸਨ ਕਿ "ਸਾਰੇ ਮਰਦ ਮਸਜਿਦਾਂ ਵਿੱਚ ਜਮਾਂ ਹੋ ਜਾਓ ਇਸਤਰੀਆਂ ਘਰ ਵਿੱਚ ਰਹਿ ਕੇ ਨਮਾਜ ਪੜ੍ਹਨ।" ਇਸਦਾ ਕਾਰਨ ਇਹ ਅਫ਼ਵਾਹ ਸੀ ਕਿ ਜੋ ਵਿਅਕਤੀ ਸੌਂ ਜਾਵੇਗਾ ਉਸਦਾ ਬੁੱਤ ਬਣ ਜਾਵੇਗਾ। ਅੱਜ ਕਲ੍ਹ ਦੇ ਯੁੱਗ ਵਿੱਚ ਹਰ ਵਿਅਕਤੀ ਕੋਲ ਮੋਬਾਈਲ ਹੈ। ਹਿੰਦੂ ਬਹੁਸੰਮਤੀ ਕੋਲ ਇਹ ਕੁਝ ਸਮਾਂ ਪਹਿਲਾ ਆ ਗਿਆ ਸੀ ਇਸ ਲਈ ਮੂਰਤੀਆਂ ਦੇ ਦੁੱਧ ਪੀਣ ਦੀ ਅਫ਼ਵਾਹ ਨੂੰ ਫੈਲਾਉਣ ਸਮੇਂ ਫ਼ੋਨ ਦੀ ਵਰਤੋਂ ਖੂਬ ਕੀਤੀ ਗਈ। ਹੁਣ ਇਹ ਮੁਸਲਮਾਨਾਂ ਕੋਲ ਵੀ ਪੁੱਜ ਗਿਆ ਹੈ। ਇਸ ਲਈ ਉਨ੍ਹਾਂ ਨੇ ਵੀ ਇਸਦਾ ਇਸਤੇਮਾਲ ਇਸ ਕੰਮ ਲਈ ਖੂਬ ਕੀਤਾ।

ਇਸ ਅਫ਼ਵਾਹ ਨੇ ਇਹ ਵੀ ਸਿੱਧ ਕਰ ਦਿੱਤਾ ਹੈ ਕਿ ਧਰਮ ਦਾ ਇੱਕ ਮਕਸਦ ਲੋਕਾਂ ਨੂੰ ਡਰਾਉਣਾ ਵੀ ਹੁੰਦਾ ਹੈ। ਕੁਰਾਨ ਵਿੱਚ ਕਿਆਮਤ ਦਾ ਦਿਨ ਤੇ ਮਾਇਆ ਸਭਿਅਤਾ ਦੇ ਕੈਲੰਡਰਾਂ ਵਿੱਚ ਦਰਜ ਕਿ 2012 ਵਿੱਚ ਦੁਨੀਆਂ ਨਸ਼ਟ ਹੋ ਜਾਵੇਗੀ ਇਸ ਦੀਆਂ ਜਿਉਂਦੀਆਂ ਜਾਗਦੀਆਂ ਉਦਾਹਰਣਾਂ ਹਨ।

### ਵਰਤ ਦੀ ਥਾਲੀ

ਚੰਡੀਗੜ੍ਹ ਦੇ ਹੋਮ ਸਾਇੰਸ ਕਾਲਜ ਸੈਕਟਰ 10 ਦੀ ਇੱਕ ਪ੍ਰੋ. ਨਿਰੂਪਾ ਮਰਵਾਹਾ ਸਿੰਧੀ ਸਵੀਟਸ ਵਿੱਚ "ਵਰਤ ਦੀ ਥਾਲੀ" ਖਾਣ 1ਚਲੀ ਗਈ। ਆਮ ਹੋਟਲਾਂ ਵਾਲੇ ਵਰਤਾਂ ਵਾਸਤੇ ਸਪੈਸ਼ਲ ਥਾਲੀਆਂ ਤਿਆਰ ਕਰਕੇ ਰੱਖ ਲੈਂਦੇ ਹਨ, ਕਿਉਂਕਿ ਨਵਰਾਤਿਆਂ ਦੇ ਵਰਤਾਂ ਸਮੇਂ ਅਨਾਜ ਖਾਣ ਦੀ ਮਨਾਹੀ ਹੁੰਦੀ ਹੈ ਇਸ ਲਈ ਅਜਿਹੀਆਂ ਥਾਲੀਆਂ ਵਿੱਚ ਅਨਾਜ ਨਹੀਂ ਹੁੰਦਾ। ਆਲੂ ਦੀ ਰਾਇਤੇ ਦੀ ਥਾਂ ਵੇਟਰ ਨੇ ਉਸਨੂੰ ਦਹੀ ਵਿੱਚ ਇੱਕ ਭੱਲਾ ਪਾ ਕੇ ਲਿਆ ਦਿੱਤਾ। ਜਦੋਂ ਉਸਨੇ ਵੇਟਰ ਦੇ ਧਿਆਨ ਵਿੱਚ ਇਹ ਭੱਲਾ ਲਿਆਂਦਾ ਤਾਂ ਉਹ ਕਹਿਣ ਲੱਗਿਆ ਇਹ ਆਲੂ ਦਾ ਹੀ ਭੱਲਾ ਹੈ। ਉਸਨੇ ਭੱਲੇ ਨੂੰ ਚਮਚ ਨਾਲ ਤੋੜਿਆ ਤਾਂ ਉਸਨੂੰ ਉਸ ਵਿਚੋਂ ਕੁਝ ਦਾਲ ਦੇ ਦਾਣਿਆਂ ਦੇ ਟੁਕੜੇ ਵਿਖਾਈ ਦਿੱਤੇ। ਇਸ ਪ੍ਰੋ. ਨੇ ਸਿੰਧੀ ਸਵੀਟਸ ਵਿਰੁਧ ਵਰਤ ਨੂੰ ਅਨਾਜ ਖੁਆ ਕੇ ਤੋੜਨ ਦਾ ਮੁਕੱਦਮਾ ਦਾਇਰ ਕਰ ਦਿੱਤਾ। ਆਪਣੇ ਪੱਖ ਨੂੰ ਮਜ਼ਬੂਤ ਕਰਨ ਲਈ ਉਸਨੇ ਕਿਸੇ ਮੰਦਰ ਦੇ ਪੁਜਾਰੀ ਦਾ ਸਰਟੀਫ਼ਿਕੇਟ ਵੀ ਪੇਸ਼ ਕੀਤਾ। ਪਰ ਅਦਾਲਤ ਦੇ ਜੱਜਾਂ ਨੇ ਉਸ ਦੀਆਂ ਦਲੀਲਾਂ ਨੂੰ ਰੱਦ ਕਰ ਦਿੱਤਾ। ਇਸ ਤਰ੍ਹਾਂ ਉਹ ਆਪਣਾ ਮੁਕੱਦਮਾ ਹਾਰ ਗਈ।

### ਚੂਹਿਆਂ ਦੇ ਸ਼ੁਕਰਾਣੂ

ਜਰਮਨੀ ਦੀ ਇੱਕ ਯੂਨੀਵਰਸਿਟੀ ਨੇ ਚੂਹਿਆਂ ਦੇ ਅੰਡਕੋਸਾਂ ਵਿੱਚੋਂ ਸੈੱਲ ਲੈ ਕੇ ਉਨ੍ਹਾਂ ਦੇ ਅੰਡਕੋਸਾਂ ਵਿੱਚ ਪਾਏ ਜਾਣ ਵਾਲੇ ਤਰਲ ਪਦਾਰਥਾਂ ਦੀ ਤਰ੍ਹਾਂ ਦੇ ਤਰਲ ਪਦਾਰਥ ਤਿਆਰ ਕਰਕੇ ਸ਼ੁਕਰਾਣੂ ਤਿਆਰ ਕਰਨ ਵਿੱਚ ਸਫਲਤਾ ਪ੍ਰਾਪਤ ਕੀਤੀ ਹੈ।

ਉਨ੍ਹਾਂ ਨੇ ਚੂਹਿਆਂ ਦੇ ਅੰਡਕੋਸ਼ਾਂ ਵਿਚੋਂ ਕੁਝ ਸੈੱਲ ਲਏ। ਇਨ੍ਹਾਂ ਸੈੱਲਾਂ ਦੇ ਵਧਣ ਫੁੱਲਣ ਲਈ ਅੰਡਕੋਸਾਂ ਵਿਚ ਮਿਲਦਾ ਵਾਤਾਵਰਣ ਤਿਆਰ ਕੀਤਾ। ਇਸ ਤਰ੍ਹਾਂ ਉਨ੍ਹਾਂ ਨੇ ਇਨ੍ਹਾਂ ਸੈੱਲਾਂ ਨੂੰ ਸ਼ੁਕਰਾਣੂਆਂ ਵਿੱਚ ਵਿਕਸਤ ਕਰ ਲਿਆ। ਇਨ੍ਹਾਂ ਵਿਗਿਆਨਕਾਂ ਦਾ ਦਾਅਵਾ ਹੈ ਕਿ ਇਸੇ ਢੰਗ ਨਾਲ ਅਸੀਂ ਮਰਦਾਂ ਦੇ ਅੰਡਕੋਸ਼ਾਂ ਵਿੱਚ ਮਿਲਣ ਵਾਲਾ ਵਾਤਾਵਰਣ ਦੇ ਕੇ ਮਰਦ ਦੇ ਸ਼ੁਕਰਾਣੂ ਤਿਆਰ ਕਰ ਸਕਾਂਗੇ। ਭਾਵੇਂ ਉਹ ਅਜੇ ਤੱਕ ਮਨੁੱਖੀ ਸ਼ੁਕਰਾਣੂ ਤਿਆਰ ਕਰਨ ਵਿਚ ਸਫ਼ਲਤਾ ਪ੍ਰਾਪਤ ਨਹੀਂ ਕੀਤੀ ਹੈ।

ਭਾਵੇਂ ਉਹ ਅਜੇ ਤੱਕ ਮਨੁੱਖੀ ਸ਼ੁਕਰਾਣੂ ਤਿਆਰ ਕਰਨ ਵਿੱਚ ਸਫਲ ਨਹੀਂ ਹੋਏ ਪਰ ਉਨ੍ਹਾਂ ਦਾ ਦਾਅਵਾ ਹੈ ਕਿ ਉਹ ਹਰ ਹਾਲਤ ਵਿੱਚ ਨੇੜ ਭਵਿੱਖ ਵਿੱਚ ਮਨੁੱਖੀ ਸ਼ੁਕਰਾਣੂ ਪ੍ਰਯੋਗਸ਼ਾਲਾ ਵਿੱਚ ਤਿਆਰ ਕਰਨ ਵਿੱਚ ਸਫਲ ਹੋ ਜਾਣਗੇ। ਇਸ ਨਾਲ ਉਹ ਮਰਦ ਜਿਹੜੇ ਬੱਚੇ ਪੈਦਾ ਕਰਨ ਦੇ ਕਾਬਲ ਨਹੀਂ ਹਨ ਉਹ ਛੇਤੀ ਹੀ ਆਪਣੇ ਸ਼ੁਕਰਾਣੂਆਂ ਨਾਲ ਆਪਣੇ ਬੱਚਿਆਂ ਦੇ ਬਾਪ ਬਣ ਜਾਣਗੇ।



# ਰੱਬ ਧਰਮ ਤੇ ਤਰਕਸ਼ੀਲਤਾ



ਰਾਜਾ ਰਾਮ ਹੰਡਿਆਇਆ

ਮਨੁੱਖੀ ਸਮਾਜ ਵਿੱਚ ਭਿੰਨ ਭਿੰਨ ਧਰਮਾਂ ਦੇ ਲੋਕ ਰਹਿੰਦੇ ਹਨ। ਸੰਸਾਰ ਦੇ ਬਹੁਤੇ ਧਰਮ ਇਸ ਧਰਤੀ ਦੀ ਗੱਲ ਨੂੰ ਛੱਡਕੇ 'ਪਰਲੋਕ' ਦੀਆਂ ਗੱਲਾਂ ਕਰਦੇ ਹਨ। ਇਹ ਧਰਮ ਵਿਅਕਤੀ ਦੀਆਂ ਸਾਰੀਆਂ ਸਮੱਸਿਆਵਾਂ ਦਾ ਹੱਲ ਪਰਲੋਕ ਨੂੰ ਹੀ ਦੱਸਦੇ ਹਨ। ਲੱਗਭੱਗ ਸਾਰੇ ਧਰਮ (ਮੱਤ) ਇਸ ਜੀਵ ਤੇ ਜਗਤ ਨੂੰ ਝੂਠਾ, ਸਿੱਖਿਆ ਤੇ ਕਾਲਪਨਿਕ ਦੱਸਦੇ ਹਨ। ਕੇਵਲ ਪਰਲੋਕ ਤੇ ਰੱਬ ਨੂੰ ਹੀ ਸੱਚਾ ਮੰਨਦੇ ਹਨ। ਇਸ ਤਰ੍ਹਾਂ ਇਨ੍ਹਾਂ ਅਖੌਤੀ ਧਰਮਾਂ ਜਾਂ ਮੱਤਾਂ ਨੇ ਮਨੁੱਖੀ-ਸਮਾਜ ਦਾ ਦ੍ਰਿਸ਼ਟੀਕੋਣ ਹੀ ਬਦਲ ਦਿੱਤਾ ਹੈ। ਦੁਨੀਆਂ ਦੇ ਹਰ ਸਧਾਰਨ ਮਨੁੱਖ ਨੂੰ ਆਪਣਾ ਇਹ ਜੀਵਨ ਸਰਲ ਤੇ ਸਫ਼ਲ ਬਣਾਉਣ ਦੀ ਚਿੰਤਾ ਨਹੀਂ ਹੈ। ਉਸਨੂੰ ਤਾਂ ਆਪਣਾ ਅਗਲਾ ਜੀਵਨ ਸੰਵਾਰਨ ਦੀ ਚਿੰਤਾ ਹੈ।

ਤਰਕਸ਼ੀਲ ਵਿਚਾਰਧਾਰਾ ਅਜਿਹੀ ਪਹਿਲੀ ਵਿਚਾਰਧਾਰਾ ਹੈ, ਜਿਸਨੇ ਵਿਅਕਤੀ ਦੇ ਜੀਵਨ-ਦ੍ਰਿਸ਼ਟੀਕੋਣ ਨੂੰ ਹੀ ਬਦਲ ਕੇ ਰੱਖ ਦਿੱਤਾ ਹੈ। ਪਹਿਲੇ ਪ੍ਰਚੱਲਿਤ ਮੱਤਾਂ ਤੋਂ ਬਿਲਕੁਲ ਉਲਟ ਇਸ ਵਿਚਾਰਧਾਰਾ ਨੇ ਵਿਅਕਤੀ ਦੇ ਇਸ ਜੀਵਨ ਤੇ ਜਗਤ ਨੂੰ ਸੱਚ ਦੱਸਿਆ ਹੈ। ਇਹੀ ਜੀਵਨ ਸੱਚਾ ਹੈ। ਇਸ ਤੋਂ ਅੱਗੇ ਜਾਂ ਪਿੱਛੇ ਦਾ ਜੀਵਨ ਪੂਰੀ ਤਰ੍ਹਾਂ ਮਿੱਥ, ਕਲਪਨਿਕ ਤੇ ਝੂਠਾ ਹੈ। ਸੰਸਾਰ ਦਾ ਕੋਈ ਵੀ ਵਿਅਕਤੀ ਇਸਦਾ ਸਹੀ ਪ੍ਰਮਾਣ ਨਹੀਂ ਦੇ ਸਕਿਆ ਹੈ। ਇਸ ਲਈ ਅਸਲੀਅਤ ਤੋਂ ਮੂੰਹ ਮੋੜਨਾ ਕੋਈ ਸਮਝਦਾਰੀ ਨਹੀਂ ਹੈ। ਅੱਜ ਤੱਕ ਕਿਸੇ ਵੀ ਅਖੌਤੀ ਧਰਮ ਜਾਂ ਮੱਤ ਦਾ ਕੋਈ ਵੀ ਵਿਅਕਤੀ ਪਰਲੋਕ ਦਾ ਕੋਈ ਸਬੂਤ ਨਹੀਂ ਦੇ ਸਕਿਆ ਅਤੇ ਨਾ ਹੀ ਰੱਬ ਦਾ ਕੋਈ ਠੋਸ ਪ੍ਰਮਾਣ ਦੇ ਸਕਿਆ ਹੈ। ਸੋ ਠੋਸ ਸਬੂਤਾਂ ਦੀ ਘਾਟ ਨੇ ਇੱਕ ਅਜਿਹੀ ਵਿਚਾਰਧਾਰਾ ਨੂੰ ਜਨਮ ਦਿੱਤਾ, ਜਿਸਨੇ ਮਨੁੱਖ ਨੂੰ ਸੱਚ-ਝੂਠ ਦੇ ਨਿਖੇੜਾ ਕਰਨ ਦੀ ਸੂਝ ਬਖ਼ਸ਼ੀ। ਤਰਕਸ਼ੀਲ ਵਿਚਾਰਧਾਰਾ ਅਸਲ ਵਿੱਚ ਅਜਿਹੀ ਵਿਚਾਰਧਾਰਾ ਹੈ ਜੋ ਮਨੁੱਖ ਨੂੰ ਇਹ ਸੋਚਣ ਲਈ ਮਜ਼ਬੂਰ ਕਰਦੀ ਹੈ ਕਿ ਸੱਚ ਕੀ ਹੈ, ਤੇ ਝੂਠ ਕੀ ਹੈ? ਇਹ ਵਿਚਾਰਧਾਰਾ ਸੱਚ ਨੂੰ ਅਪਣਾਉਣ ਤੇ ਝੂਠ ਨੂੰ ਤਿਆਗਣ ਦੀ ਪ੍ਰੇਰਨਾ ਦਿੰਦੀ ਹੈ।

ਵਿਅਕਤੀ ਨੂੰ ਆਪਣਾ ਅਤੀਤ ਪਿਆਰਾ ਲੱਗਦਾ ਹੈ। ਭਵਿੱਖ ਦੀ ਉਸਨੂੰ ਹਮੇਸ਼ਾ ਚਿੰਤਾ ਰਹਿੰਦੀ ਹੈ। ਨਵੀਨਤਾ ਅਪਣਾਉਣ ਤੋਂ ਉਸਨੂੰ ਡਰ ਲੱਗਦਾ ਹੈ। ਇਹੀ ਕਾਰਨ ਹੈ ਕਿ ਤਰਕਸ਼ੀਲਤਾ ਨੂੰ ਅਪਣਾਉਣ ਤੋਂ ਰੂੜ੍ਹੀਵਾਦੀ, ਪਿਛਾਂਹਖਿਚੂ ਲੋਕ ਹਮੇਸ਼ਾ ਡਰਦੇ ਹਨ, ਜਦੋਂ ਕਿ ਸੱਚ ਤੋਂ ਮੂੰਹ ਮੋੜਨਾ ਮੂਰਖਤਾ ਕਹਾਉਂਦਾ ਹੈ। ਅਸਲ ਵਿੱਚ ਸਧਾਰਨ ਜਨਤਾ ਤਾਂ ਤਰਕਸ਼ੀਲਤਾ ਬਾਰੇ ਕੁੱਝ ਵੀ ਨਹੀਂ ਜਾਣਦੀ। ਉਸਨੂੰ ਤਾਂ ਧਰਮ ਪ੍ਰਚਾਰਕਾਂ ਨੇ ਹਮੇਸ਼ਾ ਆਪਣੇ ਵਿਚਾਰ-ਜਾਲ ਵਿੱਚ ਫਸਾਈ ਰੱਖਿਆ ਹੈ ਕਿਉਂਕਿ ਤਰਕ-ਸੋਚ ਰੱਖਣ ਵਾਲਾ ਹਰ ਵਿਅਕਤੀ ਆਜ਼ਾਦ ਸੋਚ ਦਾ ਮਾਲਕ ਬਣ ਜਾਂਦਾ ਹੈ। ਉਹ ਫਿਰ ਕਦੇ ਵੀ ਅਖੌਤੀ ਧਰਮ ਜਾਂ ਝੂਠੇ ਮੱਤ ਦਾ ਧਾਰਨੀ ਨਹੀਂ ਰਹਿੰਦਾ ਤੇ ਨਾ ਹੀ ਕਿਸੇ ਧਰਮ-ਪ੍ਰਚਾਰਕ ਦੇ ਜਾਲ ਵਿੱਚ ਫਸਦਾ ਹੈ। ਕੇਵਲ ਲਾਈਲੱਗ, ਅਗਿਆਨੀ ਤੇ ਅੰਧਵਿਸ਼ਵਾਸੀ ਹੀ ਧਰਮ ਦੇ ਝੂਠੇ ਭਰਮ ਜਾਲ ਵਿੱਚ ਫਸ ਸਕਦਾ ਹੈ। ਇਹੀ ਕਾਰਨ ਹੈ ਕਿ ਧਰਮ ਦੇ ਨਾਮ ਉਤੇ ਕਲਪਿਤ ਆਤਮਾ-ਪ੍ਰਮਾਤਮਾ, ਸਵਰਗ-ਨਰਕ, ਪੁੰਨ-ਪਾਪ, ਪਾਠ-ਪੂਜਾ, ਨਾਮ-ਸਿਮਰਨ, ਮੁਕਤੀ ਆਦਿ ਕਾਲਪਨਿਕ ਧਾਰਨਾਵਾਂ ਦਾ ਜਾਲ ਵਿਛਾਇਆ ਜਾਂਦਾ ਹੈ। ਇਸ ਝੂਠ ਦਾ ਪ੍ਰਚਾਰ ਦਿਨ-ਰਾਤ ਜ਼ੋਰ-ਸ਼ੋਰ ਨਾਲ ਕੀਤਾ ਜਾਂਦਾ ਹੈ। ਕਿਹਾ ਜਾਂਦਾ ਹੈ ਕਿ ਸੌ ਵਾਰ ਬੋਲਿਆ ਗਿਆ ਝੂਠ ਸੱਚ ਬਣ ਜਾਂਦਾ ਹੈ, ਇਸ ਲਈ ਝੂਠ ਦੇ ਇਸ ਪ੍ਰਚਾਰ ਨੂੰ ਸੱਚ ਬਣਾਉਣ ਲਈ ਹਜ਼ਾਰਾਂ ਸਾਲਾਂ ਤੋਂ ਲਗਾਤਾਰ ਜਤਨ ਕੀਤੇ ਜਾ ਰਹੇ ਹਨ। ਝੂਠ ਦਾ ਇਹ ਪ੍ਰਚਾਰ ਹੁਣ ਸਧਾਰਨ ਜਨਤਾ ਲਈ ਸੱਚ ਬਣ ਗਿਆ ਹੈ। ਕੋਈ ਵੀ ਵਿਅਕਤੀ ਜਦੋਂ ਕਿਸੇ ਗੱਲ ਵਿੱਚ ਵਿਸ਼ਵਾਸ ਕਰਨ ਲੱਗਦਾ ਹੈ ਤਾਂ ਉਸਦਾ ਇਹ ਵਿਸ਼ਵਾਸ ਉਦੋਂ ਤੱਕ ਨਹੀਂ ਟੁੱਟਦਾ, ਜਦੋਂ ਤੱਕ ਉਸਨੂੰ ਆਪਣੇ ਨਾਲ ਹੋ ਰਹੇ ਵਿਸ਼ਵਾਸਘਾਤ ਦਾ ਪਤਾ ਨਾ ਲੱਗੇ। ਇਹ ਵੀ ਸੱਚ ਹੈ ਕਿ ਵਿਸ਼ਵਾਸਘਾਤ ਉਥੇ ਹੀ ਹੁੰਦਾ ਹੈ, ਜਿੱਥੇ ਵਿਸ਼ਵਾਸ ਹੁੰਦਾ ਹੈ। ਸੋ ਤਰਕਸ਼ੀਲ ਸੋਚ ਹੀ ਅਜਿਹਾ ਸਾਧਨ ਹੈ ਜੋ ਵਿਅਕਤੀ ਨੂੰ ਆਜ਼ਾਦੀ ਨਾਲ ਸੋਚਣਾ, ਸਮਝਣਾ ਤੇ ਪਰਖਣਾ ਸਿਖਾਉਂਦਾ ਹੈ। ਇਸ ਲਈ ਝੂਠ ਦਾ ਪ੍ਰਚਾਰ ਕਰਨ ਵਾਲੇ ਪ੍ਰਚਾਰਕ ਤੇ ਝੂਠ ਦੇ ਵਪਾਰੀ ਕਦੇ ਨਹੀਂ ਚਾਹੁੰਦੇ ਕਿ ਤਰਕਸ਼ੀਲ ਵਿਚਾਰਧਾਰਾ ਵਧੇ ਤੇ ਫੁੱਲੇ। ਉਹ ਤਾਂ ਹਮੇਸ਼ਾ ਇਹੀ ਚਾਹੁੰਦੇ ਹਨ ਕਿ ਲੋਕਾਂ ਦੀਆਂ ਅੱਖਾਂ ਉਤੇ ਸ਼ਰਧਾ ਅਤੇ ਵਿਸ਼ਵਾਸ ਦੀ ਪੱਟੀ ਬੱਝੀ ਰਹੇ। ਇਸ ਕਰਕੇ ਉਹ ਹਮੇਸ਼ਾ ਤਰਕਸ਼ੀਲ ਵਿਚਾਰਾਂ ਨੂੰ ਦਬਾਉਣ ਤੇ ਖਤਮ ਕਰਨ ਵਿੱਚ ਲੱਗੇ ਰਹਿੰਦੇ ਹਨ। ਪਰ ਸਧਾਰਨ ਜਨਤਾ ਲਈ ਇਸ ਵਿਚਾਰਧਾਰਾ ਨੂੰ ਸਮਝਣਾ ਤੇ ਅਪਣਾਉਣਾ ਬਹੁਤ ਜ਼ਰੂਰੀ ਹੈ।

ਸਧਾਰਨ ਜਨਤਾ ਨੂੰ ਤਾਂ ਇਹੀ ਦੱਸਿਆ ਜਾਂਦਾ ਹੈ ਕਿ ਤਰਕਸ਼ੀਲ ਧਰਮ-ਵਿਰੋਧੀ, ਨਾਸਤਕ ਤੇ ਅਸਮਾਜਿਕ ਵਿਅਕਤੀ ਹੁੰਦੇ ਹਨ, ਜੋ ਸਮਾਜ ਦੇ ਸਾਰੇ ਬੰਧਨਾਂ ਨੂੰ ਤੋੜ ਦੇਣਾ ਚਾਹੁੰਦੇ ਹਨ ਤੇ ਸਾਰੀਆਂ ਪੁਰਾਣੀਆਂ ਮਾਨਤਾਵਾਂ ਨੂੰ ਖਤਮ ਕਰਨਾ ਚਾਹੁੰਦੇ



ਹਨ। ਇਸ ਲਈ ਤਰਕਸ਼ੀਲ ਵਿਅਕਤੀਆਂ ਤੋਂ ਹਮੇਸ਼ਾ ਦੂਰ ਰਹਿਣ ਦੀ ਸਿੱਖਿਆ ਦਿੱਤੀ ਜਾਂਦੀ ਹੈ। ਇਹੀ ਕਾਰਨ ਹੈ ਕਿ ਸਧਾਰਨ ਲੋਕ ਤਰਕਸ਼ੀਲਾਂ ਤੋਂ ਹਮੇਸ਼ਾ ਦੂਰ ਹੀ ਰਹਿੰਦੇ ਹਨ, ਉਹ ਕਦੇ ਵੀ ਉਨ੍ਹਾਂ ਨੂੰ ਸਮਝਣ ਦੀ ਕੋਸ਼ਿਸ਼ ਨਹੀਂ ਕਰਦੇ। ਜੇਕਰ ਭੁੱਲੇ ਭਟਕੇ ਇਹ ਲੋਕ ਕਦੇ ਤਰਕਸ਼ੀਲਾਂ ਦਾ ਕੋਈ ਪ੍ਰੋਗਰਾਮ ਦੇਖ ਵੀ ਆਉਂਦੇ ਹਨ ਤਾਂ ਉਨ੍ਹਾਂ ਦੀਆਂ ਡੂੰਘੀਆਂ ਗੱਲਾਂ ਨੂੰ ਸਮਝ ਨਹੀਂ ਸਕਦੇ। ਹਾਂ ਇੰਨਾ ਜ਼ਰੂਰ ਸਮਝ ਜਾਂਦੇ ਹਨ ਕਿ ਤਰਕਸ਼ੀਲ ਸੱਚਮੁੱਚ ਧਰਮ ਤੇ ਰੱਬ ਦਾ ਖੰਡਨ ਕਰਦੇ ਹਨ। ਜਦੋਂ ਕੋਈ ਵਿਅਕਤੀ ਧਰਮ ਅਤੇ ਰੱਬ ਬਾਰੇ ਕਿੰਤੂ ਕਰਦਾ ਹੈ ਤਾਂ ਸਧਾਰਨ ਲੋਕ ਇਸ ਗੱਲ ਨੂੰ ਸਵੀਕਾਰ ਨਹੀਂ ਕਰ ਸਕਦੇ। ਇਸ ਲਈ ਉਹ ਤਰਕਸ਼ੀਲ ਵਿਅਕਤੀਆਂ ਨੂੰ ਸਮਾਜਿਕ ਵਿਅਕਤੀ ਨਹੀਂ ਮੰਨਦੇ। ਉਨ੍ਹਾਂ ਅਨੁਸਾਰ ਤਾਂ ਉਹੀ ਵਿਅਕਤੀ ਸਮਾਜਿਕ ਹੈ ਜੋ ਰੱਬ ਤੇ ਧਰਮ ਵਿੱਚ ਅੰਨ੍ਹਾ ਵਿਸ਼ਵਾਸ ਰੱਖਦਾ ਹੈ, ਭਾਵੇਂ ਉਹ ਵਿਅਕਤੀ ਚੋਰ, ਡਾਕੂ, ਸਮੱਗਲਰ, ਕਾਤਿਲ ਜਾਂ ਦੁਰਾਚਾਰੀ ਕਿਉਂ ਨਾ ਹੋਵੇ। ਸਮਾਜ ਵਿੱਚ ਚੰਗਾ ਵਿਅਕਤੀ ਉਹੀ ਮੰਨਿਆ ਜਾਂਦਾ ਹੈ, ਜਿਹੜਾ ਰੱਬ ਵਿੱਚ ਵਿਸ਼ਵਾਸ ਕਰਦਾ ਹੋਵੇ। ਉਸਦੇ ਚਰਿੱਤਰ ਵਿੱਚ ਭਾਵੇਂ ਕਿੰਨੀਆਂ ਵੀ ਬੁਰਾਈਆਂ ਕਿਉਂ ਨਾ ਹੋਣ। ਦੂਜੇ ਪਾਸੇ ਇੱਕ ਨਾਸਤਿਕ ਵਿਅਕਤੀ ਵਿੱਚ ਭਾਵੇਂ ਕਿੰਨੇ ਵੀ ਗੁਣ ਕਿਉਂ ਨਾ ਹੋਣ, ਉਸਨੂੰ ਸਧਾਰਨ-ਸਮਾਜ ਵਿੱਚ ਚੰਗਾ ਨਹੀਂ ਸਮਝਿਆ ਜਾਂਦਾ। ਕਹਿਣ ਦਾ ਭਾਵ ਇਹ ਹੈ ਕਿ ਵਿਅਕਤੀ ਦਾ ਚੰਗਾ ਜਾਂ ਬੁਰਾ ਹੋਣਾ ਕੋਈ ਖਾਸ ਮਾਇਨੇ ਨਹੀਂ ਰੱਖਦਾ, ਮਹੱਤਵ ਉਸਦੇ ਆਸਤਕ ਹੋਣ ਨੂੰ ਦਿੱਤਾ ਜਾਂਦਾ ਹੈ। ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਤਰਕਸ਼ੀਲ ਵਿਚਾਰਧਾਰਾ ਇੱਕ ਅਜਿਹੀ ਵਿਚਾਰਧਾਰਾ ਹੈ, ਜੋ ਸੱਚ ਤੇ ਅਧਾਰਤ ਹੈ। ਸੱਚ ਤੇ ਚੱਲਣ ਦੀ ਸਿੱਖਿਆ ਹੈ ਅਤੇ ਸੱਚੇ ਲੋਕਾਂ ਦੇ ਸੰਗ ਦੀ ਪ੍ਰੇਰਨਾ ਦਿੰਦੀ ਹੈ। ਸੱਚਾਈ ਦੀ ਖੋਜ ਕਰਨ ਵਾਲਾ ਵਿਅਕਤੀ ਹੀ ਤਰਕਸ਼ੀਲਤਾ ਦੇ ਰਾਹ ਉਤੇ ਚੱਲ ਸਕਦਾ ਹੈ। ਇਸ ਲਈ ਤਰਕਸ਼ੀਲਤਾ ਨਿਡਰ, ਨਿਰਪੱਖ ਤੇ ਇਮਾਨਦਾਰ ਵਿਅਕਤੀ ਦਾ ਰਾਹ ਹੈ। ਸਮਾਜ ਦੇ ਝੂਠੇ, ਬੇਈਮਾਨ, ਕਮੀਨੇ ਤੇ ਪਾਖੰਡੀ ਲੋਕ ਇਸ ਚਿੰਤਨ ਨੂੰ ਨਹੀਂ ਅਪਣਾ ਸਕਦੇ। ਪੂੰਜੀਵਾਦੀ ਵਿਵਸਥਾ ਨੇ ਸਮਾਜ ਦੇ ਹਰ ਇੱਕ ਵਿਅਕਤੀ ਨੂੰ ਸਵਾਰਥੀ, ਝੂਠੇ, ਬੇਈਮਾਨ, ਰਿਸ਼ਵਤਖੋਰ, ਚੋਰ, ਠੱਗ, ਕਮੀਨਾ ਤੇ ਮੱਕਾਰ ਬਣਾ ਦਿੱਤਾ ਹੈ। ਇਸ ਲਈ ਸੱਚ ਦੀ ਰਾਹ ਤੇ ਚੱਲਣ ਵਾਲਿਆਂ ਦੀ ਸੰਖਿਆ ਬਹੁਤ ਥੋੜ੍ਹੀ ਰਹਿ ਗਈ ਹੈ। ਲੋਕਤੰਤਰ ਦਾ ਮਖੌਟਾ ਇਹ ਭਰਮ ਪੈਦਾ ਕਰਦਾ ਹੈ ਕਿ ਹੁਣ ਜਨਤਾ ਦਾ ਰਾਜ, ਜਨਤਾ ਦੁਆਰਾ ਚਲਾਇਆ ਜਾਂਦਾ ਹੈ ਤੇ ਜਨਤਾ ਦੀ ਭਲਾਈ ਵਾਸਤੇ ਹੈ। ਪਰ ਸੱਚਾਈ ਕੁੱਝ ਹੋਰ ਹੈ। ਨਾ ਤਾਂ ਇਹ ਜਨਤਾ ਦਾ ਸਾਸ਼ਨ ਹੈ, ਨਾ ਜਨਤਾ ਦੀ ਭਲਾਈ ਲਈ ਹੈ ਤੇ ਨਾ ਹੀ ਜਨਤਾ ਦੁਆਰਾ ਚਲਾਇਆ ਜਾਂਦਾ ਹੈ। ਅਸਲ ਵਿੱਚ ਲੋਕਤੰਤਰ ਦਾ ਮਖੌਟਾ ਪਹਿਨਿਆ ਇਹ ਤੰਤਰ ਪੂੰਜੀਤੰਤਰ ਹੈ। ਇਸ ਵਿੱਚ ਸਭ ਹੱਕ ਪੂੰਜੀਵਾਦੀਆਂ ਲਈ ਰਾਖਵੇਂ ਹਨ। ਇਹ ਤੰਤਰ ਸਧਾਰਨ ਜਨਤਾ ਦਾ ਸ਼ੋਸ਼ਣ ਕਰਨ ਲਈ ਹੈ। ਅਜਿਹੇ ਤੰਤਰ ਵਿੱਚ 'ਕੰਮ ਕਰਨ ਵਾਲੇ' ਹਰ ਵਿਅਕਤੀ ਦਾ ਸਰੀਰਕ, ਮਾਨਸਿਕ ਤੇ ਆਰਥਿਕ ਸ਼ੋਸ਼ਣ ਹੁੰਦਾ ਹੈ। ਇਸ ਸ਼ੋਸ਼ਣ ਨੂੰ ਧਰਮ ਤੇ ਰੱਬ ਜਾਇਜ਼ ਮੰਨਦੇ ਹਨ ਪਰ ਤਰਕਸ਼ੀਲਤਾ ਇਸਦਾ ਪੂਰਾ ਵਿਰੋਧ ਕਰਦੀ ਹੈ ਤੇ ਸੱਚਾਈ ਨੂੰ ਜਨਤਾ ਅੱਗੇ ਪੇਸ਼ ਕਰਦੀ ਹੈ।

ਰੱਬ ਅਤੇ ਧਰਮ ਮਨੁੱਖ ਦੇ ਵਿਰੋਧੀ ਕਿਵੇਂ ਹਨ, ਇਹ ਸਮਝਣਾ ਅਸਾਨ ਗੱਲ ਨਹੀਂ ਹੈ। ਧਰਮ ਪੂੰਜੀਵਾਦੀ ਰਜਵਾੜਾਸ਼ਾਹੀ ਦਾ ਪੋਸ਼ਕ ਹੈ ਤੇ ਹਮੇਸ਼ਾ ਇਸਦੇ ਹੱਕ ਵਿੱਚ ਭੁਗਤਦਾ ਹੈ। ਇਹ ਸਭ ਕੁੱਝ ਨੂੰ ਕਿਸਮਤ ਦਾ ਖੇਲ ਦੱਸਦਾ ਹੈ। ਧਰਮ ਨੇ ਹਮੇਸ਼ਾ ਹੀ ਰਾਜੇ ਨੂੰ ਰੱਬ ਦਾ ਦੂਤ ਕਿਹਾ ਹੈ ਅਤੇ ਰਾਜੇ ਦੇ ਖਿਲਾਫ਼ ਬਗਾਵਤ ਕਰਨਾ ਪਾਪ ਕਿਹਾ ਗਿਆ ਹੈ। ਇਹ ਧਰਮ ਹੀ ਹੈ, ਜਿਹੜਾ ਮਨੁੱਖ ਨੂੰ ਪਾਪ ਪੁੰਨ, ਸਵਰਗ-ਨਰਕ, ਲੋਕ-ਪਰਲੋਕ, ਆਤਮਾ-ਪ੍ਰਮਾਤਮਾ, ਦੈਵੀ ਸ਼ਕਤੀਆਂ, ਚੁਰਾਸੀ ਲੱਖ ਜੂਨੀਆਂ ਤੇ ਕਰਮਾਂ ਦੇ ਖੇਲ੍ਹ ਵਿੱਚ ਫਸਾਈ ਰੱਖਦਾ ਹੈ ਅਤੇ ਮੁਕਤੀ ਦਾ ਲਾਲਚ ਦੇ ਕੇ ਪਾਠ-ਪੂਜਾ, ਨਾਮ-ਸਿਮਰਨ, ਦਾਨ-ਪੁੰਨ ਆਦਿ ਚੱਕਰਾਂ ਵਿੱਚ ਉਲਝਾਈ ਰੱਖਦਾ ਹੈ। ਮਾਨਸਿਕ ਸ਼ਾਂਤੀ ਲਈ ਧਾਰਮਿਕ-ਸਥਾਨ ਬਣਾਉਣ ਤੇ ਸਵੇਰੇ-ਸ਼ਾਮ ਉਥੇ ਜਾਂਦੇ ਰਹਿਣ ਦੀ ਪ੍ਰੇਰਨਾ ਦਿੰਦਾ ਹੈ। ਹਰ ਸਮੱਸਿਆ ਦਾ ਹੱਲ ਪੂਜਾ-ਪਾਠ, ਪ੍ਰਭੂ-ਪ੍ਰਾਰਥਨਾ ਆਦਿ ਨੂੰ ਦੱਸਦਾ ਹੈ। ਇਹ ਧਰਮ ਹੀ ਹੈ ਜਿਹੜਾ ਰੱਬ ਨੂੰ ਇਸ ਜੀਵ-ਜਗਤ ਦਾ ਕਰਤਾ ਧਰਤਾ ਦੱਸਦਾ ਹੈ ਅਤੇ ਉਸਨੂੰ ਨਿਰੰਕਾਰ, ਨਿਰਪੱਖ, ਨਿਰਲੇਪ, ਨਿਆਂਕਾਰੀ, ਦਿਆਲੂ, ਕ੍ਰਿਪਾਲੂ, ਮਾਲਕ ਤੇ ਪਾਲਣਹਾਰ ਕਹਿੰਦਾ ਹੈ। ਇਹ ਪ੍ਰਭੂ ਅਜਨਮਾ ਤੇ ਅਜਯ ਹੈ, ਅਦਿੱਖ ਹੈ ਪਰ ਹੈ ਜ਼ਰੂਰ। ਭਾਵੇਂ ਵਿਗਿਆਨ ਨੇ ਇਹ ਸਿੱਧ ਕੀਤਾ ਹੈ ਕਿ ਕੋਈ ਵੀ ਮਨ ਜਾਂ ਬੁੱਧੀ ਦਿਮਾਗ ਤੋਂ ਬਿਨਾਂ ਨਹੀਂ ਹੋ ਸਕਦੀ, ਇਸੇ ਤਰ੍ਹਾਂ ਕੋਈ ਜਾਨ ਸਰੀਰ ਤੋਂ ਬਿਨਾ ਨਹੀਂ ਹੋ ਸਕਦੀ। ਇਸ ਲਈ ਅਕਾਰ-ਰਹਿਤ ਕਿਸੇ ਬੁੱਧੀਮਾਨ ਸਿਰਜਣਹਾਰ ਦੀ ਕਲਪਣਾ ਕਰਨਾ ਮੂਰਖਤਾ ਹੈ। ਪਰ ਇੰਨੀ ਵੱਡੀ ਚਲਾਕੀ ਕੇਵਲ ਧਰਮ ਕਰ ਸਕਦਾ ਹੈ ਕਿਉਂਕਿ ਧਰਮ ਹਮੇਸ਼ਾ ਵਿਸ਼ਵਾਸ ਤੇ ਅਧਾਰਤ ਹੁੰਦਾ ਹੈ। ਕੋਈ ਵੀ ਤਰਕ ਜਾਂ ਕਿੰਤੂ-ਪਰੰਤੂ ਕਰਨਾ ਧਰਮ ਦੇ ਖਿਲਾਫ਼ ਹੈ। ਇਸ ਲਈ ਧਰਮ ਅੰਨ੍ਹੀ ਸ਼ਰਧਾ ਦੀ ਪ੍ਰੇਰਨਾ ਦਿੰਦਾ ਹੈ। ਸ਼ਰਧਾ ਤੇ ਵਿਸ਼ਵਾਸ ਹਮੇਸ਼ਾ ਅੰਨ੍ਹੇ ਹੁੰਦੇ ਹਨ। ਇਸ ਵਿੱਚ ਸ਼ੱਕ ਜਾਂ ਤਰਕ ਦੀ ਗੁੰਜਾਇਸ਼ ਨਹੀਂ ਹੁੰਦੀ। ਇਸ ਲਈ ਧਰਮ ਪੂੰਜੀਪਤੀਆਂ ਦਾ ਸਭ ਤੋਂ ਮਹੱਤਵਪੂਰਨ ਹਥਿਆਰ ਹੈ, ਜਿਹੜਾ ਲੰਬੇ ਸਮੇਂ ਤੱਕ ਜਨਤਾ ਨੂੰ ਉੱਲੂ ਬਣਾਈ ਰੱਖਦਾ ਹੈ। ਇਹ ਸੱਚਮੁੱਚ ਅਫ਼ੀਮ ਦੇ ਨਸ਼ੇ ਵਾਂਗ ਹੈ। ਇਹ ਸਧਾਰਨ ਲੋਕਾਂ ਦਾ ਧਿਆਨ ਉਨ੍ਹਾਂ ਦੀਆਂ ਮੌਲਿਕ ਜ਼ਰੂਰਤਾਂ ਤੋਂ ਹਮੇਸ਼ਾ ਲਾਂਭੇ ਲਾਈ ਰੱਖਦਾ ਹੈ ਕਿਉਂਕਿ ਇਹ ਉਨ੍ਹਾਂ ਨੂੰ 'ਕਰਮ ਕਰੋ ਤੇ ਫਲ ਦੀ ਚਿੰਤਾ ਨਾ ਕਰੋ' ਦੀ ਸਿੱਖਿਆ ਪ੍ਰਦਾਨ ਕਰਦਾ ਹੈ।

ਹੁਣ ਤਰਕਸ਼ੀਲ ਚਿੰਤਨ ਦੇ ਅਨੁਸਾਰ ਗੱਲ ਕਰੀਏ ਤਾਂ ਸੰਸਾਰ ਵਿੱਚ ਰੱਬ ਅਤੇ ਧਰਮ ਉਤੇ ਭਰੋਸਾ ਕਰਕੇ ਜਿਉਣ ਵਾਲੇ ਕਿੰਨੇ ਕੁ ਲੋਕ ਹਨ ਜੋ ਵਰਤਮਾਨ ਵਿਵਸਥਾ ਅਤੇ ਜੀਵਨ-ਸ਼ੈਲੀ ਤੋਂ ਸੰਤੁਸ਼ਟ ਹਨ? ਸ਼ਾਇਦ ਇੱਕ ਪ੍ਰਤੀਸ਼ਤ ਵੀ ਨਹੀਂ। ਜੇਕਰ ਸਚਮੁੱਚ ਰੱਬ ਤੇ ਧਰਮ ਵਿਅਕਤੀ ਦੇ ਹਿੱਤ ਵਿੱਚ ਕੰਮ ਕਰ ਰਹੇ ਹਨ ਤਾਂ ਸਮਾਜ ਵਿੱਚ 'ਜਿਸਦੀ ਲਾਠੀ, ਉਸਦੀ ਮੱਝ' ਵਾਲਾ ਨਿਯਮ ਕਿਉਂ ਚੱਲ ਰਿਹਾ ਹੈ। ਜੇਕਰ ਧਰਮ ਸਾਨੂੰ ਨੈਤਿਕਤਾ ਸਿਖਾਉਂਦਾ ਹੈ ਤਾਂ ਸਾਰੇ ਧਾਰਮਿਕ ਵਿਅਕਤੀ ਨੈਤਿਕ ਕਿਉਂ ਨਹੀਂ ਬਣ ਸਕੇ। ਉਨ੍ਹਾਂ ਦੀ ਨਿਸਬਤ ਰੱਬ ਤੇ ਧਰਮ ਵਿੱਚ ਵਿਸ਼ਵਾਸ ਨਾ ਕਰਨ ਵਾਲੇ ਵਿਅਕਤੀ ਚੰਗੇ ਅਤੇ ਨੈਤਿਕ ਕਿਵੇਂ ਬਣ ਗਏ ਹਨ? ਜੇਕਰ ਸਾਰੀਆਂ ਸਮੱਸਿਆਵਾਂ ਦਾ ਹੱਲ ਰੱਬ ਦੀ ਭਗਤੀ ਨਾਲ ਹੋ ਸਕਦਾ ਹੈ ਤਾਂ ਫਿਰ ਸਮਾਜ ਦੀਆਂ ਸਮੱਸਿਆਵਾਂ ਹੱਲ ਹੋਣ ਦੀ ਥਾਂ ਦਿਨ ਪ੍ਰਤੀ ਦਿਨ ਵਧਦੀਆਂ ਕਿਉਂ ਜਾ ਰਹੀਆਂ ਹਨ? ਜੇਕਰ ਰੱਬ ਨਿਆਂਕਾਰੀ ਹੈ ਤਾਂ ਚਾਰੇ ਪਾਸੇ ਅਨਿਆਂ ਦੀ ਚਰਚਾ ਕਿਉਂ ਹੋ ਰਹੀ ਹੈ? ਜੇਕਰ ਰੱਬ ਅਤੇ ਧਰਮ ਉਤੇ ਸਾਨੂੰ ਭਰੋਸਾ ਹੈ ਕਿ ਧਰਮ ਸਾਨੂੰ ਚੰਗਾ ਬਣਾਉਂਦਾ ਹੈ ਤੇ ਰੱਬ ਦੀਆਂ ਨਜ਼ਰਾਂ ਵਿੱਚ ਕੋਈ ਉੱਚਾ-ਨੀਵਾਂ ਨਹੀਂ, ਤਾਂ ਫਿਰ ਰੱਬ ਦੀ ਨਿਆਂ ਵਿਵਸਥਾ ਤੇ ਸਾਨੂੰ ਭਰੋਸਾ ਕਿਉਂ ਨਹੀਂ?

ਜਨਤਾ ਨੂੰ ਕਿਹਾ ਗਿਆ ਹੈ ਕਿ 'ਰੱਬ ਦੇ ਹੁਕਮ ਬਿਨਾ ਪੱਤਾ ਵੀ ਨਹੀਂ ਹਿਲਦਾ' ਫਿਰ ਸਾਨੂੰ ਆਪਣੇ ਕਾਇਦੇ ਕਾਨੂੰਨ ਬਣਾਉਣ ਦੀ ਕੀ ਲੋੜ ਹੈ? ਸਾਨੂੰ ਨਿਆਂਕਾਰੀ ਰੱਬ ਦੇ ਹੁੰਦਿਆਂ ਪੁਲਸ, ਫੌਜ, ਕਚਹਿਰੀ ਤੇ ਜੱਜਾਂ ਦੀ ਕੀ ਲੋੜ ਹੈ? ਜਦੋਂ ਸਾਰੇ ਕੰਮ ਰੱਬ ਦੀ ਇੱਛਾ ਅਨੁਸਾਰ ਹੋ ਰਹੇ ਹਨ ਤਾਂ ਸਾਨੂੰ ਉਸਦੇ ਕੰਮਾਂ ਵਿੱਚ ਟੰਗ-ਅੜਾਉਣ ਦੀ ਕੀ ਲੋੜ ਹੈ? ਰੱਬ ਪਾਲਣਹਾਰ ਅਤੇ ਕੀੜੇ-ਮਕੌੜਿਆਂ ਨੂੰ ਪੱਥਰਾਂ ਵਿੱਚ ਵੀ ਰੋਜ਼ੀ-ਰੋਟੀ ਦਿੰਦਾ ਹੈ ਤਾਂ ਮਨੁੱਖ ਨੂੰ ਆਪਣੀ ਰੋਟੀ ਦੀ ਇੰਨੀ ਚਿੰਤਾ ਕਿਉਂ ਹੈ? ਕਿਉਂ ਵਿਅਕਤੀ ਮਾਰਿਆ-ਮਾਰਿਆ ਫਿਰਦਾ ਹੈ। ਜਦੋਂ ਹਰ ਜੀਵ ਰੱਬ ਦੇ ਹੱਥਾਂ ਦੀ ਕਠਪੁਤਲੀ ਹੈ, ਉਹੀ ਚੰਗੇ ਮਾੜੇ ਕੰਮ ਕਰਾਉਂਦਾ ਹੈ। ਜੇਕਰ ਉਹ ਸਭ ਦੀ ਭਲਾਈ ਚਾਹੁੰਦਾ ਹੈ ਤਾਂ ਬੁਰੇ ਕੰਮ ਕਿਉਂ ਕਰਵਾਉਂਦਾ! ਆਪਣੇ ਹੁਕਮ ਵਿੱਚ ਕਰਵਾਏ ਬੁਰੇ ਕੰਮਾਂ ਦੀ ਸਜ਼ਾ ਆਪਣੀਆਂ ਕਠਪੁਤਲੀਆਂ ਨੂੰ ਕਿਉਂ ਦਿੰਦਾ ਹੈ? ਕਿਹਾ ਜਾਂਦਾ ਹੈ ਕਿ 'ਉਸਦੇ ਘਰ ਦੇਰ ਹੈ, ਹਨ੍ਹੇਰ ਨਹੀਂ', ਫਿਰ ਅਸੀਂ ਫੈਸਲੇ ਲਈ ਮਨੁੱਖੀ ਜੱਜਾਂ ਕੋਲ ਕਿਉਂ ਜਾਂਦੇ ਹਾਂ? ਜਦੋਂ ਪਤਾ ਹੈ ਅੰਤਿਮ ਫੈਸਲਾ ਰੱਬ ਦੇ ਹੱਥ ਹੈ ਤਾਂ ਫਿਰ ਅਸੀਂ ਪੁਲਿਸ, ਕਚਹਿਰੀ ਤੇ ਜੱਜਾਂ ਦੀ ਸ਼ਰਨ ਵਿੱਚ ਕਿਉਂ ਜਾਂਦੇ ਹਾਂ। ਇਹ ਵੀ ਸੋਚਣ ਵਾਲੀ ਗੱਲ ਹੈ ਕਿ ਰੱਬ ਦੇ ਘਰ ਦੇਰ ਕਿਉਂ ਹੈ! 'ਹੁਕਮੈਂ ਅੰਦਰ ਸਭ ਕੋ, ਬਾਹਰ ਹੁਕਮ ਨਾ ਕੋਇ' ਦੇ ਕਥਨ ਅਨੁਸਾਰ ਜੇਕਰ ਸਭ ਕੁਝ ਕਰਨ-ਕਰਾਉਣ ਵਾਲਾ ਰੱਬ ਹੀ ਹੈ ਤਾਂ ਫਿਰ ਚੋਰੀ, ਡਾਕੇ, ਕਤਲ, ਬਲਾਤਕਾਰ, ਠੱਗੀ, ਬੇਈਮਾਨੀ, ਭ੍ਰਿਸ਼ਟਾਚਾਰ ਆਦਿ ਲਈ ਵਿਅਕਤੀ ਨੂੰ ਸਜ਼ਾ ਕਿਉਂ ਦਿੱਤੀ ਜਾਂਦੀ ਹੈ? ਸਮੱਸਿਆਵਾਂ ਦੇ ਹੱਲ ਲਈ ਪੂਜਾ-ਪਾਠ, ਪ੍ਰਾਰਥਨਾ ਆਦਿ ਵਿੱਚ ਸਮਾਂ ਕਿਉਂ ਖੋਇਆ ਜਾ ਰਿਹਾ ਹੈ! ਕੀ ਰੱਬ ਸਭ ਦੀਆਂ ਪ੍ਰਾਰਥਨਾਵਾਂ ਸੁਣਦਾ ਹੈ? ਕਿਉਂ ਲੋਕ ਰੱਬ ਦੇ ਨਿਆਂ 'ਤੇ ਭਰੋਸਾ ਨਹੀਂ ਕਰ ਰਹੇ? ਧਰਮ ਦੁਆਰਾ ਦਿੱਤੀ ਗਈ ਸਬਰ-ਸੰਤੋਸ਼ ਦੀ ਸਿੱਖਿਆ ਤੇ ਅਮਲ ਕਿਉਂ ਨਹੀਂ ਕਰਦੇ! ਧਰਮਾਂ ਲਈ ਕਤਲ ਕਿਉਂ ਕਰਦੇ ਹਨ? ਜਦੋਂ ਰੱਬ ਦੇ ਹੁਕਮ ਬਿਨਾ ਪੱਤਾ ਨਹੀਂ ਹਿਲਦਾ ਅਤੇ ਉਹ ਸੱਚਾ ਤੇ ਨਿਆਂਕਾਰੀ ਹੈ ਤਾਂ ਬੁਰੇ ਕੰਮ ਕਿਸਦੇ ਹੁਕਮ ਵਿੱਚ ਹੁੰਦੇ ਹਨ। ਉਹ ਲੋਕਾਂ ਨੂੰ ਅਮੀਰ-ਗਰੀਬ ਕਿਉਂ ਬਣਾਉਂਦਾ ਹੈ! ਉਹ ਸਭ ਲਈ ਰੋਜ਼ੀ-ਰੋਟੀ ਦਾ ਪ੍ਰਬੰਧ ਕਿਉਂ ਨਹੀਂ ਕਰਦਾ! ਉਸਨੇ ਭੁੱਖ, ਬੀਮਾਰੀ, ਗਰੀਬੀ ਕਿਉਂ ਬਣਾਈ ਹੈ?

ਚਾਹੇ ਰੱਬ ਨੂੰ ਮੰਨਣ ਵਾਲੇ ਇਨ੍ਹਾਂ ਗੱਲਾਂ ਦੇ ਵਿਰੁੱਧ ਕਿੰਨੇ ਵੀ -ਤਰਕ ਪੇਸ਼ ਕਰਨ ਪਰ ਸੱਚ ਤਾਂ ਇਹ ਹੈ ਕਿ ਉਹ ਖੁਦ ਵੀ ਜਦੋਂ ਕਿਸੇ ਅਨਿਆਂ ਦਾ ਸ਼ਿਕਾਰ ਹੁੰਦੇ ਹਨ ਤਾਂ ਰੱਬ ਦੇ ਨਿਆਂ ਨੂੰ ਭੁੱਲ ਕੇ ਆਦਮੀ ਦੀ ਬਣਾਈ ਨਿਆਂ-ਪ੍ਰਣਾਲੀ ਦਾ ਸਹਾਰਾ ਲੈਂਦੇ ਹਨ। ਬੀਮਾਰੀ ਦੀ ਹਾਲਤ ਵਿੱਚ ਡਾਕਟਰਾਂ ਵੱਲ ਭੱਜੇ ਜਾਂਦੇ ਹਨ। ਸੱਚ ਤਾਂ ਇਹ ਹੈ ਕਿ ਰੱਬ ਤੇ ਧਰਮ ਦਾ ਢਿੰਡੋਰਾ ਪਿੱਟਣ ਵਾਲੇ ਇਹ ਲੋਕ ਆਦਮੀ ਦੁਆਰਾ ਬਣਾਈ ਸਮਾਜਿਕ, ਆਰਥਿਕ ਅਤੇ ਰਾਜਨੀਤਕ ਵਿਵਸਥਾ ਦਾ ਹੀ ਸਹਾਰਾ ਲੈਂਦੇ ਹਨ ਤੇ ਇਸੇ ਤੋਂ ਹੀ ਨਿਆਂ ਦੀ ਗੁਹਾਰ ਕਰਦੇ ਹਨ। ਉਹ ਰੱਬ ਦੇ ਦੇਰੀ ਨਾਲ ਕੀਤੇ ਜਾਣ ਵਾਲੇ ਅਨਿਆਂ ਦਾ ਇੰਤਜ਼ਾਰ ਨਹੀਂ ਕਰ ਸਕਦੇ। ਅਸੀਂ ਦੇਖਦੇ ਹਾਂ ਕਿ ਧਾਰਮਿਕ ਯਾਤਰਾ ਕਰਨ ਵਾਲੇ ਸ਼ਰਧਾਲੂ ਜਦੋਂ ਦੁਰਘਟਨਾ ਦਾ ਸ਼ਿਕਾਰ ਹੁੰਦੇ ਹਨ ਤਾਂ ਉਸ ਵਾਸਤੇ ਕਦੇ ਰੱਬ ਨੂੰ ਦੋਸ਼ੀ ਨਹੀਂ ਮੰਨਿਆ ਜਾਂਦਾ, ਸਗੋਂ ਵਿਵਸਥਾ ਨੂੰ ਹੀ ਦੋਸ਼ੀ ਠਹਿਰਾਇਆ ਜਾਂਦਾ ਹੈ। ਧਾਰਮਿਕ ਤੇ ਈਸ਼ਵਰਵਾਦੀ ਵਿਅਕਤੀ ਨੂੰ ਵਿਵਸਥਾ ਨੂੰ ਦੋਸ਼ੀ ਠਹਿਰਾਉਣ ਦਾ ਕੀ ਹੱਕ ਹੈ! ਉਨ੍ਹਾਂ ਨੂੰ ਰੱਬ ਦੀ ਨਿਆਂ-ਵਿਵਸਥਾ ਵਿੱਚ ਪੂਰਾ ਵਿਸ਼ਵਾਸ ਕਰਨਾ ਚਾਹੀਦਾ ਹੈ। ਅਜਿਹੇ ਲੋਕ ਰੱਬੀ-ਨਿਆਂ ਦੇ ਭਰੋਸੇ ਕਿਉਂ ਨਹੀਂ ਬੈਠੇ ਰਹਿੰਦੇ! ਅਸਲ ਵਿੱਚ ਸਾਰੀ ਗੜਬੜ ਇੱਥੇ ਹੀ ਹੈ। ਰੱਬ ਅਤੇ ਧਰਮ ਮਨੁੱਖ ਨੂੰ ਅਜਿਹੇ ਗਧੀਗੇੜ ਵਿੱਚ ਪਾ ਦਿੰਦੇ ਹਨ ਕਿ ਉਹ ਕਿਤੇ ਜੋਗਾ ਨਹੀਂ ਰਹਿੰਦਾ। ਇੱਕ ਤਰਕਸ਼ੀਲ ਵਿਅਕਤੀ ਹੀ ਕਿਸੇ ਸਮੱਸਿਆ ਦੇ ਸਹੀ ਕਾਰਣ ਤੇ ਹੱਲ ਬਾਰੇ ਜਾਣ ਸਕਦਾ ਹੈ। ਉਸਨੂੰ ਪਤਾ ਹੈ ਕਿ ਧਰਮ ਤੇ ਰੱਬ ਕਿਸੇ ਵਿਅਕਤੀ ਨੂੰ ਨੈਤਿਕ ਨਹੀਂ ਬਣਾ ਸਕਦੇ। ਸਾਰੀ ਗੜਬੜ ਗਲਤ ਵਿਵਸਥਾ ਦੇ ਕਾਰਨ ਹੈ। ਸਮਾਜ ਤੇ ਦੇਸ਼ ਦੀ ਨੀਂਹ ਹੀ ਗਲਤ ਢੰਗ ਨਾਲ ਰੱਖੀ ਗਈ ਹੈ। ਇਸ ਵਿੱਚ ਬਦਲਾਵ ਜ਼ਰੂਰੀ ਹੈ। ਇੱਕ ਨਵੀਂ ਵਿਵਸਥਾ ਦਾ ਨਿਰਮਾਣ ਕਰਨਾ ਪੈਣਾ ਹੈ, ਜਿਸ ਵਿੱਚ ਹਰ ਵਿਅਕਤੀ ਦੀਆਂ ਮੌਲਿਕ ਲੋੜਾਂ ਦਾ ਧਿਆਨ ਰੱਖਿਆ ਜਾ ਸਕੇ। ਸਭ ਨੂੰ ਬਰਾਬਰੀ ਦਾ ਦਰਜਾ ਮਿਲੇ ਤੇ ਸਭ ਲਈ ਸਿਹਤ, ਸਿੱਖਿਆ, ਰੋਜ਼ਗਾਰ, ਸਾਹਿਤ ਤੇ ਕਲਾ ਆਦਿ ਵਿੱਚ ਬਰਾਬਰੀ ਦਾ ਮੌਕਾ ਮਿਲੇ। ਯੋਗਤਾ ਦੇ ਅਧਾਰ ਤੇ ਸਭ ਨੂੰ ਕੰਮ ਅਤੇ ਕੰਮ ਦੇ ਅਧਾਰ ਉਤੇ ਮਿਹਨਤਾਨਾ ਮਿਲੇ। ਕਿਰਤ ਦਾ ਸਤਿਕਾਰ ਹੋਵੇ। ਜਿਸ ਨਿਆਂਕਾਰੀ, ਦਿਆਲੂ, ਕ੍ਰਿਪਾਲੂ ਪਾਲਣਹਾਰ ਰੱਬ ਦਾ ਢਿੰਡੋਰਾ ਪਿੱਟਿਆ ਜਾਂਦਾ ਹੈ, ਉਸਦੀ ਸਹੀ ਅਰਥਾਂ ਵਿੱਚ ਸਾਨੂੰ ਵੀ ਤਲਾਸ਼ ਹੈ।



ਅਸੀਂ ਵੀ ਚਾਹੁੰਦੇ ਹਾਂ ਕਿ ਜਲਦੀ ਤੋਂ ਜਲਦੀ ਅਜਿਹੀ ਵਿਵਸਥਾ ਲਾਗੂ ਹੋਵੇ। ਪਰ ਅਜਿਹਾ ਕੰਮ ਕੋਈ ਇਕੱਲਾ ਵਿਅਕਤੀ ਜਾਂ ਰੱਬ ਆਦਿ ਨਹੀਂ ਕਰ ਸਕਦਾ। ਇਸ ਵਾਸਤੇ ਵੱਡੇ ਪੈਮਾਨੇ ਉਤੇ ਜਨਤਾ ਦਾ ਜਾਗ੍ਰਿਤ ਹੋਣਾ ਜ਼ਰੂਰੀ ਹੈ। ਇਸ ਦੀ ਪ੍ਰਾਪਤੀ ਲਈ ਰੱਬ ਤੇ ਧਰਮ ਦੇ ਕਲਪਿਤ ਵਿਚਾਰਾਂ ਨੂੰ ਸਹੀ ਅਰਥਾਂ ਵਿੱਚ ਸਾਕਾਰ ਕਰਨਾ ਜ਼ਰੂਰੀ ਹੈ। ਸਾਨੂੰ ਸਭ ਨੂੰ ਬਰਾਬਰ ਸਮਝਣ, ਇੱਕੋ ਜਿਹਾ ਨਿਆਂ ਦੇਣ, ਪਾਲਣਹਾਰ ਬਣਨ ਤੇ ਭੇਦ ਭਾਵ ਤੋਂ ਰਹਿਤ, ਨਿਰਪੱਖ, ਨਿਰਵੈਰ, ਕਲਿਆਣਕਾਰੀ (ਰੱਬ ਵਰਗੀ) ਵਿਵਸਥਾ ਦੀ ਲੋੜ ਹੈ, ਜਿਸ ਵਿੱਚ ਕਿਸੇ ਵਿਸ਼ੇਸ਼ ਵਰਗ ਜਾਂ ਜਾਤੀ ਦਾ ਨਹੀਂ, ਸਗੋਂ ਪੂਰੀ ਮਾਨਵਤਾ ਦੇ ਹਿੱਤਾਂ ਦਾ ਖਿਆਲ ਰੱਖਿਆ ਜਾਵੇ ਅਤੇ ਮਨੁੱਖੀ ਸਮਾਜ ਜਾਤ, ਧਰਮ ਤੇ ਰੱਬ ਤੋਂ ਰਹਿਤ ਹੋ ਕੇ ਪੂਰਾ ਨੈਤਿਕ ਬਣ ਜਾਵੇ। ਅਜਿਹੀ ਵਿਵਸਥਾ ਕੇਵਲ ਤਰਕਸ਼ੀਲਤਾ ਦੁਆਰਾ ਹੀ ਸੰਭਵ ਹੈ।

ਡਾ. ਇਬਰਾਮ ਟੀ. ਕਾਵੂਰ ਦੇ ਨਾਂ

# ਮਾਸਟਰ ਜੀ ਦੀ ਤਰਕੀਬ

- ਪ੍ਰੋ. ਹਮਦਰਦਵੀਰ ਨੌਸ਼ਹਿਰਵੀ

- ਬੱਚਾ ਕਿਹੜੀ ਜਮਾਤ ਵਿੱਚ ਪੜ੍ਹਦੇ ਹੋ?

- ਜੀ ਅੱਠਵੀਂ ਵਿੱਚ, ਛੇਤੀ ਹੀ ਪੱਕੇ ਪਰਚੇ ਸ਼ੁਰੂ ਹੋਣ ਵਾਲੇ ਹਨ।

- ਹੱਛਾ, ਆਪਣਾ ਖੱਬਾ ਹੱਥ ਅੱਗੇ ਕਰੋ।

- ਮੈਂ ਆਪਣਾ ਖੱਬਾ ਹੱਥ ਅੱਗੇ ਕੀਤਾ।

ਉਸ ਨੇ ਹਥੇਲੀ ਉੱਤੇ ਪੁੱਠਾ ਪੈਨਸਿਲ ਫੇਰਦਿਆਂ ਕਿਹਾ - ਮੁਸ਼ਕਲ ਹੈ।

- ਕੀ ਮੁਸ਼ਕਲ ਹੈ? ਮੈਂ ਪੁੱਛਿਆ। ਮੈਂ ਪਾਸ ਤਾਂ ਹੋ ਜਾਵਾਂਗਾ ਨਾ!

- ਮੁਸ਼ਕਲ ਹੈ। ਤੂੰ ਤਾਂ ਫੇਲ੍ਹ ਹੋ ਰਿਹਾ ਏਂ। ਕੁਛ ਕਰਨਾ ਪਵੇਗਾ।

- ਕੀ ਕਰਨਾ ਪਵੇਗਾ ਪੰਡਤ ਜੀ?

- ਜਾ ਪਹਿਲਾਂ ਆਪਣੀ ਬੀਬੀ ਪਾਸੋਂ ਦਸ ਰੁਪਏ ਲੈ ਕੇ ਆ।

ਮੈਂ ਆਪਣੀ ਵੱਡੀ ਭੈਣ ਪਾਸੋਂ ਰੁਪਏ ਲੈ ਕੇ ਗਿਆ। ਟੇਵੇਬਾਜ਼ ਨੂੰ ਇਹ ਪੈਸੇ ਦਿੱਤੇ। ਉਹ ਪੱਤਰੀ ਖੋਹਲ ਕੇ ਬੈਠ ਗਿਆ।

ਬੱਚਾ, ਹੁਣ ਸ਼ਾਇਦ ਤੂੰ ਪਾਸ ਹੋ ਜਾਵੇ, ਪਰ ਤੇਰੇ ਕਰਮਾਂ ਵਿੱਚ ਪੜ੍ਹਾਈ ਨਹੀਂ ਹੈ। ਤੇਰੀ ਕਿਸਮਤ ਵਿੱਚ ਪੜ੍ਹਾਈ ਹੈ ਹੀ ਨਹੀਂ। ਅੱਠਵੀਂ ਦੇ ਇਮਤਿਹਾਨ ਸਿਰ ਉੱਤੇ ਸਨ। ਕਿਤਾਬਾਂ ਫੜ੍ਹਨ ਨੂੰ ਮੇਰਾ ਦਿਲ ਨਹੀਂ ਸੀ ਕਰਦਾ। ਘਰਦਿਆਂ ਦੇ ਕਹੇ ਕਹਾਏ ਮੈਂ ਪੜ੍ਹਨ ਦਾ ਯਤਨ ਕਰਦਾ ਪਰ ਮਨ ਨਾ ਲੱਗਦਾ। ਪਤਾ ਨਹੀਂ ਮੈਂ ਅੱਠਵੀਂ ਜਮਾਤ ਵੀ ਪਾਸ ਕਰ ਸਕਾਂ ਕਿ ਨਾ।

ਮੇਰੇ ਤਾਏ ਦੇ ਘਰ ਇੱਕ ਮੌਨਧਾਰੀ ਸਾਧ ਆਇਆ ਕਰਦਾ ਸੀ। ਉਸ ਦੀ ਜ਼ਿਆਦਾ ਸੇਵਾ ਕੀਤੀ ਜਾਂਦੀ ਸੀ। ਉਸ ਦੇ ਖਾਣ-ਪੀਣ ਤੇ ਪਹਿਨਣ ਦਾ ਪੂਰਾ ਖਿਆਲ ਰੱਖਿਆ ਜਾਂਦਾ ਸੀ। ਅੱਜਕੱਲ੍ਹ ਉਹ ਸਾਧ ਫੇਰ ਆਇਆ ਹੋਇਆ ਸੀ। ਚੁਬਾਰੇ ਵਿੱਚ ਅਰਾਮ ਕਰ ਰਿਹਾ ਸੀ।

ਅੱਠਵੀਂ ਦਾ ਅੱਜ ਮੇਰਾ ਪਹਿਲਾ ਪਰਚਾ ਸੀ। ਤਿਆਰ ਹੋ ਕੇ ਸਕੂਲ ਜਾਣ ਲੱਗਿਆ, ਮੈਂ ਬਾਬਾ ਜੀ ਤੋਂ ਆਸ਼ੀਰਵਾਦ ਲੈਣ ਗਿਆ। ਸਵੇਰ ਦੇ ਅੱਠ ਵਜੇ ਸਨ। ਬਾਬਾ ਜੀ ਹਾਲੀ ਸੌਂ ਰਹੇ ਸਨ। ਦੁੱਧ ਚਿੱਟਾ ਬਿਸਤਰਾ, ਦੁੱਧ ਚਿੱਟੇ ਵਸਤਰ, ਪਲੰਘ ਦੇ ਨੇੜੇ ਪਏ ਟੇਬਲ ਉੱਤੇ ਪਾਣੀ ਦਾ ਜੱਗ ਤੇ ਦੋ ਗਲਾਸ। ਦੋ ਤਿੰਨ ਡੱਬੇ ਵੀ ਪਏ ਸਨ।

ਮੈਂ ਬਾਬੇ ਦੇ ਪੈਰੀਂ ਹੱਥ ਲਾਏ। ਪੈਰ ਚਿੱਟੇ ਚਾਦਰ ਹੇਠ ਲੁਕੇ ਹੋਏ ਸਨ। ਲਗਦਾ ਸੀ ਉਸਨੇ ਇਸ਼ਾਰੇ ਨਾਲ ਮੈਨੂੰ ਕੁਝ ਪੁੱਛਿਆ ਸੀ। ਮੈਂ ਹੱਥ ਜੋੜ ਕੇ ਕਿਹਾ, ਬਾਬਾ ਜੀ, ਅੱਠਵੀਂ ਦਾ ਅੱਜ ਮੇਰਾ ਪਹਿਲਾਂ ਪਰਚਾ ਹੈ। ਮੈਨੂੰ ਅਸੀਸ ਦਿਓ ਕਿ ਮੈਂ ਪਾਸ ਹੋ ਜਾਵਾਂ।

ਬਾਬਾ ਜੀ ਪਲੰਘ ਉੱਤੇ ਚੌਕੜੀ ਮਾਰ ਕੇ ਬੈਠ ਗਏ। ਸਿਰਹਾਣੇ ਹੇਠੋਂ ਕੱਢ ਕੇ ਸਿਰੀ ਸਾਹਿਬ ਉਸ ਨੇ ਪਹਿਨ ਲਿਆ। ਉਸ ਨੇ ਆਪਣੀ ਪਗੜੀ ਨੂੰ ਹੱਥ ਲਾਇਆ-ਇੱਕ ਉਂਗਲੀ ਖੜ੍ਹੀ ਕੀਤੀ। ਆਪਣੀ ਜੇਬ ਵਿੱਚੋਂ ਬਟੂਆ ਕੱਢਿਆ। ਸ਼ਾਇਦ ਇਹ ਕਿਹਾ ਸੀ ਕਿ ਇੱਕ ਨਵੀਂ ਪਗੜੀ ਚਾਹੀਦੀ ਹੈ। ਅਤੇ ਪੰਜ ਉਂਗਲਾਂ ਤੇ ਬਟੂਏ ਦਾ ਮਤਲਬ ਸ਼ਾਇਦ ਇਹ ਸੀ ਕਿ ਪੰਜ ਸੌ ਰੁਪਏ ਮੱਥਾ ਟੇਕੋ। ਫੇਰ ਸਾਧ ਨੇ ਨੇੜੇ ਪਈ ਸਲੇਟੀ ਚੁੱਕ ਕੇ ਸਲੇਟ ਉੱਤੇ ਲਿਖਿਆ ਪਸਾ।

-ਮੈਂ ਪੁੱਛਿਆ ਬਾਬਾ ਜੀ ਇਹ ਪਸਾ ਕੀ ਹੋਇਆ?

ਬਾਬਾ ਜੀ ਨੇ



ਸਲੇਟ ਉੱਤੇ ਆਖਰੀ ਕੰਨਾ ਪੂੰਝ ਕੇ ਵਿਚਾਲੇ ਪਾ ਦਿੱਤਾ ਪਾਸ।

ਸ਼ਾਇਦ ਬਾਬਾ ਜੀ ਨੂੰ ਪੰਜਾਬੀ ਗੁਜ਼ਾਰੇ ਜੋਗੀ ਹੀ ਆਉਂਦੀ ਸੀ।

ਮੈਨੂੰ ਸਕੂਲ ਤੋਂ ਦੇਰ ਹੋ ਰਹੀ ਸੀ। ਮੈਂ ਪੇਪਰ ਦੇਣ ਚਲਾ ਗਿਆ। ਖੁਸ਼ ਸਾਂ ਕਿ ਬਾਬਾ ਜੀ ਨੇ ਮੈਨੂੰ ਪਾਸ ਕਰ ਦਿੱਤਾ ਸੀ। ਉਦਾਸ ਵੀ ਸਾਂ ਕਿ ਨਵੀਂ ਚਿੱਟੀ ਪਗੜੀ ਅਤੇ ਪੰਜ ਸੌ ਰੁਪਏ ਦਾ ਮੈਂ ਜੁਗਾੜ ਕਿਵੇਂ ਕਰਾਂਗਾ। ਸੋਚ ਰਿਹਾ ਸਾਂ। ਵੱਡਾ ਹੋ ਕੇ ਬਾਬਾ ਜੀ ਨੂੰ ਇਹ ਪੈਸੇ ਭੇਂਟ ਕਰ ਦਿਆਂਗਾ।

ਮੈਂ ਅੱਠਵੀਂ ਦੇ ਪਰਚੇ ਦਿੰਦਾ ਰਿਹਾ। ਸਵੇਰ ਸ਼ਾਮ ਬਾਬਾ ਜੀ ਦੀ ਸੇਵਾ ਵੀ ਕਰਦਾ ਰਿਹਾ। ਬਾਬਾ ਜੀ ਅੰਨ ਨਹੀਂ ਸਨ ਖਾਂਦੇ। ਸਿਰਫ਼ ਤਰਲ ਪਦਾਰਥ ਹੀ ਪੀਂਦੇ ਸਨ-ਦੁੱਧ, ਖੀਰ, ਦਹੀਂ, ਜੂਸ ਤੇ ਨਾਲ ਨਾਲ ਬਦਾਮ, ਕਾਜੂ, ਪਿਸਤਾ, ਸ਼ੁੱਧ ਖੋਏ ਦੇ ਪੇੜੇ ਆਦਿ ਖਾਂਦੇ ਸਨ।

ਪੰਦਰਾਂ ਵੀਹ ਦਿਨਾਂ ਬਾਅਦ ਮੌਨਧਾਰੀ ਸਾਧ ਕਿਸੇ ਹੋਰ ਪਿੰਡ ਕਿਸੇ ਹੋਰ ਸ਼ਰਧਾਲੂ ਦੇ ਘਰ ਭਾਗ ਲਾਉਣ ਚਲਾ ਗਿਆ।

ਅੱਠਵੀਂ ਵਿੱਚੋਂ ਮੈਂ ਫਸਟ ਕਲਾਸ ਵਿੱਚ ਪਾਸ ਹੋਇਆ। ਪਰ ਅੱਗੇ ਪੜ੍ਹਨ ਤੋਂ ਇਨਕਾਰ ਕਰ ਦਿੱਤਾ। ਮੈਂ ਕਿਹੜਾ ਪਾਸ ਹੋਣਾ ਸੀ। ਮੇਰੇ ਕਰਮਾਂ ਵਿੱਚ ਤਾਂ ਪੜ੍ਹਾਈ ਹੈ ਹੀ ਨਹੀਂ ਸੀ।

ਘਰਦਿਆਂ, ਮੈਨੂੰ ਬਦਬਦੀ ਖਾਲਸਾ ਹਾਈ ਸਕੂਲ ਸਰਹਾਲੀ ਕਲਾਂ ਵਿੱਚ ਨੌਵੀ ਜਮਾਤ ਵਿੱਚ ਦਾਖਲ ਕਰਾ ਦਿੱਤਾ। ਪਰ ਮੇਰਾ ਪੜ੍ਹਾਈ ਵਿੱਚ ਦਿਲ ਨਹੀਂ ਸੀ ਲਗ ਰਿਹਾ। ਕਿਤਾਬ ਖੋਹਲਦਾ ਤਾਂ ਮੇਰੀਆਂ ਅੱਖਾਂ ਸਾਹਮਣੇ ਟੇਵੇਬਾਜ਼ ਪੰਡਤ ਦੀ ਪੱਤਰੀ ਆ ਜਾਂਦੀ। ਜਮਾਤ ਵਿੱਚ ਬੈਠਦਾ ਤਾਂ ਲਗਾਤਾਰ ਆਪਣੇ ਬਲੈਕ ਬੋਰਡ ਵੱਲ ਹੀ ਵੇਖੀ ਜਾਂਦਾ। ਇੱਕ ਬਹੁਤ ਸਿਆਣੇ ਅਧਿਆਪਕ ਸਰਦਾਰ ਹਰਬੰਸ ਸਿੰਘ ਨੇ ਅੱਡ ਬੁਲਾ ਕੇ ਮੈਨੂੰ ਸਮਝਾਇਆ ਕਿ ਮੈਂ ਪੜ੍ਹਾਈ ਵੱਲ ਧਿਆਨ ਦਿਆਂ ਕਰਾਂ। ਪੱਤਰੀ ਵਾਲੀ ਗੱਲ ਮੈਂ ਮਾਸਟਰ ਹਰਬੰਸ ਸਿੰਘ ਨੂੰ ਦੱਸੀ। ਸਰਦਾਰ ਹਰਬੰਸ ਸਿੰਘ ਸੋਚੀ ਪੈ ਗਏ। ਕਈ ਦਿਨ ਗੁਜ਼ਰ ਗਏ। ਮਾਸਟਰ ਹਰਬੰਸ ਸਿੰਘ ਨੇ ਫੇਰ ਮੈਨੂੰ ਕਦੀ ਕਲਾਸ ਵਿੱਚ ਖੜ੍ਹਾ ਨਾ ਕੀਤਾ। ਦੂਸਰੇ ਵਿਦਿਆਰਥੀਆਂ ਨੂੰ ਵਾਰੀ ਵਾਰੀ ਕੋਈ ਸਵਾਲ ਪੁੱਛਦੇ ਪਰ ਮੈਨੂੰ ਵਿੱਚੋਂ ਛੱਡ ਜਾਂਦੇ। ਮੈਨੂੰ ਬੜਾ ਮਾੜਾ ਲੱਗਦਾ। ਮੈਂ ਆਪਣੇ ਆਪ ਨੂੰ ਨਖਿਧ ਸਮਝਣ ਲੱਗ ਪਿਆ। ਐਵੇਂ ਬੋਝ।

ਮੈਂ ਬਿਲਕੁਲ ਨੇੜੇ ਦੇ ਗੁਆਂਢੀ ਤੇ ਮਿੱਤਰ ਜਮਾਤੀ ਗੁਰਚਰਨ ਸਿੰਘ ਚੰਨੇ ਨੂੰ ਆਪਣੀ ਸਮੱਸਿਆ ਦੱਸੀ। ਚੰਨੇ ਨੇ ਕੋਈ ਉਤਸ਼ਾਹ ਨਾ ਦਿੱਤਾ। ਜੋਤਸ਼ੀਆਂ ਦੀਆਂ ਗੱਲਾਂ ਸੱਚੀਆਂ ਹੀ ਹੁੰਦੀਆਂ ਹਨ, ਚੰਨੇ ਨੇ ਕਿਹਾ।

ਕਈ ਦਿਨ ਹੋਰ ਗੁਜ਼ਰ ਗਏ।

ਇੱਕ ਦਿਨ ਚੰਨਾ ਮੈਨੂੰ ਚੋਹਲਾ ਸਾਹਿਬ ਦੇ ਮੇਲੇ ਲੈ ਗਿਆ।

ਮੈਂ ਜਾਣ ਤੋਂ ਨਾਂਹ ਕੀਤੀ ਸੀ। ਪਰ ਚੰਨਾ ਮੈਨੂੰ ਬਦੋਬਦੀ ਮੇਲੇ ਲੈ ਗਿਆ। ਇਹ ਕਹਿੰਦਿਆਂ ਹੋਇਆ ਕਿ ਮੇਰਾ ਦਿਲ ਹੋਰ ਪਾਸੇ ਜਾਵੇਗਾ। ਫਾਹੂ ਸੋਚ ਤੋਂ ਛੁਟਕਾਰਾ ਮਿਲੇਗਾ।

ਮੇਲੇ ਵਿੱਚ ਇੱਕ ਜੋਤਸ਼ੀ ਜੀ ਤਪੜੀ ਵਿਛਾਈ ਤੇ ਆਪਣੀ ਪੋਥੀਆਂ ਖੋਹਲੀ ਬੈਠਾ ਸੀ। ਅਸੀਂ ਕੇਲੇ ਖਾਂਦੇ ਹੋਏ, ਜੋਤਸ਼ੀ ਦੇ ਲਾਗੋਂ ਦੀ ਲੰਘੇ।

ਮੇਰਾ ਧਿਆਨ ਜੋਤਸ਼ੀ ਦੀ ਪੱਤਰੀ ਵੱਲ ਗਿਆ। ਪਰ ਚੰਨੇ ਨੇ ਕੋਈ ਧਿਆਨ ਨਾ ਦਿੱਤਾ। ਅਸੀਂ ਮੇਲੇ ਦੀ ਭੀੜ ਵਿੱਚ ਘੁੰਮਦੇ ਘੁੰਮਦੇ ਫੇਰ ਜੋਤਸ਼ੀ ਲਾਗੋਂ ਦੀ ਲੰਘੇ। ਦੋ ਔਰਤਾਂ ਜੋਤਸ਼ੀ ਨੂੰ ਹੱਥ ਵਿਖਾ ਰਹੀਆਂ ਸਨ। ਚੰਨੇ ਕਿਹਾ, ਚੱਲ ਆਪਾਂ ਵੀ ਜੋਤਸ਼ੀ ਨੂੰ ਤੇਰਾ ਹੱਥ ਵਿਖਾ ਲੈਂਦੇ ਹਾਂ। ਸ਼ਾਇਦ ਪੜ੍ਹਾਈ ਪੜ੍ਹਈ ਦੀ ਕੋਈ ਚੰਗੀ ਗੱਲ ਗੁਲ ਦੱਸ ਦੇਵੇ। ਮੈਂ ਨਾਂਹ ਕਰਦਾ ਰਿਹਾ ਪਰ ਚੰਨੇ ਨੇ ਬਦੋਬਦੀ ਮੇਰਾ ਹੱਥ ਫੜਕੇ ਜੋਤਸ਼ੀ ਦੇ ਹੱਥਾਂ ਵਿੱਚ ਦੇ ਦਿੱਤਾ।

- ਬੱਚਾ ਵੀ ਪੁਛਣਾ ਚਾਹੁੰਦੇ ਹੋ। ਨੌਕਰੀ? ਸ਼ਾਦੀ?

- ਨਹੀਂ ਪੰਡਤ ਜੀ ਤੁਸੀਂ, ਪੱਤਰੀ ਵੇਖ ਕੇ ਦੱਸੋ ਕਿ ਮੇਰੇ ਇਸ ਵੀਰ ਦੇ ਭਾਗਾਂ ਵਿੱਚ ਪੜ੍ਹਾਈ ਹੈ ਕਿ ਨਹੀਂ? ਹੁਣ ਇਹ ਨੌਵੀਂ ਵਿੱਚ ਪੜ੍ਹਦਾ ਹੈ।

ਜੋਤਸ਼ੀ ਨੇ ਮੇਰੇ ਖੱਬੇ ਹੱਥ ਦੀਆਂ ਰੇਖਾਵਾਂ ਵੇਖੀਆਂ। ਪੱਤਰੀ ਦੇਖੀ ਸੋਚਣ ਲੱਗਾ।

ਕੁਝ ਮਿੰਟ ਰੁਕ ਕੇ ਜੋਤਸ਼ੀ ਨੇ ਕਿਹਾ, ਬੱਚਾ ਤੂੰ ਵੱਡੇ ਗਰੋਹ ਵਿੱਚੋਂ ਦੀ ਲੰਘ ਰਿਹਾ ਹੈ। ਤੇਰੇ ਦਿਮਾਗ ਉੱਤੇ ਕਿਸੇ ਨੇ ਕੁਝ ਧੂੜ ਦਿੱਤਾ ਹੈ।

- ਫੇਰ ਵੀ ਪੰਡਤ ਜੀ, ਦੱਸੋ ਨਾ ਮੇਰੇ ਮਿੱਤਰ ਦੀ ਕਿਸਮਤ ਵਿੱਚ ਪੜ੍ਹਾਈ ਹੈ ਕਿ ਨਹੀਂ?

- ਬੱਚਾ ਤੇਰੇ ਮਿੱਤਰ ਦਾ ਗਰੋਹ ਟਲਣ ਹੀ ਵਾਲਾ ਹੈ। ਇਸ ਦੀ ਕਿਸਮਤ ਵਿੱਚ ਬਹੁਤ ਉੱਚੀ ਪੜ੍ਹਾਈ ਲਿਖੀ ਹੋਈ ਹੈ। ਕਈ ਡਿੱਗਰੀਆਂ ਇਹ ਪਾਸ ਕਰੇਗਾ ਤੇ ਵੱਡਾ ਅਫਸਰ ਬਣੇਗਾ।

ਮੇਰਾ ਚਿਹਰਾ ਇੱਕ ਦਮ ਖਿੜ ਪਿਆ।

- ਪੰਡਤ ਜੀ ਤੁਹਾਡੀ ਫੀਸ?

- ਸਿਰਫ਼ ਦਸ ਰੁਪਏ ਬੇਟੇ।

ਅਸੀਂ ਮੇਲੇ ਤੋਂ ਬਾਹਰ ਆਏ। ਚੰਨਾ ਮੈਨੂੰ ਕਹਿ ਰਿਹਾ ਸੀ। ਪਹਿਲਾ ਪੱਤਰੀਵਾਚ ਗਲਤ ਸੀ। ਇਸ ਪੰਡਤ ਨੇ ਬਿਲਕੁਲ ਠੀਕ ਕਿਹਾ ਤੇਰਾ ਗਰੋਹ ਹੁਣ ਕੱਟਿਆ ਗਿਆ।

ਪਹਿਲਾਂ ਵਾਂਗ ਹੀ ਮੈਂ ਤੇ ਚੰਨਾ ਇਕੱਠੇ ਸਕੂਲ ਜਾਂਦੇ ਰਹੇ। ਸ਼ਾਮ ਨੂੰ ਚੰਨਾ ਸਕੂਲ ਦਾ ਕੰਮ ਕਰਨ ਸਾਡੇ ਘਰ ਆ ਜਾਂਦਾ। ਅਸੀਂ ਇਕੱਠੇ ਹੋਮ ਵਰਕ ਕਰਦੇ। ਹੁਣ ਮੈਂ ਆਪ ਹੱਥ ਖੜ੍ਹਾ ਕਰਕੇ, ਮਾਸਟਰ ਹਰਬੰਸ ਸਿੰਘ ਦੇ ਸਵਾਲਾਂ ਦਾ ਜਵਾਬ ਦੇਣ ਲੱਗ ਪਿਆ ਸੀ।

ਸਮਾਂ ਬੀਤਦਾ ਗਿਆ। ਮੈਂ ਪਹਿਲੇ ਦਰਜੇ ਕਲਾਸ ਵਿੱਚ ਦਸਵੀਂ ਪਾਸ ਕਰਕੇ ਗਿਆਨੀ ਪਾਸ ਕਰ ਲਈ। ਬਰਾਸਤਾ ਬਠਿੰਡਾ ਬੀ. ਏ. ਵੀ ਪਾਸ ਕਰ ਲਈ। ਕਾਲਜ ਦੇ ਮਹਿੰਗੇ ਦਰ ਮੇਰੇ ਲਈ ਬੰਦ ਸਨ। ਅਗਲੀ ਪੜ੍ਹਾਈ ਲਈ ਦਰ ਖੋਹਲਣ ਲਈ ਮੈਂ ਭਾਰਤੀ ਹਵਾਈ ਸੈਨਾ ਵਿੱਚ ਭਰਤੀ ਹੋ ਗਿਆ। ਕਮਾਈ ਦੇ ਨਾਲ ਨਾਲ ਪੜ੍ਹਾਈ ਜਾਰੀ ਰਹੀ। ਮੈਂ ਇੱਕ ਐਮ. ਏ. ਪਾਸ ਕੀਤੀ। ਦੂਜੀ ਐਮ. ਏ. ਫੇਰ ਤੀਜੀ ਐਮ. ਏ. ਪਾਸ ਕੀਤੀ।

ਕਈ ਸਾਲ ਬੀਤ ਗਏ।

ਮੈਂ ਕਾਲਜ ਵਿੱਚ ਪਰੋਫੈਸਰ ਲਗ ਗਿਆ।

ਕਦੀ-ਕਦੀ ਪਿੰਡ ਆਉਂਦਾ। ਮੌਨਧਾਰੀ ਬਾਬਾ ਜੀ ਦੇ ਬਾਰੇ ਪੁੱਛਦਾ।

ਕਿਸੇ ਨੇ ਮੈਨੂੰ ਦੱਸਿਆ ਕਿ ਮੌਨਧਾਰੀ ਸਾਧ ਡਰੱਗ

ਸਮਗਲਿੰਗ ਕੇਸ ਵਿੱਚ ਜੇਲ ਦੀ ਲੰਮੀ ਸ਼ਜਾ ਕਟ ਕੇ ਆਇਆ ਸੀ। ਪੁਲਸ ਨੇ ਉਸ ਦਾ ਮੌਨ ਤੋੜ ਦਿੱਤਾ ਸੀ।

ਕਾਫ਼ੀ ਸਮਾਂ ਬਾਅਦ ਮੈਨੂੰ ਘਰੋਂ ਸੱਦਾ ਆਇਆ ਕਿ ਘਰ ਵਿੱਚ ਖੁਸ਼ੀ ਵਜੋਂ ਅਖੰਡ ਪਾਠ ਸਾਹਿਬ ਰੱਖਿਆ ਜਾ ਰਿਹਾ ਹੈ, ਮੈਂ ਜ਼ਰੂਰ ਪਹੁੰਚਾ।

ਮੈਂ ਪਿੰਡ ਆਪਣੇ ਘਰ ਗਿਆ। ਉਹ ਮੌਨਧਾਰੀ ਸਾਧ ਜਿਹੜਾ ਹੁਣ ਬੋਲਣ ਲੱਗ ਪਿਆ ਸੀ। ਆਇਆ ਹੋਇਆ ਸੀ। ਉਸਨੇ ਆਪਣੇ ਭਗਤਾਂ ਨੂੰ ਦੱਸਿਆ ਕਿ ਉਹ ਪੰਦਰਾਂ ਸਾਲ ਜੰਗਲਾਂ ਵਿੱਚ ਤਪ ਕਰਨ ਚਲਾ ਗਿਆ ਸੀ।

ਅਖੰਡ ਪਾਠ ਸਾਹਿਬ ਦੇ ਦੂਜੇ ਦਿਨ ਇੱਕ ਪਾਠੀ ਨਾ ਆ ਸਕਿਆ। ਬਾਬਾ ਜੀ ਨੂੰ ਕਿਹਾ ਕਿ ਉਹ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਵਿੱਚ ਬੈਠ ਜਾਣ। ਤੇ ਗੈਰ ਹਾਜ਼ਰ ਪਾਠੀ ਦੀ ਡਿਊਟੀ ਨਿਭਾਉਣ।

ਬਾਬਾ ਜੀ ਨੇ ਕੰਨਾਂ ਨੂੰ ਹੱਥ ਲਾਉਂਦਿਆਂ ਕਿਹਾ ਨਾ, ਨਾ ਮੈਂ ਅੱਜ ਮਹਾਰਾਜ ਦੇ ਨੇੜੇ ਨਹੀਂ ਜਾ ਸਕਦਾ। ਮੈਂ ਤਾਂ ਇੱਕ ਗਲਤ ਚੀਜ਼ ਪੀਤੀ ਹੋਈ ਹੈ।

ਅਗਲੀ ਸਵੇਰੇ ਬਾਬਾ ਸਾਧ ਜੰਗਲਪਾਣੀ ਗਿਆ। ਰਾਤ ਤੱਕ ਵਾਪਸ ਹੀ ਨਾ ਆਇਆ। ਅਗਲੇ ਦਿਨ ਅਖੰਡ ਪਾਠ ਸਾਹਿਬ ਦਾ ਭੋਗ ਪੈ ਗਿਆ ਸੀ। ਬਾਬਾ ਜੀ ਨੇ ਕੀਰਤਨ ਕਰਨਾ ਸੀ ਪਰ ਬਾਬਾ ਗੈਰ ਹਾਜ਼ਰ ਸੀ। ਲੋਕ ਕਹਿੰਦੇ ਸਨ ਬਾਬਾ ਜੀ ਦਾ ਗੁਰਬਾਣੀ ਗਿਆਨ ਤਾਂ ਸਤਿਨਾਮ-ਵਾਹਿਗੁਰੂ ਤਕ ਹੀ ਸੀ।

ਮੇਰਾ ਪੁਰਾਣਾ ਜਮਾਤੀ ਮਿੱਤਰ ਗੁਰਚਰਨ ਸਿੰਘ ਚੰਨਾ ਫ਼ੌਜ ਵਿੱਚ ਵੀਹ ਸਾਲ ਸੇਵਾ ਕਰਕੇ ਪੈਨਸ਼ਨ ਆ ਗਿਆ ਸੀ। ਚੰਨਾ ਵੀ ਅਖੰਡ ਪਾਠ ਦੇ ਭੋਗ ਸਮੇਂ ਹਾਜ਼ਰ ਸੀ।

ਲੰਗਰ ਦੀ ਪੰਗਤ ਵਿੱਚ ਮੈਂ ਤੇ ਚੰਨਾ ਨਾਲ ਨਾਲ ਬੈਠੇ ਲੰਗਰ ਛਕ ਰਹੇ ਸਾਂ। ਚੰਨੇ ਨੇ ਮੈਨੂੰ ਕਿਹਾ, ਤੈਨੂੰ ਇੱਕ ਰਾਜ ਦੀ ਗੱਲ ਦੱਸਾਂ। ਕਈ ਸਾਲ ਪਹਿਲਾਂ ਨੌਵੀ ਜਮਾਤ ਵਿੱਚ ਪੜ੍ਹਦਿਆਂ ਆਪਾਂ ਚੋਹਲਾ ਸਾਹਿਬ ਦਾ ਮੇਲਾ ਵੇਖਣ ਗਏ ਸਾਂ ਨਾ।

- ਹਾਂ

- ਤੂੰ ਉੱਥੇ ਜੋਤਸ਼ੀ ਨੂੰ ਹੱਥ ਵਿਖਾਇਆ ਨਾ।

- ਉਹ ਜੋਤਸ਼ੀ ਨਹੀਂ ਸੀ। ਮਾਸਟਰ ਹਰਬੰਸ ਸਿੰਘ ਦਾ ਇੱਕ ਪੁਰਾਣਾ ਵਿਦਿਆਰਥੀ ਸੀ। ਜੋ ਆਪ ਵੀ ਅਧਿਆਪਕ ਲੱਗਾ ਹੋਇਆ ਸੀ। ਇਹ ਸਾਰੀ ਤਕਰੀਬ ਮਾਸਟਰ ਹਰਬੰਸ ਸਿੰਘ ਦੀ ਸੀ।

- ਹੁਣ ਮਾਸਟਰ ਹਰਬੰਸ ਸਿੰਘ ਜੀ ਕਿੱਥੇ ਰਹਿੰਦੇ ਹਨ?

- ਦੇਰ ਹੋਈ ਉਹ ਤਾਂ ਗੁਜ਼ਰ ਗਏ ਸਨ।

- ਅਸੀਂ ਲੰਗਰ ਛਕ ਲਿਆ ਸੀ। ਚੰਨਾ ਉੱਠ ਕੇ ਖੜ੍ਹਾ ਹੋਇਆ।

- ਮੈਂ ਮੌਨ ਬੈਠਾ ਸਾਂ।

- ਚੰਨੇ ਨੇ ਮੇਰਾ ਮੋਢਾ ਹਲੂੰਣਿਆ।

ਖਾਲੀ ਥਾਲੀ ਵਿੱਚ ਮੇਰੇ ਹੰਝੂ ਕਿਰ ਰਹੇ ਸਨ। ਸ਼ੁਕਰਾਨੇ ਦੇ ਹੰਝੂ।

--------------

ਕਵਿਤਾ ਭਵਨ, ਮਾਛੀਵਾੜਾ ਰੋਡ ਸਮਰਾਲਾ-141114
94638-08697

ਲੋਕ ਤੱਥ

## ਜ਼ਿੰਦਗੀ ਦੇ ਨਾਮ

- ਭੋਲਾ ਨੰਬਰਦਾਰ

ਜ਼ਿੰਦਗੀ ਇੱਕ ਸੰਘਰਸ਼ ਏ ਮਿੱਤਰਾ,
ਜੋ ਜਾਨਾਂ ਸਮੇਂ ਨਾਲ ਕਰਦੀਆਂ ਨੇ
ਆਪਣੀ ਹੋਂਦ ਬਚਾ ਜਾਂਦੀਆਂ ਨੇ।
ਖੋਜ ਅਰਥ ਭਰਪੂਰ ਜੇ ਨਾ ਹੋਵੇ,
ਘੁੰਮਣਘੇਰੀਆਂ ਧੱਕੇ ਨਾਲ ਵਿੱਚ ਸਮਾ ਜਾਂਦੀਆਂ ਨੇ।
ਅਸਲੀ ਦੁੱਖ ਉਹ ਹੁੰਦਾ ਏ ਜੋ ਆਪ ਨੂੰ ਲੱਗੇ,
ਦੂਜੇ ਦੀਆਂ ਤਾਂ ਖੁਸ਼ੀਆਂ ਵੀ ਗ਼ਮੀ ਵਿੱਚ ਪਾ ਜਾਂਦੀਆਂ ਨੇ।
ਕਦੇ ਸ਼ਰਾਬ ਦੀ ਬੋਤਲ ਵਿੱਚ ਦੁੱਧ ਵੀ ਪੈ ਜਾਂਦਾ ਏ,
ਹੁੰਦੀ ਖੂਬੀਆਂ ਹੀ ਨੇ ਜੋ ਕਦੇ ਸਹੀ ਤੇ ਕਦੇ ਗਲਤ ਕਹਾ ਜਾਂਦੀਆਂ ਨੇ।
ਕਈ ਵਾਰੀ ਗਲਤੀ ਪੜ੍ਹਨ ਵਿੱਚ ਵੀ ਰਹਿ ਜਾਂਦੀ ਏ,
ਲਿਖਤਾ ਐਵੇ ਊਣੀਆਂ ਕਹਾਂ ਜਾਂਦੀਆਂ ਨੇ।
ਦਿਆਲਪੁਰੀ ਸੱਚ ਤਸਵੀਰਾਂ ਝੂਠ ਨਹੀਂ ਬੋਲਦੀਆਂ,
ਕਈ ਅੱਖਾਂ ਵੀ ਧੋਖਾ ਖਾ ਜਾਂਦੀਆਂ ਨੇ।

ਕਾਵਿ ਵਿਅੰਗ

## ਮਹਾਨ ਯੋਗੀ

- ਜਸਵੀਰ ਸੋਨੀ ਬੁਢਲਾਡਾ

ਭੁੱਕੀ ਸ਼ਰਾਬ ਵੇਚੀ, ਪਿਆ ਨਾ ਕੱਖ ਪੱਲੇ,
ਰਿਹਾ ਕਦੇ ਥਾਣੇ ਤੇ ਕਦੇ ਜੇਲ੍ਹ ਬਾਬਾ।
ਜਦੋਂ ਦਾ ਸਾਧ ਬਣਿਆ ਨਾ ਕੋਈ ਤੋਟ ਆਈ,
ਮਾਇਆ ਸਾਂਭ ਤੋਂ ਮਿਲੇ ਨਾ ਵਿਹਲ ਬਾਬਾ।
ਲਿਖਕੇ ਤਵੀਤ ਫਾਰਸੀ ਵਿੱਚ ਦਿੰਦਾ,
ਉਂਝ ਪਹਿਲੀ ਜਮਾਤ 'ਚੋਂ ਫੇਲ ਬਾਬਾ।
ਦਾਤ ਪੁੱਤਰ ਦੀ ਸਭ ਨੂੰ ਬਖਸ਼ਦਾ ਏ,
ਲਾਈ ਬੈਠਾ ਕਾਕਿਆਂ ਦੀ ਸੇਲ ਬਾਬਾ।
ਮੁੰਡਾ ਹੋਣ ਦਾ ਸ਼ਰਤੀਆ ਤਵੀਤ ਦੇਵੇ,
ਲੈ ਜੋ ਥੋਕ 'ਚ ਭਾਵੇਂ ਰਿਟੇਲ ਬਾਬਾ।
ਜਤੀ-ਸਤੀ ਮਹਾਨ ਯੋਗੀ ਕਹਿਣ ਲੋਕੀਂ,
ਔਰਤ ਸੰਗ ਨੀ ਕਰਦਾ ਮੇਲ ਬਾਬਾ।
ਲੋਕੀਂ ਭਾਲਦੇ ਫਿਰਨ ਸਟੇਸ਼ਨਾਂ ਤੇ,
ਲੈ ਕੇ ਇੱਕ ਕੁੜੀ ਨੂੰ ਚੜ੍ਹ ਗਿਆ ਰੇਲ ਬਾਬਾ।

**ਤਰਕਸ਼ੀਲ ਵਿਚਾਰਾਂ ਵਾਲੀ ਲੜਕੀ ਦੀ ਲੋੜ**

(ਜਸ਼ਨਪ੍ਰੀਤ ਗਿੱਲ ਸਿਟੀਜ਼ਿਨ ਕਨੇਡਾ 28, 5' 9", ਐਮ. ਏ (ਪੰਜਾਬੀ), ਸੀ. ਪੀ. ਰੇਲ 'ਚ ਜੌਬ ਕਰਦੇ ਲੜਕੇ ਲਈ ਅਗਾਂਹ ਵਧੂ ਵਿਚਾਰਾਂ ਵਾਲੀ ਸੁੰਦਰ ਘਟੋ ਘੱਟ 5' 4", ਬੀ. ਐਸ. ਸੀ. ਨਰਸਿੰਗ ਅਤੇ ਇੰਗਲਿਸ਼ ਆਈ ਲਿਟ ਜਰੂਰੀ, ਵਿਆਹ ਦਾਜ ਦਹੇਜ਼ ਅਤੇ ਰੀਤੀ–ਰਿਵਾਜ਼ ਤੋਂ ਬਿਨਾਂ ਹੋਵੇਗਾ। ਫੋਨ: 01612564950, ਮੋਬਾਈਲ: 9417814943॥)

# ਸਾਨੂੰ ਅਲੂੜਾਂ ਨੂੰ ਨੀਂਦ ਪਿਆਰੀ



ਡਾ. ਹਰੀਸ਼ ਮਲਹੋਤਰਾ ਬ੍ਰਮਿੰਘਮ
ਮੋਬਾ : 07763013424

ਹਰ ਨਾਰੀ ਪੁਰਸ਼ ਜ਼ਿੰਦਗੀ ਦਾ ਤਕਰੀਬਨ ਤੀਜਾ ਕੁ ਹਿਸਾ ਆਪਣੇ ਮੰਜੇ ਤੇ ਸੌਂ ਕੇ ਗੁਜ਼ਾਰਦਾ ਹੈ। ਅਗਰ ਇਹ ਆਰਾਮ ਨਾ ਕੀਤਾ ਜਾਵੇ ਤਾਂ ਸਾਡੇ ਸਰੀਰ ਨੂੰ ਕਈ ਬੀਮਾਰੀਆਂ ਆ ਚੁੰਬੜਦੀਆਂ ਹਨ, ਅੰਗ ਕਮਜ਼ੋਰ ਹੋ ਸਕਦੇ ਹਨ ਅਤੇ ਜਲਦੀ ਮੌਤ ਆ ਸਕਦੀ ਹੈ। ਖ਼ੁਦ ਮੈਂ ਰੋਜ਼ ਤਕਰੀਬਨ 7-8 ਘੰਟੇ ਸੌਂਦਾ ਹਾਂ ਅਤੇ ਜਿਸ ਦਿਨ ਮੈਂ ਪੂਰੀ ਨੀਂਦ ਨਾ ਲੈ ਸਕਾਂ, ਮੈਂ ਠੀਕ ਤਰ੍ਹਾਂ ਕੰਮ ਨਹੀਂ ਕਰ ਸਕਦਾ। ਹਾਸੇ ਨਾਲ ਅਕਸਰ ਮੈਂ ਆਪਣੇ ਨਜ਼ਦੀਕੀਆਂ ਨੂੰ ਕਹਿੰਦਾ ਕਿ 'ਅਗਰ ਮੈਨੂੰ ਕੋਈ ਸਜ਼ਾ ਦੇਣੀ ਹੋਵੇ ਤਾਂ ਮੈਨੂੰ ਉਨੀਂਦਾ ਰੱਖੋ।' ਪਰ ਅਸੀਂ ਸ਼ਾਇਦ ਕਦੇ ਆਪਣਿਆਂ ਮੰਜਿਆਂ, ਬੈੱਡਾਂ ਬਾਰੇ ਸੋਚਿਆ ਨਹੀਂ ਕਿ ਇਹਨਾਂ ਦੇ ਗੱਦਿਆਂ ਵਿੱਚ ਕਈ ਤਰ੍ਹਾਂ ਦੇ ਮਾਂਗਣੂੰ ਹੋ ਸਕਦੇ ਹਨ ਜੋ ਸਾਨੂੰ ਕਈ ਤਰ੍ਹਾਂ ਦੀਆਂ ਬੀਮਾਰੀਆਂ ਲਾ ਸਕਦੇ ਹਨ। ਜਿਵੇਂ ਅਸਥਮਾ, ਚਮੜੀ ਰੋਗ, ਲੱਕ ਦੀਆਂ ਬੀਮਾਰੀਆਂ, ਪਿੱਠ, ਲੱਤਾਂ ਅਤੇ ਪੈਰਾਂ ਵਿਚ ਦਰਦ। ਇਹ ਮਾਂਗਣੂੰ ਆਮ ਕਰਕੇ ਘਰ ਦੀ ਕਾਰਪੈਟ, ਬੈੱਡਾਂ ਦੇ ਗੱਦਿਆਂ ਅਤੇ ਸਰਾਹਣਿਆਂ ਵਿਚ ਰਹਿੰਦੇ ਹਨ। ਇਹਨਾਂ ਨੂੰ ਨੰਗੀ ਅੱਖ ਨਾਲ ਵੇਖਿਆ ਵੀ ਨਹੀਂ ਜਾ ਸਕਦਾ। ਘਰ ਦੀ 80 ਪ੍ਰਤੀਸ਼ਤ ਗਰਦ ਇਨ੍ਹਾਂ ਕਰਕੇ ਹੀ ਹੁੰਦੀ ਹੈ। ਬੈੱਡ ਦਾ ਗੱਦਾ ਤਾਂ ਇਹਨਾਂ ਮਾਂਗਣੂੰਆਂ ਲਈ ਇਕ ਤਰ੍ਹਾਂ ਨਾਲ ਸਵੱਰਗ ਹੈ। ਇਹ ਗੱਦੇ, ਇਕ ਨਾਰੀ ਪੁਰਸ਼ ਦੇ ਘੱਟੋ ਘੱਟ ਅੱਧਾ ਕਿਲੋ ਲਿੱਥੇ ਚਮੜੀ ਸੈੱਲਾਂ ਨੂੰ ਸਾਲ 'ਚ ਆਪਣੇ ਵਿਚ ਸਮੋ ਲੈਂਦੇ ਹਨ। ਫਿਰ ਸਾਡੇ ਸਰੀਰ ਦਾ ਪਸੀਨਾ ਅਤੇ ਗਰਮੀ ਇਹਨਾਂ ਲਈ ਇਹ ਮਾਹੌਲ ਤਿਆਰ ਕਰ ਦਿੰਦਾ ਹੈ ਜਿਹਦੀ ਇਹਨਾਂ ਨੂੰ ਵਧਣ ਫੁੱਲਣ ਲਈ ਸਖ਼ਤ ਲੋੜ ਰਹਿੰਦੀ ਹੈ। ਇਕ ਦਸ ਸਾਲ ਪੁਰਾਣੇ ਬੈੱਡ ਵਿੱਚ ਘੱਟੋ ਘੱਟ 20 ਮਿਲੀਅਨ ਮਾਂਗਣੂੰ ਹੋ ਸਕਦੇ ਹਨ। ਹਰ ਮਾਂਗਣੂੰ ਇਕ ਦਿਨ ਵਿਚ 20 ਬਿੱਠਾਂ ਕਰਦਾ ਹੈ ਜਿਹਦਾ ਸਾਈਜ਼ ਬੜਾ ਛੋਟਾ ਹੁੰਦਾ ਹੈ। ਖੋਜ ਤੋਂ ਪਤਾ ਲੱਗਾ ਹੈ ਕਿ ਅਸੀਂ ਰਾਤ ਨੂੰ ਸੁੱਤੇ ਪਿਆਂ 60 ਜਾਂ 70 ਵਾਰੀ ਪਾਸੇ ਲੈਂਦੇ ਹਾਂ ਜਿਹਦੇ ਨਾਲ ਹਵਾ ਦੀ ਆਵਾਜਾਈ ਚਾਲੂ ਰਹਿੰਦੀ ਹੈ ਅਤੇ ਇਹ ਹਵਾ ਮਾਂਗਣੂੰਆਂ ਦੀਆਂ ਬਿੱਠਾਂ ਨੂੰ ਹਵਾ ਵਿਚ ਖਲੇਰ ਦਿੰਦੀ ਹੈ। ਇਹ ਬਿੱਠਾਂ ਹੀ ਹਨ ਜੋ ਅਸਥਮਾ, ਚਮੜੀ ਦੇ ਰੋਗਾਂ ਅਤੇ ਨੱਕ ਦੀਆਂ ਕਈ ਬੀਮਾਰੀਆਂ ਦਾ ਕਾਰਨ ਬਣਦੀਆਂ ਹਨ। ਇਹਨਾਂ ਬੀਮਾਰੀਆਂ ਤੋਂ ਬਿਨਾਂ ਖੰਘ, ਅੱਖਾਂ ਵਿਚ ਖਾਰਸ਼ ਅਤੇ ਗਲੇ ਦੀਆਂ ਬੀਮਾਰੀਆਂ ਵੀ ਇਹ ਮਾਂਗਣੂੰਆਂ ਦੀਆਂ ਬਿੱਠਾਂ ਲਾਉਂਦੀਆਂ ਹਨ।



ਭਾਰਤ ਵਿਚਲੇ ਮੰਜਿਆਂ 'ਚ ਮਾਂਗਣੂੰਆਂ ਦੀ ਆਮ ਸ਼ਕਾਇਤ ਰਹਿੰਦੀ ਹੈ ਅਤੇ ਬਾਣ ਦੇ ਮੰਜਿਆਂ ਉਪਰ ਸੜਦਾ ਗਰਮ ਪਾਣੀ ਪਾਇਆ ਜਾਂਦਾ ਜਾਂ ਬਲਦੀ ਧੁੱਪ 'ਚ ਰੱਖਿਆ ਜਾਂਦਾ ਹੈ ਤਾਂ ਕਿ ਮਾਂਗਣੂੰ ਮਰ ਜਾਣ। ਮਾਂਗਣੂੰਆਂ ਦੇ ਵਾਧੇ ਨੂੰ ਵੈਕੂਅਮ ਕਲੀਨਰ ਨਾਲ ਵੀ ਰੋਕਿਆ ਜਾ ਸਕਦਾ ਹੈ ਪਰ ਵੈਕੂਅਮ ਕਲੀਨਰ ਵੀ ਗੱਦਿਆਂ ਜਾਂ ਸਰਾਹਣਿਆਂ ਵਿਚੋਂ ਸਾਰੇ ਮਾਂਗਣੂੰਆਂ ਦਾ ਨਾਸ਼ ਨਹੀਂ ਕਰ ਸਕਦਾ। ਸਗੋਂ ਇਹਦੇ ਨਾਲ ਤਾਂ ਇਹ ਡਰ ਬਣਿਆ ਰਹਿੰਦਾ ਕਿ ਇਹ ਮਾਂਗਣੂੰਆਂ ਨੂੰ ਹਵਾ 'ਚ ਨਾ ਖਲੇਰ ਦੇਵੇ। ਮਿਲਦੇ ਰਸਾਇਣਕ ਪਦਾਰਥ ਵੀ ਗੱਦਿਆਂ ਦੇ ਧੁਰ ਅੰਦਰ ਤਕ ਮਾਰ ਨਹੀਂ ਕਰ ਸਕਦੇ ਅਤੇ ਇਸੇ ਕਰਕੇ ਮਾਂਗਣੂੰਆਂ ਦੀਆਂ ਬਿੱਠਾਂ ਦਾ ਸਫ਼ਾਇਆ ਨਹੀਂ ਕੀਤਾ ਜਾ ਸਕਦਾ।

ਇਸੇ ਤਰ੍ਹਾਂ ਹੀ ਸਿਰਾਹਣਿਆਂ ਵਿਚ ਵੀ ਮਾਂਗਣੂੰਆਂ ਦੀਆਂ ਬਿੱਠਾਂ ਹੁੰਦੀਆਂ ਹਨ। ਇਕ 10 ਸਾਲ ਪੁਰਾਣੇ ਸਿਰਾਹਣੇ ਵਿਚ ਸਿਰਾਹਣੇ ਦੇ ਭਾਰ ਦਾ ਤੀਜਾ ਹਿੱਸਾ ਬਿੱਠਾਂ ਨਾਲ ਭਰਿਆ ਹੁੰਦਾ ਹੈ। ਮਾਹਿਰਾਂ ਦਾ ਕਹਿਣਾ ਹੈ ਕਿ ਸਿਰਾਹਣਿਆਂ ਨੂੰ ਘੱਟੋ ਘੱਟ ਤਿੰਨ ਮਹੀਨਿਆਂ ਬਾਅਦ ਤਾਂ ਜ਼ਰੂਰ ਹੀ ਧੋਣਾ ਚਾਹੀਦਾ ਹੈ ਅਤੇ ਧੋਣਾ ਵੀ ਠੰਡੇ ਪਾਣੀ ਨਾਲ ਨਹੀਂ ਸਗੋਂ ਗਰਮ ਪਾਣੀ (ਯਾਨੀ 55ºC) ਵਿਚ ਚਾਹੀਦਾ ਹੈ ਤਾਂ ਕਿ ਮਾਂਗਣੂੰਆਂ ਅਤੇ ਹੋਰ ਜਰਾਸੀਮਾਂ ਨੂੰ ਨਸ਼ਟ ਕੀਤਾ ਜਾ ਸਕੇ। ਅਗਰ ਤੁਹਾਡੇ ਸਿਰਾਹਣੇ ਐਸੇ ਹਨ ਕਿ ਉਹਨਾਂ ਨੂੰ ਧੋਇਆ ਨਹੀਂ ਜਾ ਸਕਦਾ ਤਾਂ ਉਹਨਾਂ ਸਿਰਾਹਣਿਆਂ ਦੀ ਵਰਤੋਂ ਕਰਨੀ ਚਾਹੀਦੀ ਹੈ ਜਿਹਨਾਂ ਨੂੰ ਧੋਇਆ ਜਾ ਸਕੇ।

ਜਿਸ ਤਰ੍ਹਾਂ ਕਹਿੰਦੇ ਹਨ ਕਿ ਪ੍ਰਹੇਜ਼ ਇਲਾਜ ਨਾਲੋਂ ਬਿਹਤਰ ਹੈ। ਅਗਰ ਹਰ ਰੋਜ਼ ਗੱਦਿਆਂ ਨੂੰ ਝਾੜਿਆ ਝੰਬਿਆ ਜਾਵੇ; ਮੰਜਿਆਂ ਨੂੰ ਸੋਟੀਆਂ ਮਾਰ ਮਾਰ ਕੇ ਗਰਦਾ ਦੂਰ ਕੀਤਾ ਜਾ ਸਕੇ, ਚਾਦਰਾਂ, ਕੰਬਲਾਂ ਨੂੰ ਝਾੜਨ, ਧੁੱਪ ਲੁਆਉਣ ਦੇ ਨਾਲ ਨਾਲ ਬਕਾਇਦਾ ਧੋਇਆ ਜਾਵੇ ਤਾਂ ਮਾਂਗਣੂੰਆਂ ਨੂੰ ਇਥੇ ਡੇਰੇ ਲਾਉਣ ਤੋਂ ਰੋਕਿਆ ਜਾ ਸਕਦਾ ਹੈ। ਮਾਹਿਰਾਂ ਦਾ ਤਾਂ ਇਹ ਵੀ ਕਹਿਣਾ ਹੈ ਕਿ ਅਗਰ ਨਵੇਂ ਬੈੱਡਾਂ ਦਾ ਵੀ ਖ਼ਿਆਲ ਨਾ ਰੱਖਿਆ ਜਾਵੇ ਤਾਂ ਉਹ ਤਿੰਨ ਮਹੀਨਿਆਂ ਦੇ ਅੰਦਰ ਹੀ ਮਾਂਗਣੂੰਆਂ ਦੀ ਛਾਉਣੀ ਤਿਆਰ ਕਰ ਲੈਂਦੇ ਹਨ। ਮਾਂਗਣੂੰਆਂ ਦਾ ਸਫਾਇਆ ਕਰਨ ਵਾਲੇ ਪਾਊਡਰ ਅਤੇ ਸਪਰੇਅ ਬਾਜ਼ਾਰਾਂ ਵਿਚੋਂ ਮਿਲਦੇ ਤਾਂ ਹਨ ਪਰ ਇਹਨਾਂ ਚੀਜ਼ਾਂ ਦਾ ਅਸਰ ਕੋਈ ਬਹੁਤੀ ਦੇਰ ਨਹੀਂ ਰਹਿੰਦਾ। ਹੁਣ ਕੁੱਝ ਐਹੋ ਜਿਹੇ ਰਸਾਇਣ ਵੀ ਤਿਆਰ ਹੋ ਗਏ ਹਨ ਜਿਹਨਾਂ ਨੂੰ ਬੈੱਡਾਂ ਵਿਚ ਫਿੱਟ ਕੀਤਾ ਜਾ ਸਕਦਾ ਹੈ ਅਤੇ ਉਹ ਰਸਾਇਣ ਦੋ ਸਾਲ ਤਕ ਹੌਲੀ ਹੌਲੀ ਕੰਮ ਕਰਦੇ ਹਨ ਅਤੇ ਮਾਂਗਣੂੰਆਂ ਨੂੰ ਨਸ਼ਟ ਕਰਦੇ ਰਹਿੰਦੇ ਹਨ। ਇਹਨਾਂ

ਤੋਂ ਇਲਾਵਾ ਐਹੋ ਜਿਹੀਆਂ ਚਾਦਰਾਂ ਵੀ ਮਿਲਣ ਲੱਗ ਪਈਆਂ ਹਨ ਜੋ ਮਾਂਗਣੂੰਆਂ ਦੀਆਂ ਬਿੱਠਾਂ ਨੂੰ ਹਵਾ ਵਿਚ ਜਾਣ ਤੋਂ ਰੋਕ ਲਾਉਂਦੀਆਂ ਹਨ। ਇਹ ਜ਼ਰੂਰੀ ਹੈ ਕਿ ਗੱਦਿਆਂ ਨੂੰ ਸਾਹ ਆਉਂਦਾ ਰਵੇ ਅਤੇ ਇਸੇ ਕਰਕੇ ਪਲਾਸਟਿਕ ਅਤੇ ਮੋਮਜ਼ਾਮਿਆਂ ਨੂੰ ਵਧੀਆ ਨਹੀਂ ਮਿਥਿਆ ਜਾਂਦਾ ਹੈ। ਇਸ ਤੋਂ ਬਿਨਾਂ ਇਹ ਵੀ ਗੱਲ ਹੈ ਕਿ ਮੋਮਜ਼ਾਮੇ ਅਤੇ ਪਲਾਸਟਿਕ ਦੀਆਂ ਚਾਦਰਾਂ ਆਰਾਮਦਾਇਕ ਵੀ ਨਹੀਂ ਹਨ।

ਹੁਣ ਬੈੱਡ ਬਨਾਉਣ ਵਾਲੀਆਂ ਕੰਪਨੀਆਂ ਵੀ ਐਹੋ ਜਿਹੇ ਬੈੱਡ ਬਨਾਉਣ ਦੀ ਕੋਸ਼ਿਸ਼ ਕਰ ਰਹੀਆਂ ਹਨ ਜਿਹਦੇ ਨਾਲ ਮਾਂਗਣੂੰਆਂ ਦੀ ਸਮੱਸਿਆ ਨੂੰ ਜੜ੍ਹੋਂ ਪੁੱਟਿਆ ਜਾ ਸਕੇ। ਬੈੱਡਾਂ ਵਿਚ ਐਹੋ ਜਿਹੀਆਂ ਚੀਜ਼ਾਂ ਇਸਤੇਮਾਲ ਕੀਤੀਆਂ ਜਾਂਦੀਆਂ ਹਨ ਜਿਹਨਾਂ ਨਾਲ ਮਾਂਗਣੂੰਆਂ ਨੂੰ ਇਕੱਠੇ ਹੋਣ ਤੋਂ ਰੋਕਿਆ ਜਾ ਸਕੇ ਅਤੇ ਹਵਾਖੋਰੀ ਹੁੰਦੀ ਰਵੇ।

ਵਧੇਰੇ ਜਾਣਕਾਰੀ ਲਈ : ਦਾ ਸਲੀਪ ਕਾਉਂਸਲ, ਹਾਈ ਕੋਰਨ ਮਿੱਲ, ਚੈਪਲ ਹਿੱਲ, ਸਕਿੱਪਟਨ ਨੌਰਥ ਯੋਰਕਸ਼ਾਇਰ BD 23 INL ਨਾਲ ਸੰਪਰਕ ਕੀਤਾ ਜਾ ਸਕਦਾ ਹੈ।



## ਬਾਬਾ ਬੋਕ

ਭਾਰਤੀ ਲੋਕਾਂ ਵਿੱਚ ਸਾਧਾਂ, ਬਾਬਿਆਂ ਅਤੇ ਕਈ ਤਰ੍ਹਾਂ ਦੀਆਂ ਮਟੀਆਂ, ਮਾਤਾਵਾਂ ਨੂੰ ਪੂਜਣ ਦਾ ਬੜਾ ਰਿਵਾਜ ਹੈ। ਇਹ ਉਹਨਾਂ ਦੀ ਇਕ ਕਿਸਮ ਦੀ ਰੋਜ਼ਾਨਾ ਜ਼ਿੰਦਗੀ ਜਿਉਣ ਦਾ ਅਨਿਖੜਵਾਂ ਅੰਗ ਬਣ ਗਿਆ ਹੈ। ਬੜੇ ਘੱਟ ਭਾਰਤੀ ਹਨ ਜੋ ਇਹਨਾਂ ਰੱਬ ਦੇ ਦਲਾਲਾਂ ਨੂੰ ਲਲਕਾਰਦੇ ਹਨ ਅਤੇ ਉਹਨਾਂ ਦੇ ਢੌਂਗ ਨੂੰ ਲੋਕਾਂ ਸਾਹਮਣੇ ਪੇਸ਼ ਕਰਨ ਦੀ ਕੋਸ਼ਿਸ਼ ਕਰਦੇ ਹਨ।

ਭਾਰਤੀ ਸਮਾਜ ਵਿੱਚ ਬਹੁਤੀਆਂ ਸਮਾਜਕ ਉਲਝਣਾਂ ਵਿਚ ਇਹ ਰੱਬ ਦੇ ਦਲਾਲ ਬੜਾ ਵੱਡਾ ਰੋਲ ਅਦਾ ਕਰਦੇ ਹਨ। ਇਹਨਾਂ ਦਾ ਧੰਦਾ ਤਰਕਹੀਣ ਅਤੇ ਗ਼ੈਰ-ਵਿਗਿਆਨਕ ਸੋਚ ਤੇ ਚਲਦਾ ਹੈ। ਤਰਕਹੀਣ ਅਤੇ ਗ਼ੈਰ-ਵਿਗਿਆਨਕ ਸੋਚ ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ ਵਿਚ ਪੜ੍ਹੇ ਲੋਕਾਂ ਦੀ ਵੀ ਹੋ ਸਕਦੀ ਹੈ ਅਤੇ ਉਹਨਾਂ ਦੀ ਵੀ ਜਿਨ੍ਹਾਂ ਇਨ੍ਹਾਂ ਵਿਦਿਅਕ ਅਦਾਰਿਆਂ ਅੰਦਰ ਕੋਈ ਪੜ੍ਹਾਈ ਨਹੀਂ ਕੀਤੀ ਹੁੰਦੀ। ਬਾਬੇ, ਸਾਧ, ਬੀਬੀਆਂ ਅਤੇ ਮਾਤਾਵਾਂ ਇਸ ਤਰਕਹੀਣ ਅਤੇ ਗ਼ੈਰ-ਵਿਗਿਆਨਕ ਸੋਚ ਦਾ ਪੂਰਾ ਲਾਹਾ ਲੈਂਦੇ ਹਨ। ਅਗਰ ਕਿਸੇ ਦੀ ਆਰਥਿਕ ਹਾਲਤ ਠੀਕ ਨਾ ਹੋਵੇ ਅਤੇ ਘਰ ਵਿਚ ਕਿਸੇ ਤਰ੍ਹਾਂ ਦਾ ਕਲੇਸ਼ ਰਹਿੰਦਾ ਹੋਵੇ ਤਾਂ ਉਹ ਇਹਨਾਂ ਬਾਬਿਆਂ ਦੇ ਜਾਲ ਵਿੱਚ ਝੱਟ ਝੱਫਿਆ ਜਾਂਦਾ ਹੈ। ਇਹ ਬਾਬੇ ਸਾਧ ਕਈ ਨੌਜਵਾਨਾਂ ਨੂੰ ਬਾਹਰਲੇ ਮੁਲਕਾਂ ਵਿਚ ਲੈ ਜਾ ਕੇ ਉਹਨਾਂ ਦਾ ਕਈ ਤਰ੍ਹਾਂ ਨਾਲ ਸੋਸ਼ਣ ਕਰਦੇ ਹਨ। ਉਹਨਾਂ ਦੀ ਮਜ਼ਬੂਰੀ ਦਾ ਫਾਇਦਾ ਉਠਾ ਕੇ ਉਹਨਾਂ ਦੀਆਂ ਜ਼ਿੰਦਗੀਆਂ ਨਾਲ ਖਿਲਵਾੜ ਕਰਦੇ ਹਨ। ਇਕ ਇਸੇ ਤਰ੍ਹਾਂ ਦੇ ਮੰਨੇ-ਪ੍ਰਮੰਨੇ ਸਾਧ ਦੀ ਕਰਤੂਤ ਦਾ ਮੈਨੂੰ ਪਿੱਛੇ ਜਿਹੇ ਲਿਖਤੀ ਰੂਪ ਵਿਚ ਪਤਾ ਲੱਗਾ। ਲਿਖਣ ਵਾਲਾ ਮੁਹਿੰਦਰ ਸਿੰਘ (ਅਸਲੀ ਨਾਂ ਕੋਈ ਹੋਰ ਹੈ) ਹੈ: ਉਹਨੇ ਸਾਧ ਸੰਗਤ ਦੇ ਚਰਨਾਂ ਵਿੱਚ ਇਸ ਤਰ੍ਹਾਂ ਲਿਖਿਆ ਹੈ :

"੧ਓ ਸਤਗੁਰਿ ਪ੍ਰਸਾਦਿ

ਗੁਰੂ ਪਿਆਰੀ ਸਾਧ ਸੰਗਤ ਜੀਉ,

ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫ਼ਤਹਿ!

ਮੇਰਾ ਨਾਮ ਸੁਰਿੰਦਰ ਸਿੰਘ ਹੈ ਅਤੇ ਸੰਨ 1976 ਵਿਚ ਮੈਂ ਸੰਤ ਬਾਬਾ ਜੀ (ਬਾਬੇ ਦਾ ਨਾਮ ਕਈ ਕਾਰਨਾਂ ਕਰਕੇ ਨਹੀਂ ਲਿਖ ਰਿਹਾ) ਦੇ ਅਸਥਾਨ ਜ਼ਿਲ੍ਹਾ ਲੁਧਿਆਣਾ ਵਿਖੇ ਪਹੁੰਚਿਆ ਸੀ। ਇਸ ਸਾਧ ਬਾਬਾ ਜੀ ਨੂੰ ਸਿੱਖ ਕੌਮ ਵਿੱਚ "ਸੰਤ ਜੀ" ਕਹਿ ਕੇ ਸਤਕਾਰਿਆ ਜਾਂਦਾ ਹੈ ਅਤੇ ਮੈਂ ਇਸੇ "ਸੰਤ ਜੀ" ਦਾ ਸੇਵਾਦਾਰ ਬਣ ਗਿਆ। ਸੇਵਾਦਾਰ ਬਣਨ ਤੋਂ ਚਾਰ ਸਾਲ ਬਾਅਦ "ਸੰਤ ਜੀ" ਨੇ ਮੇਰਾ ਵਿਆਹ ਬੀਬੀ ਕਰਮਜੀਤ ਕੌਰ (ਅਸਲੀ ਨਾਂ ਹੋਰ ਹੈ) ਨਾਲ ਕਰ ਦਿੱਤਾ। ਕਰਮਜੀਤ ਕੌਰ ਪਹਿਲਾਂ ਤੋਂ ਹੀ "ਸੰਤ ਜੀ" ਦੇ ਡੇਰੇ ਵਿੱਚ ਰਹਿ ਰਹੀ ਸੀ। ਮੇਰਾ ਵਿਆਹ ਫਾਈਵ ਸਟਾਰ ਹੋਟਲ ਵਿਚ ਬੰਬਈ ਵਿਖੇ ਕੀਤਾ ਗਿਆ। ਉਸ ਵੇਲੇ "ਸੰਤ ਜੀ" ਅਤੇ ਉਹਨਾਂ ਦੇ ਦੋ ਸੇਵਕ ਵੀ ਉਥੇ ਹਾਜ਼ਰ ਸਨ। ਇਸ ਹੋਟਲ ਵਿਚ ਸਾਡੇ ਦੋਹਾਂ ਦੇ ਸਿਰ ਉਪਰ ਹੱਥ ਰੱਖ ਕੇ ਫੋਟੋ ਖਿੱਚੀਆਂ ਗਈਆਂ ਅਤੇ ਇਸ ਤੋਂ ਬਾਅਦ ਮੈਨੂੰ ਕਿਹਾ ਗਿਆ, "ਤੇਰਾ ਹੁਣ ਇਸ ਲੜਕੀ ਨਾਲ ਵਿਆਹ ਹੋ ਗਿਆ ਹੈ।" ਮੈਨੂੰ ਸੰਤ ਜੀ ਨੇ ਇਹ ਵੀ ਕਿਹਾ, "ਮੁਹਿੰਦਰ ਤੂੰ ਸਾਡਾ

ਧਰਮ ਦਾ ਪੁੱਤਰ ਏਂ ਅਤੇ ਅਸੀਂ ਕਰਮਜੀਤ ਨੂੰ ਵੀ ਧਰਮ ਦੀ ਧੀ ਸਮਝਦੇ ਹਾਂ। ਇਹ ਲੜਕੀ ਬਹੁਤ ਉੱਚੀ-ਸੁੱਚੀ ਹੈ ਅਤੇ ਤੂੰ ਇਸ ਨਾਲ ਗ੍ਰਹਿਸਥ ਨਹੀਂ ਕਰਨਾ। ਤੇਰਾ ਵਿਆਹ ਸਿਰਫ਼ ਲੋਕ ਦਿਖਾਵੇ ਵਾਸਤੇ ਕੀਤਾ ਗਿਆ ਹੈ। ਇਸ ਤੋਂ ਬਾਅਦ ਸੰਤ ਜੀ ਨੇ ਮੈਨੂੰ ਇਕ ਸਾਖੀ ਸੁਣਾਈ ਕਿ ਗੁਰੂ ਨਾਨਕ ਦੇਵ ਜੀ ਨੇ ਲੌਂਗ ਦੇ ਕੇ ਬੱਚੇ ਪੈਦਾ ਕੀਤੇ ਸਨ। ਅਸੀਂ ਵੀ ਇਸ ਲੜਕੀ ਉਪਰ ਇਸ ਤਰ੍ਹਾਂ ਹੀ ਮਿਹਰ ਕਰਾਂਗੇ।" ਇਸ ਤੋਂ ਬਾਅਦ ਕਰਮਜੀਤ ਕੌਰ ਅਤੇ "ਸੰਤ ਜੀ" ਇਸ ਹੋਟਲ ਵਿੱਚ ਇਕੱਠੇ ਰਹੇ।

ਸੋ ਸਾਧ ਸੰਗਤ ਜੀ, ਸਮਾਂ ਬੀਤਦਾ ਗਿਆ ਅਤੇ ਜਨਵਰੀ 1981 ਵਿਚ ਕਰਮਜੀਤ ਕੌਰ ਦੀ ਕੁੱਖੋਂ "ਸੰਤ ਜੀ" ਦਾ ਪਹਿਲਾਂ ਬੱਚਾ ਪੈਦਾ ਹੋਇਆ ਜਿਹਦਾ ਨਾਂ ਮਨਪ੍ਰੀਤ (ਅਸਲੀ ਨਾਂ ਹੋਰ ਹੈ) ਕੌਰ ਰੱਖਿਆ। ਇਸ ਤੋਂ ਬਾਅਦ ਮੈਨੂੰ "ਸੰਤ ਜੀ" ਨੇ ਕੈਨੇਡਾ, ਇੰਗਲੈਂਡ, ਨਿਊਜ਼ੀਲੈਂਡ ਅਤੇ ਆਸਟ੍ਰੇਲੀਆ ਸੇਵਾ ਕਰਨ ਭੇਜ ਦਿੱਤਾ ਤਾਂ ਕਿ ਉਥੇ ਬਣੇ ਧਾਰਮਿਕ ਅਸਥਾਨਾਂ ਦਾ ਖ਼ਿਆਲ ਰੱਖਿਆ ਜਾਵੇ। ਜਦ ਮੈਂ ਨਿਊਜ਼ੀਲੈਂਡ ਵਿਚ "ਸੰਤ ਜੀ" ਦੇ ਹੁਕਮ ਅਨੁਸਾਰ "ਸੰਤ ਜੀ" ਦੇ ਧਾਰਮਿਕ ਅਸਥਾਨ ਤੇ ਸੇਵਾ ਕਰ ਰਿਹਾ ਸੀ ਤਾਂ ਕਰਮਜੀਤ ਦੇ ਦੂਸਰੀ ਲੜਕੀ ਚੰਡੀਗੜ੍ਹ ਪੈਦਾ ਹੋਈ।

ਸੋ ਸਾਧ ਸੰਗਤ ਜੀ, ਇਸ ਦਾ ਅੰਦਾਜ਼ਾ ਤੁਸੀਂ ਆਪ ਹੀ ਲਗਾ ਸਕਦੇ ਹੋ ਕਿ "ਸੰਤ ਜੀ" ਜੋ ਅੱਜ ਦੇ ਯੁੱਗ ਵਿੱਚ ਆਪਣੇ ਆਪ ਨੂੰ ਗੁਰੂ ਨਾਨਕ ਕਹਾ ਰਿਹਾ ਹੈ ਕਿ ਇਸ ਨੇ ਲੌਂਗ ਦੇ ਕੇ ਬੱਚੇ ਪੈਦਾ ਕੀਤੇ ਹਨ ਜਾਂ ਕਰਮਜੀਤ ਕੌਰ ਨਾਲ ਗ੍ਰਹਿਸਥ ਮਾਰਗ ਧਾਰਨ ਕਰਕੇ। ਇਸ ਗੱਲ ਨੂੰ ਮੁਖ ਰੱਖ ਕੇ ਮੇਰਾ ਮਨ ਬੜਾ ਦੁੱਖੀ ਸੀ। "ਸੰਤ ਜੀ" ਦੇ ਹੋਰ ਲੜਕੀਆਂ ਨਾਲ ਵੀ ਨਜਾਇਜ਼ ਸਬੰਧ ਹਨ। ਮੈਂ ਹੋਰ ਬਰਦਾਸ਼ਤ ਨਾ ਕਰਦਾ ਹੋਇਆ 29 ਸਤੰਬਰ 1987 ਨੂੰ "ਸੰਤ ਜੀ" ਦੇ ਧਾਰਮਿਕ ਅਸਥਾਨ ਤੋਂ ਜਿੱਥੇ ਮੈਂ ਇਕ ਗ੍ਰੰਥੀ ਵਜੋਂ ਕੰਮ ਕਰਦਾ ਸੀ, ਗੁਰੂ ਮਹਾਰਾਜ ਅੱਗੇ ਅਰਦਾਸ ਕਰਕੇ, ਕੰਮ ਛੱਡ ਦਿੱਤਾ।

ਸਾਧ ਸੰਗਤ ਜੀ, ਮੈਂ ਹੁਣ ਤਕ ਬਹੁਤ ਮਜ਼ਬੂਰ ਸੀ ਕਿ ਮੈਂ ਤੁਹਾਨੂੰ ਕੁਝ ਨਹੀਂ ਦੱਸ ਸਕਿਆ। ਇਹ ਇਨਸਾਨ ਜਿਹਨੂੰ ਲੋਕ ਬਹੁਤ ਪਹੁੰਚਿਆ ਹੋਇਆ "ਸੰਤ" ਕਹਿੰਦੇ ਹਨ ਇਕ ਖ਼ਤਰਨਾਕ ਬਦਮਾਸ਼ ਹੈ ਜਿਹੜਾ ਕਿ ਕਿਸੇ ਵੀ ਟਾਈਮ ਕਿਸੇ ਦਾ ਖ਼ੂਨ ਕਰਵਾ ਸਕਦਾ ਹੈ। ਇਸ ਨੇ ਕੁਝ ਸਮਾਂ ਪਹਿਲਾਂ ਵੀ ਇਕ ਬੱਚੇ ਦਾ ਖ਼ੂਨ ਕੀਤਾ ਸੀ ਜਿਸਦੇ ਇਸ਼ਤਿਹਾਰ ਇੰਡੀਆ ਵਿਚ ਜਗਰਾਵਾਂ ਵਿਖੇ ਸੰਗਤਾਂ ਅੱਗੇ ਭੇਟ ਕੀਤੇ ਸਨ। ਉਸ ਇਸ਼ਤਿਹਾਰ ਉਪਰ "ਸੰਤ ਜੀ" ਅਤੇ ਬੱਚੇ ਦੀ ਫ਼ੋਟੋ ਵੀ ਸੀ। ਮੈਂ ਆਪਣੇ ਮਾਂ-ਬਾਪ ਦਾ ਇਕਲੌਤਾ ਪੁੱਤਰ ਹੋਣ ਕਰਕੇ ਇਸ ਗੱਲ ਤੋਂ ਡਰਦਾ ਅਜੇ ਤੱਕ ਚੁੱਪ ਸੀ। ਪਰ ਹੁਣ 1989 ਵਿਚ ਜਦ ਇਸ "ਸੰਤ ਜੀ" ਦੇ ਦੋ ਹੋਰ ਸੇਵਾਦਾਰ ਪੰਜਾਬ ਤੋਂ ਆਸਟ੍ਰੇਲੀਆ ਆਏ ਜੋ ਕਿ ਪਿਛਲੇ ਪੰਜ ਸਾਲਾਂ ਤੋਂ "ਸੰਤ ਜੀ" ਦੇ ਹੁਕਮ ਅਨੁਸਾਰ ਸੇਵਾ ਕਰਦੇ ਆ ਰਹੇ ਸਨ, ਮੈਨੂੰ ਆ ਕੇ ਮਿਲੇ ਤਾਂ ਉਹਨਾਂ ਆਪਣੀਆਂ ਦਰਦ ਭਰੀਆਂ ਕਹਾਣੀਆਂ ਸੁਣਾਈਆਂ ਤਾਂ ਮੈਂ ਇਸ "ਸੰਤ ਜੀ" ਦੀਆਂ ਕਰਤੂਤਾਂ ਦਾ ਪਰਦਾ ਸਾਧ ਸੰਗਤ ਦੇ ਸਾਹਮਣੇ ਪਾਸ਼ ਕਰਨ ਦਾ ਜੇਰਾ ਕੀਤਾ ਹੈ। ਇਹਨਾਂ ਸੇਵਾਦਾਰਾਂ ਦੇ ਨਾਂ ਬਲਵਿੰਦਰ ਸਿੰਘ ਅਤੇ ਤਰਨਜੀਤ ਸਿੰਘ (ਮਿੱਠੂ) (ਅਸਲੀ ਨਾਂ ਕੋਈ ਹੋਰ ਹਨ) ਹੈ ਜੋ "ਸੰਤ ਜੀ" ਦੇ ਚੱਕਰਾਂ ਵਿਚੋਂ ਬੜੀ ਮੁਸ਼ਕਲ ਨਾਲ ਨਿਕਲੇ ਹਨ। ਸਾਧ ਸੰਗਤ ਦੇ ਸਾਹਮਣੇ ਇਹ ਸਭ ਕੁਝ ਪੇਸ਼ ਕਰਨ ਦਾ ਮੇਰਾ ਮਤਲਬ ਸਿਰਫ਼ ਇਹ ਹੀ ਹੈ ਕਿ ਸਾਡੇ ਵਰਗੇ ਹੋਰ ਕਈ ਨੌਜਵਾਨ ਲੜਕੇ ਅਤੇ ਲੜਕੀਆਂ ਇਸ "ਸੰਤ ਜੀ" ਦੇ ਸੇਵਾਦਾਰ ਬਣੇ ਹੋਏ ਹਨ। ਉਹਨਾਂ ਨੌਜਵਾਨਾਂ ਅਤੇ ਮੁਟਿਆਰਾਂ ਨੂੰ "ਸੰਤ ਜੀ" ਦੀਆਂ ਕਰਤੂਤਾਂ ਦਾ ਅਜੇ ਪਤਾ ਨਹੀਂ। ਅਗਰ ਮੇਰੀ ਇਸ ਬੇਨਤੀ ਨਾਲ ਉਹ ਆਪਣਾ ਜੀਵਨ ਬਰਬਾਦ ਹੋਣ ਤੋਂ ਬਚਾ ਸਕਣ ਤਾਂ ਇਹ ਮੇਰੀ ਪ੍ਰਾਪਤੀ ਹੋਵੇਗੀ। ਸੋ ਸਾਧ ਸੰਗਤ ਜੀ ਧਾਰਮਿਕ ਅਸਥਾਨ ਤਾਂ ਬਹੁਤ ਉੱਚੀ ਸੁੱਚੀ ਮਹਾਨਤਾ ਰੱਖਣ ਵਾਲੀ ਥਾਂ ਹੁੰਦੀ ਹੈ ਪਰ ਇਹ "ਸੰਤ ਜੀ" ਇਹਨਾਂ ਥਾਵਾਂ ਨੂੰ ਕਲੰਕ ਲਗਾ ਰਹੇ ਹਨ ਅਤੇ ਗੁਰੂ ਨਾਨਕ ਦੇਵ ਜੀ ਸੱਚੇ ਪਾਤਸ਼ਾਹ ਦਾ ਨਾਂ ਬਦਨਾਮ ਕਰ ਰਹੇ ਹਨ। ਮੈਂ ਅਖੀਰ ਵਿਚ ਸਾਧ ਸੰਗਤਾਂ ਦੇ ਚਰਨਾਂ ਵਿਚ ਅਰਦਾਸ ਕਰਦਾਂ ਕਿ ਇਸ "ਸੰਤ ਜੀ" ਦੀਆਂ ਭੈੜੀਆਂ ਆਦਤਾਂ ਨੂੰ ਨਕੇਲ ਪਾਈ ਜਾਵੇ ਅਤੇ ਜਲਦੀ ਤੋਂ ਜਲਦੀ ਇਸ ਗੱਲ ਦਾ ਨੋਟਿਸ ਲਿਆ ਜਾਵੇ।

ਸੰਗਤਾ ਦਾ ਦਾਸ - ਮਹਿੰਦਰ ਸਿੰਘ।"

"ਸੰਤ ਜੀ" ਵਰਗੇ ਸਾਧ ਬਾਬੇ ਆਏ ਦਿਨ ਵਲੈਤ 'ਚ ਵੀ ਆਏ ਰਹਿੰਦੇ ਹਨ। ਮੂਰਖ ਜਨਤਾ ਉਹਨਾਂ ਦੀਆਂ ਗੱਲਾਂ ਵਿੱਚ ਜਿਸ ਤਰ੍ਹਾਂ ਆ ਜਾਂਦੀ ਹੈ, ਸੁਣ ਕੇ ਹੈਰਾਨੀ ਹੁੰਦੀ ਹੈ ਕਿ ਅੱਜ ਦੇ ਯੁੱਗ ਵਿੱਚ ਵੀ ਲੋਕ ਇਹਨਾਂ ਦੇ ਪਿੱਛੇ ਲੱਗੇ ਹਨ। ਅੱਜ-ਕਲ੍ਹ ਵਲੈਤ ਵਿੱਚ ਇਕ ਸਾਧ ਆਇਆ ਹੈ ਪੰਜਾਬ ਤੋਂ। ਉਹਦਾ ਕਹਿਣਾ ਹੈ ਕਿ 'ਅਗਰ ਕਿਸੇ ਨੂੰ ਕੋਈ ਦੀਰਘ ਰੋਗ ਵੀ ਲੱਗਾ ਹੋਵੇ ਤਾਂ ਉਹ ਉਸ ਇਨਸਾਨ ਦੀ ਫ਼ੋਟੋ ਤੋਂ ਹੀ ਉਹਦਾ ਇਲਾਜ ਕਰ ਸਕਦਾ ਹੈ।' ਮੇਰੇ ਇਕ ਰਿਸ਼ਤੇਦਾਰ ਦੀ ਯਾਦਾਸ਼ਤ ਗਈ ਨੂੰ ਕਈ ਵਰ੍ਹੇ ਹੋ ਗਏ ਹਨ ਅਤੇ ਉਹਦਾ ਕੈਨੇਡਾ ਵਿਖੇ ਵੱਡੇ-ਵੱਡੇ ਮਾਹਿਰਾਂ ਇਲਾਜ ਵੀ ਕੀਤਾ ਪਰ ਗੱਲ ਨਾ ਬਣੀ। ਹੁਣ ਮੇਰੇ ਕਈ ਰਿਸ਼ਤੇਦਾਰ ਇਸ ਸਾਧ ਬਾਬੇ ਦੁਆਲੇ ਫ਼ੋਟੋ ਲੈ ਕੇ ਫਿਰਦੇ ਹਨ ਕਿ ਇਹ "ਅਨਪੜ੍ਹ ਸਾਧ" ਇਲਾਜ ਕਰ ਦੇਵੇਗਾ। ਇਹ ਜਹਾਲਤ ਦੀ ਉੱਤਮ ਟੀਸੀ ਹੈ।

ਗੋਰਿਆਂ ਦੇ ਧਾਰਮਿਕ ਅਦਾਰਿਆਂ ਵਿਚ ਵੀ ਕਈ ਬਦਮਾਸ਼ੀਆਂ ਦੀਆਂ ਖ਼ਬਰਾਂ ਆਏ ਦਿਨ ਪੜ੍ਹਨ ਨੂੰ ਮਿਲਦੀਆਂ ਰਹਿੰਦੀਆਂ ਹਨ ਕਿ ਫਲਾਣੇ ਪਾਦਰੀ ਨੂੰ ਗੁੰਡੇਬਾਜ਼ੀ ਦੇ ਇਲਜ਼ਾਮ ਵਿੱਚ ਅੰਦਰ ਕਰ ਦਿੱਤਾ ਗਿਆ ਹੈ। ਕਈ ਵਾਰ ਸਿੱਖਾਂ ਦੇ ਗ੍ਰੰਥੀਆਂ, ਮੰਦਰਾਂ ਦੇ ਪੁਜਾਰੀਆਂ ਅਤੇ ਮਸੀਤਾਂ ਦੇ ਲੰਬੜਦਾਰ ਵੀ ਅਖ਼ਬਾਰੀ ਖ਼ਬਰਾਂ ਦੀਆਂ ਸੁਰਖੀਆਂ ਦਾ ਹਿੱਸਾ ਬਣਦੇ ਹਨ। ਮਹਿੰਦਰ ਸਿੰਘ ਅਤੇ ਉਹਦੇ ਸਾਥੀ; ਕਰਮਜੀਤ ਕੌਰ ਅਤੇ ਉਹਦੀਆਂ ਸਾਥਣਾਂ ਤਾਂ ਹੋਰ ਵੀ ਬਥੇਰੀਆਂ ਹੋਣਗੀਆਂ ਜਿਹੜੀਆਂ ਇਹਨਾਂ "ਬਾਬੇ ਬੋਕਾਂ" ਦੇ ਹਵਸ ਦੀਆਂ ਰੋਜ਼ ਸ਼ਿਕਾਰ ਹੁੰਦੀਆਂ ਹੋਣਗੀਆਂ ਪਰ ਕਈ ਮਜ਼ਬੂਰੀਆਂ ਕਾਰਣ ਗੱਲਾਂ ਬਾਹਰ ਨਹੀਂ ਆਉਂਦੀਆਂ। ਇਹ ਬਦਮਾਸ਼ ਅਤੇ ਨਖੱਟੂ ਕਿਸਮ ਦੇ ਸਾਧ ਬਾਬੇ ਉਹਨਾਂ ਭਲੇ ਪੁਰਸ਼ਾਂ ਦਾ ਨਾਂ ਵੀ ਬਦਨਾਮ ਕਰਦੇ ਹਨ ਜਿਹਨਾਂ ਆਪਣੇ ਸਮਿਆਂ ਵਿਚ ਆਪਣੇ ਢੰਗਾਂ ਨਾਲ ਲੋਕਾਂ ਦਾ ਭਲਾ ਕੀਤਾ ਸੀ ਅਤੇ ਕਈ ਤਰ੍ਹਾਂ ਦੇ ਦੁੱਖ ਝੱਲੇ, ਜਾਨਾਂ ਵਾਰੀਆਂ ਅਤੇ ਕੁਰਬਾਨੀਆਂ ਕੀਤੀਆਂ। ਇਸ ਜਿੱਲ੍ਹਣ ਵਿਚੋਂ ਨਿਕਲਣ ਦਾ ਇਕੋ ਇਲਾਜ ਵਿਗਿਆਨਕ ਅਤੇ ਤਰਕਸ਼ੀਲ ਸੋਚ ਹੀ ਹੈ।

# ਮੈਡੀਕਲ ਸਾਇੰਸਜ਼

***ਹੁਣ ਸ਼ੁਰੂਆਤੀ ਦੌਰ 'ਚ ਹੀ ਹੋਵੇਗੀ ਕੈਂਸਰ ਦੀ ਪਛਾਣ :*** ਵਿਗਿਆਨੀਆਂ ਨੇ ਹੁਣ ਇੱਕ ਅਜਿਹਾ 'ਮੈਜਿਕ ਬੁਲਿਟ' ਤਿਆਰ ਕਰਨ ਦਾ ਦਾਅਵਾ ਕੀਤਾ ਹੈ, ਜਿਸ ਦੇ ਜ਼ਰੀਏ ਸ਼ੁਰੂਆਤੀ ਦੌਰ 'ਚ ਹੀ ਕੈਂਸਰ ਦੀ ਪਛਾਣ ਹੋ ਸਕੇਗੀ। ਨੌਟਿੰਘਮ ਯੂਨੀਵਰਸਿਟੀ (ਲੰਡਨ) ਦੇ ਖੋਜੀਆਂ ਦੇ ਅਨੁਸਾਰ ਇਹ ਅਸਲ ਵਿਚ ਸੂਖਮ ਚਰਬੀ ਦਾ ਬੁਲਬਲਾ ਹੈ, ਜੋ ਕਿ ਟਿਊਮਰ ਵਾਲੀਆਂ ਥਾਵਾਂ ਦੀ ਪਛਾਣ ਕਰ ਸਕਦਾ ਹੈ। ਇਸ ਨਾਲ ਸਿਹਤ ਮਾਹਿਰ ਸ਼ੁਰੂਆਤੀ ਦੌਰ 'ਚ ਹੀ ਕੈਂਸਰ ਦੀ ਪਛਾਣ ਕਰਨ ਦੇ ਸਮਰੱਥ ਹੋ ਸਕਣਗੇ। ਦੱਸਿਆ ਗਿਆ ਹੈ ਕਿ ਇਸ ਨਵੀਂ ਤਕਨੀਕ ਦੀ ਵਰਤੋਂ ਆਸਟ੍ਰੇਲੀਆ ਦੀ ਕਵੀਨਸਲੈਂਡ ਯੂਨੀਵਰਸਿਟੀ ਨਾਲ ਕੀਤੀ ਜਾ ਰਹੀ ਹੈ। ਇਕ ਦਹਾਕੇ ਦੇ ਅੰਦਰ ਹੀ ਇਸ ਤਕਨੀਕ ਦੀ ਵਰਤੋਂ ਸਰਜਰੀ ਆਦਿ 'ਚ ਹੋਣ ਲੱਗ ਪਵੇਗੀ। ਟੀਮ ਦੇ ਮੁਖੀ ਤੇ ਅਲਟਰਾ ਸਾਊਂਡ ਮਾਹਿਰ ਡਾ. ਮੇਲਿਸਾ ਮਾਥੁਰ ਨੇ ਕਿਹਾ ਹੈ ਕਿ ਇਹ ਬੁਲਬੁਲਾ ਸ਼ੁਰੂਆਤੀ ਪੱਧਰ 'ਤੇ ਹੀ ਇਸ ਰੋਗ ਦੀ ਪਛਾਣ ਕਰ ਸਕਦਾ ਹੈ, ਜਦ ਕਿ ਐਮ. ਆਰ. ਆਈ. ਸਣੇ ਮੌਜੂਦਾ ਤਕਨੀਕ ਇਸ ਰੋਗ ਦੀ ਪਛਾਣ ਦੇਰ ਨਾਲ ਕਰਦੀ ਹੈ।

ਨੈਨੋ ਟਰਾਂਸਡਿਊਸਰ ਨਾਮਕ ਇਸ ਬੁਲਬਲੇ ਨੂੰ ਕੁਦਰਤੀ ਕੋਸ਼ਿਕਾਵਾਂ ਦੀ ਝਿੱਲੀ ਤੋਂ ਪ੍ਰਾਪਤ ਚਰਬੀ ਤੋਂ ਤਿਆਰ ਕੀਤਾ ਗਿਆ ਹੈ। ਇਸ ਨੂੰ ਖੂਨ 'ਚ ਮਿਲਾ ਦਿੱਤਾ ਜਾਂਦਾ ਹੈ। ਬਿਜਲਈ ਝਟਕੇ ਦੇਣ 'ਤੇ ਇਸ ਵਿੱਚੋਂ ਆਵਾਜ਼ ਦੀਆਂ ਤਰੰਗਾਂ ਪੈਦਾ ਹੁੰਦੀਆਂ ਹਨ, ਜਿਸ ਨਾਲ ਟਿਊਮਰ ਦੀ ਸਥਿਤੀ ਦਾ ਪਤਾ ਲੱਗ ਜਾਂਦਾ ਹੈ।

***ਹੁਣ ਇੱਕ ਟੀਕੇ ਨਾਲ ਹੀ ਜ਼ਿੰਦਗੀ ਭਰ ਜ਼ੁਕਾਮ ਤੋਂ ਮਿਲੇਗਾ ਛੁਟਕਾਰਾ :*** ਇੰਗਲੈਂਡ ਦੇ ਵਿਗਿਆਨੀਆਂ ਨੇ ਦਾਅਵਾ ਕੀਤਾ ਹੈ ਕਿ ਉਨ੍ਹਾਂ ਨੇ ਇੱਕ ਅਜਿਹਾ ਟੀਕਾ ਵਿਕਸਤ ਕਰ ਲਿਆ, ਜਿਸ ਨਾਲ ਹਰ ਤਰ੍ਹਾਂ ਦੇ ਜ਼ੁਕਾਮ ਤੋਂ ਜ਼ਿੰਦਗੀ ਭਰ ਲਈ ਛੁਟਕਾਰਾ ਮਿਲ ਜਾਵੇਗਾ। ਮਾਹਿਰਾਂ ਅਨੁਸਾਰ ਜ਼ੁਕਾਮ ਦੇ ਵਾਇਰਸ ਬਹੁਤ ਜਲਦੀ ਫੈਲਦੇ ਹਨ। ਇਸ ਲਈ ਔਰਤਾਂ ਅਤੇ ਬਜ਼ੁਰਗਾਂ ਨੂੰ ਹਰ ਸਾਲ ਟੀਕੇ ਲਗਾਏ ਜਾਂਦੇ ਹਨ ਤਾਂ ਕਿ ਉਹ ਇਸ ਰੋਗ ਤੋਂ ਸੁਰੱਖਿਅਤ ਰਹਿਣ। ਬੁੱਢੇ ਵਿਅਕਤੀਆਂ ਅਤੇ ਗਰਭਵਤੀ ਔਰਤਾਂ ਨੂੰ ਜ਼ੁਕਾਮ ਹੋਣ ਦਾ ਖ਼ਤਰਾ ਜ਼ਿਆਦਾ ਰਹਿੰਦਾ ਹੈ। ਦੂਜੇ ਪਾਸੇ ਵਿਗਿਆਨੀਆਂ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਇੱਕ ਨਵਾਂ ਟੀਕਾ 'ਫਲੂ-ਵੀ' ਇਜ਼ਾਦ ਕੀਤਾ ਹੈ। ਇਸ ਟੀਕੇ ਨੂੰ ਬਸ ਇੱਕ ਵਾਰ ਲੈਣ ਦੀ ਲੋੜ ਹੈ, ਤੇ ਸਾਰੀ ਜ਼ਿੰਦਗੀ ਕਾਰਗਰ ਰਹੇਗਾ। ਵਿਗਿਆਨਕਾਂ ਨੂੰ ਉਮੀਦ ਹੈ ਕਿ ਤਿੰਨ ਤੋਂ ਪੰਜ ਸਾਲਾਂ 'ਚ ਇਹ ਟੀਕਾ ਪੂਰੀ ਤਰ੍ਹਾਂ ਵਰਤੋਂ ਵਿੱਚ ਆ ਜਾਵੇਗਾ

***ਹੁਣ ਤੁਹਾਨੂੰ ਪਤਲਾ ਰੱਖਣ ਲਈ ਆਈ ਹੈ ਨਵੀ ਗੁੱਟ ਪੱਟੀ :*** ਜੇਕਰ ਤੁਸੀਂ ਆਪਣੇ ਸਰੀਰ 'ਤੇ ਵਧੀ ਹੋਈ ਚਰਬੀ ਨੂੰ ਲੈ ਕੇ ਪ੍ਰੇਸ਼ਾਨ ਹੋ, ਲੱਖ ਕੋਸ਼ਿਸ਼ਾਂ ਕਰਨ ਦੇ ਬਾਵਜੂਦ ਵੀ ਜੇ ਇਹ ਵਧੀ ਹੋਈ ਚਰਬੀ ਘੱਟ ਨਹੀਂ ਰਹੀ ਤਾਂ ਤੁਹਾਨੂੰ ਪਤਲਾ ਕਰਨ ਲਈ ਇੱਕ ਨਵੀਂ ਗੁੱਟ ਪੱਟੀ ਆ ਗਈ ਹੈ। ਜੌਬੋਨ ਨਾਂ ਦੀ ਕੰਪਨੀ ਦਾ ਕਹਿਣਾ ਹੈ ਕਿ 'ਅੱਪ' ਨਾਂ ਦੀ ਇਹ ਪੱਟੀ ਵਿਅਕਤੀ ਦੀਆਂ ਖਾਣ-ਪੀਣ, ਸੌਣ ਅਤੇ ਕਸਰਤ ਕਰਨ ਦੀਆਂ ਆਦਤਾਂ 'ਤੇ ਨਜ਼ਰ ਰੱਖਦੀ ਹੈ। ਇਸ ਦੇ ਨਾਲ ਹੀ ਇਹ ਪੱਟੀ ਆਈ ਫੋਨ ਰਾਹੀਂ ਵਿਅਕਤੀ ਨੂੰ ਸਿਹਤ ਸਬੰਧੀ ਸਲਾਹਾਂ ਵੀ ਦਿੰਦੀ ਹੈ। 80 ਪੌਂਡ ਦੀ ਕੀਮਤ ਵਾਲੀ ਇਹ ਪੱਟੀ ਕਾਫ਼ੀ ਆਕਰਸ਼ਕ ਤੇ ਟਿਕਾਊ ਹੈ। ਇਸ ਦੇ ਨਾਲ ਹੀ ਇਸ 'ਤੇ ਪਾਣੀ ਆਦਿ ਦਾ ਵੀ ਅਸਰ ਨਹੀਂ ਹੁੰਦਾ। ਇਹ ਪੱਟੀ ਵਿਅਕਤੀ ਦੀਆਂ ਆਦਤਾਂ ਨੂੰ ਇੱਕ ਵਾਰ ਦਰਜ ਕਰ ਲੈਂਦੀ ਹੈ। ਇਸ ਤੋਂ ਬਾਅਦ ਇਹ ਹਰ ਅਜਿਹੇ ਮੌਕੇ ਵਿਅਕਤੀ ਨੂੰ ਸੂਚਿਤ ਕਰਦੀ ਹੈ, ਜਿਸ ਕਿਸੇ ਆਦਤ ਨਾਲ ਉਸ ਸਬੰਧਤ ਵਿਅਕਤੀ ਦੀ ਸਿਹਤ ਨੂੰ ਨੁਕਸਾਨ ਹੋ ਰਿਹਾ ਹੋਵੇ।

***ਜ਼ਿਆਦਾ ਸਮਾਂ ਭੁੱਖੀਆਂ ਰਹਿਣ ਵਾਲੀਆਂ ਔਰਤਾਂ ਨੂੰ ਪਿੱਤੇ ਦੀ ਪੱਥਰੀ ਦਾ ਖ਼ਤਰਾ :*** ਅਮਰੀਕਾ ਦੇ ਮੈਰੀਲੈਂਡ ਸਥਿਤ ਨੈਸ਼ਨਲ ਇੰਸਟੀਚਿਊਟ ਆਫ਼ ਡਾਇਬਟੀਜ਼ ਐਂਡ ਕਿਡਨੀ ਡਿਸੀਜ਼ਿਜ਼ ਵਿੱਚ ਇੱਕ ਅਧਿਐਨ ਤੋਂ ਪਤਾ ਲੱਗਿਆ ਹੈ ਕਿ ਜੋ ਔਰਤਾਂ ਰੋਜ਼ਾਨਾ 14 ਘੰਟੇ ਜਾਂ ਇਸ ਤੋਂ ਵੱਧ ਸਮੇਂ 'ਤੇ ਭੋਜਨ ਨਹੀਂ ਕਰਦੀਆਂ ਉਨ੍ਹਾਂ ਵਿੱਚ ਪਿੱਤੇ ਦੀ ਪੱਥਰੀ ਬਣਨ ਦੀ ਸੰਭਾਵਨਾ ਵੱਧ ਹੁੰਦੀ ਹੈ। ਇਹ ਅਧਿਐਨ 12 ਸਾਲ ਦੇ ਸਮੇਂ ਤੱਕ ਕੋਈ 7000 ਔਰਤਾਂ 'ਤੇ ਕੀਤਾ ਗਿਆ ਸੀ। ਅਧਿਐਨ ਤੋਂ ਬਾਅਦ ਪਤਾ ਲੱਗਾ ਕਿ ਜਿਨ੍ਹਾਂ ਔਰਤਾਂ ਦੇ ਭੋਜਨ ਸਮਿਆਂ ਦੇ ਵਿਚਾਰ 8 ਘੰਟੇ ਜਾਂ ਉਸ ਤੋਂ ਜ਼ਿਆਦਾ ਸਮੇਂ ਦਾ ਫਾਸਲਾ/ਅੰਤਰ ਹੁੰਦਾ ਹੈ, ਉਨ੍ਹਾਂ ਵਿੱਚ ਪਿੱਤੇ ਦੀ ਪੱਥਰੀ ਬਣਨ ਦੀ ਸੰਭਾਵਨਾ ਤਿੰਨ ਗੁਣਾਂ ਤੱਕ ਹੁੰਦੀ ਹੈ।

***ਘੱਟ ਨੀਂਦ ਲੈਣ ਵਾਲੇ ਨੌਜਵਾਨਾਂ ਦੇ ਦਿਮਾਗ ਨੂੰ ਹੋ ਸਕਦਾ ਹੈ ਨੁਕਸਾਨ :*** ਇੱਕ ਨਵੇਂ ਅਧਿਐਨ ਵਿੱਚ ਇਹ ਦਾਅਵਾ ਕੀਤਾ ਗਿਆ ਹੈ ਕਿ ਨਾ ਕਾਫ਼ੀ ਨੀਂਦ ਲੈਣ ਕਾਰਨ ਜ਼ਿੰਦਗੀ ਦੇ ਅਗਲੇ ਪੜ੍ਹਾਅ 'ਤੇ ਦਿਮਾਗ ਦਾ ਨੁਕਸਾਨ ਹੋ ਸਕਦਾ ਹੈ।

'ਡੇਲੀ ਮੇਲ' ਦੀ ਇੱਕ ਰਿਪੋਰਟ ਦੇ ਅਨੁਸਾਰ ਵਿਸਕਾਨਸਿਨ-ਮੈਡੀਸਨ ਯੂਨੀਵਰਸਿਟੀ ਆਫ਼ ਲੰਡਨ ਦੇ ਖੋਜੀਆਂ ਨੇ ਅਧਿਐਨ ਕਰਕੇ ਇਹ ਪਤਾ ਲਗਾਇਆ ਹੈ ਕਿ ਚੜ੍ਹਦੀ ਉਮਰੇ ਘੱਟ ਨੀਂਦ ਲੈਣ ਵਾਲੇ ਨੌਜਵਾਨਾਂ ਦੀ ਦਿਮਾਗੀ ਵਾਇਰਿੰਗ ਦਾ ਦੀਰਘਕਾਲੀ ਨੁਕਸਾਨ ਹੋ ਸਕਦਾ ਹੈ। ਉਨ੍ਹਾਂ ਪਾਇਆ ਕਿ ਥੋੜ੍ਹੇ ਚਿਰ ਲਈ ਅਨੀਂਦਰੇਪਣ ਕਰਕੇ ਦਿਮਾਗ ਦੇ ਸਾਵੇਂ ਵਿਕਾਸ ਅਤੇ ਨਾੜੀ ਤੰਤੂਆਂ ਵਿਚਕਾਰ ਜੋੜਾਂ 'ਤੇ ਮਾੜਾ ਅਸਰ ਪੈਂਦਾ ਹੈ।

ਖੋਜੀਆਂ ਦਾ ਇਹ ਵੀ ਕਹਿਣਾ ਹੈ ਕਿ ਭੁੱਲਣ ਦੀ ਬਿਮਾਰੀ ਜਿਹੇ ਦਿਮਾਗੀ ਨੁਕਸਾਂ ਦੀ ਸ਼ੁਰੂਆਤ ਅੱਲੜ੍ਹਪੁਣੇ ਤੋਂ ਹੀ ਸ਼ੁਰੂ ਹੋ ਜਾਂਦੀ ਹੈ, ਪਰ ਇਨ੍ਹਾਂ ਦੇ ਸਹੀ ਕਾਰਨ ਅਜੇ ਤੱਕ ਸਪੱਸ਼ਟ ਨਹੀਂ ਹੋਏ।

***ਹਲਕੀ ਰੌਸ਼ਨੀ ਵੀ ਕਰਦੀ ਹੈ ਦਿਮਾਗ ਦਾ ਨੁਕਸਾਨ :*** ਸਾਡੇ ਵਿੱਚੋਂ ਬਹੁਤੇ ਲੋਕਾਂ ਨੂੰ ਰਾਤ ਸਮੇਂ ਹਲਕੀ ਰੌਸ਼ਨੀ ਵਿੱਚ ਸੌਣ ਦੀ ਆਦਤ ਹੁੰਦੀ ਹੈ। ਇਹ ਰੌਸ਼ਨੀ ਨਾਈਟ ਬਲਾਕ ਜਾਂ ਨਾਈਟ ਲੈਂਪ ਦੀ ਹੁੰਦੀ ਹੈ, ਜੋ ਸਿੱਧੇ ਤੌਰ 'ਤੇ ਸਾਡੇ ਦਿਮਾਗ ਦੀ ਬਣਾਵਟ ਨੂੰ ਪ੍ਰਭਾਵਿਤ ਕਰਦੀ ਹੈ। ਇਸ ਨਾਲ ਨੀਂਦ ਗਹਿਰੀ ਹੋਣ ਦੀ ਬਜਾਏ ਹਲਕੀ ਹੋ ਜਾਂਦੀ ਹੈ ਅਤੇ ਵਿਅਕਤੀ ਦਿਮਾਗੀ ਰੋਗਾਂ ਦਾ ਸ਼ਿਕਾਰ ਹੋ ਜਾਂਦਾ ਹੈ। ਇਸ ਨਾਲ ਵਿਅਕਤੀ ਆਲਸ ਅਤੇ ਉਨੀਂਦਰੇ ਦੀ ਹਾਲਤ ਵਿੱਚ ਰਹਿੰਦਾ ਹੈ। ਇਸੇ ਤਰ੍ਹਾਂ ਟੀ. ਵੀ. ਅਤੇ ਕੰਪਿਊਟਰ ਦੀ ਰੌਸ਼ਨੀ ਜ਼ਿਆਦਾ ਤੇਜ਼ ਹੋਣ ਕਰਕੇ ਵੀ ਇਸੇ ਤਰ੍ਹਾਂ ਦੀਆਂ ਸਮੱਸਿਆਵਾਂ ਉਤਪੰਨ ਹੁੰਦੀਆਂ ਹਨ।

***.....ਤੇ ਅੰਤ ਵਿੱਚ :*** ਸਾਡੇ ਵਿੱਚੋਂ ਜ਼ਿਆਦਾਤਰ ਲੋਕ ਰੋਜ਼ਾਨਾ ਦੇ ਤਣਾਅ ਤੋਂ ਪ੍ਰੇਸ਼ਾਨ ਰਹਿੰਦੇ ਹਨ। ਸਿਹਤ ਪ੍ਰਤੀ ਇਹ ਚਿੰਤਾ ਅਤੇ ਪ੍ਰੇਸ਼ਾਨੀ ਉਨ੍ਹਾਂ ਦੀ ਸਿਹਤ ਨੂੰ ਹੋਰ ਕਮਜ਼ੋਰ ਕਰ ਦਿੰਦੀ ਹੈ। ਅਜਿਹੀ ਸਥਿਤੀ ਵਿੱਚ ਜ਼ਿੰਦਗੀ ਪ੍ਰਤੀ ਦਾਰਸ਼ਨਿਕ ਦ੍ਰਿਸ਼ਟੀਕੋਣ ਬਣਾਈ ਰੱਖਣਾ ਹੀ ਸਹੀ ਸਾਬਤ ਹੁੰਦਾ ਹੈ। ਅਮਰੀਕਨ ਹਾਰਟ ਐਸੋਸੀਏਸ਼ਨ ਨੂੰ ਇੱਕ ਅਧਿਐਨ ਵਿੱਚ ਪਤਾ ਲੱਗਾ ਹੈ ਕਿ ਨਿਰਾਸ਼ਾਵਾਦੀ ਲੋਕਾਂ ਦੇ ਦਿਲ ਦੀ ਰੋਗਾਂ ਤੋਂ ਗ੍ਰਸਤ ਹੋਣ ਦੀ ਸੰਭਾਵਨਾ ਆਸ਼ਾਵਾਦੀ ਲੋਕਾਂ ਦੇ ਮੁਕਾਬਲੇ ਕਿਤੇ ਜ਼ਿਆਦਾ ਹੁੰਦੀ ਹੈ। ਜੇ ਨਿਰਾਸ਼ਾਵਾਦੀ 100 ਲੋਕਾਂ ਵਿੱਚ 14 ਦਿਲ ਦੇ ਰੋਗਾਂ ਦੇ ਮਰੀਜ਼ ਹਨ ਤਾਂ ਅਜਿਹੇ ਆਸ਼ਾਵਾਦੀ 100 ਲੋਕਾਂ ਵਿੱਚ ਮਹਿਜ਼ 9 ਲੋਕ ਹੀ ਦਿਲ ਦੇ ਰੋਗਾਂ ਦੇ ਸ਼ਿਕਾਰ ਹਨ।

- **ਸੁਖਮੰਦਰ ਸਿੰਘ ਤੂਰ**, ਪਿੰਡ ਤੇ ਡਾਕ:ਖੋਸਾ ਪਾਂਡੋ (ਮੋਗਾ)

# ਤਰਕਭਾਰਤੀ ਪ੍ਰਕਾਸ਼ਨ ਦੁਆਰਾ ਪ੍ਰਕਾਸ਼ਿਤ ਪੁਸਤਕਾਂ

ਹੁਣ ਤੁਸੀਂ ਕੋਈ ਵੀ ਪੁਸਤਕ ਫ਼ੋਨ ਕਰਕੇ ਡਾਕ ਰਾਹੀਂ ਵੀ ਮੰਗਵਾ ਸਕਦੇ ਹੋ, ਸਾਡਾ ਫ਼ੋਨ ਨੰਬਰ ਹੈ : 01679-241744, 233244

### ■ ਭਗਤ ਸਿੰਘ ਤੇ ਸਾਥੀਆਂ ਨਾਲ ਸੰਬੰਧਤ ਕਿਤਾਬਾਂ

| | |
|---|---|
| ਸ਼ਹੀਦ ਭਗਤ ਸਿੰਘ ਦੀਆਂ ਚੋਣਵੀਆਂ ਲਿਖਤਾਂ/*ਪ੍ਰੋ. ਵੜੈਚ* | 50/- |
| ਭਗਤ ਸਿੰਘ ਦੀ ਜ਼ੇਲ੍ਹ ਡਾਇਰੀ/*ਸੱਤਯਮ ਵਰਮਾ* | 60/- |
| ਇਨਕਲਾਬ (ihtBh Fjhd Grs f;zx)/ਡਾ. ਤਜਿੰਦਰ | 80/- |
| ਸ਼ਹੀਦ ਭਗਤ ਸਿੰਘ/ਕੰਵਰਜੀਤ | 60/- |
| ਸ਼ਹੀਦਾਂ ਦੇ ਅੰਗ ਸੰਗ/*ਸ਼ਿਵ ਵਰਮਾ* | 60/- |
| ਅਮਰ ਸ਼ਹੀਦਾਂ ਦੀਆਂ ਯਾਦਾਂ/*ਰਾਜਾ ਰਾਮ ਸ਼ਾਸਤਰੀ* | 40/- |
| ਸ਼ਹੀਦਾਂ ਦੀ ਵਿਰਸਾਤ/*ਭਗਵਾਨ, ਸਦਾਸਿਵ* | 50/- |
| ਮੈਂ ਨਾਸਤਿਕ ਕਿਉਂ ਹਾਂ/*ਭਗਤ ਸਿੰਘ* | 5/- |
| ਭਗਤ ਸਿੰਘ ਦੇ ਚੁਣਵੇਂ ਵਿਚਾਰ/*ਸਾਵਲਾ ਰਾਮ* | 10/- |
| ਭਗਤ ਸਿੰਘ ਦੀ ਵਿਚਾਰਧਾਰਾ/*ਕਮਲੇਸ਼ ਮੋਹਨ* | 10/- |
| ਭਗਤ ਸਿੰਘ ਦੀ ਨਾਸਤਿਕਤਾ/*ਅਮਰਜੀਤ ਸੂਫੀ* | 20/- |
| ਸ਼ਹੀਦ ਚੰਦਰ ਸ਼ੇਖਰ ਅਜ਼ਾਦ /*ਸ਼ਿਵ ਵਰਮਾ* | 10/- |
| ਸ਼ਹੀਦ ਰਾਜਗੁਰੂ /*ਸ਼ਿਵ ਵਰਮਾ* | 10/- |
| ਸ਼ਹੀਦ ਊਧਮ ਸਿੰਘ/*ਸੁਖਦੇਵ ਸਿੱਧੂ* | 10/- |
| ਸ਼ਹੀਦ ਕਰਤਾਰ ਸਿੰਘ ਸਰਾਭਾ/*ਵਿਸ਼ਵਭਾਰਤੀ* | 10/- |
| ਗਾਂਧੀ ਭਗਤੀ ਤੋਂ ਕ੍ਰਾਂਤੀ ਤੱਕ/*ਬਲਵੀਰ ਚੰਦ* | 10/- |
| ਸਾਮਰਾਜੀ ਧੌਂਸ ਨੂੰ ਵੰਗਾਰ/*ਨਵਤੇਜ ਸਿੰਘ* | 300/- |
| ਜੀਵਨ ਤੇ ਰਚਨਾ ਲਾਲਾ ਹਰਦਿਆਲ/*ਡਾ. ਕੋਮਲ* | 100/- |
| ਹੁਤਾਤਮਾ ਰਾਜਗੁਰੂ/ਚਰਨ ਕੌਸ਼ਲ | 100/- |

### ■ ਇਨਕਲਾਬੀ ਨਾਵਲ

| | |
|---|---|
| ਫਾਂਸੀ ਦੇ ਤਖ਼ਤੇ ਤੋਂ/*ਜੂਲੀਅਸ ਫ਼ੀਚਕ* | 50/- |
| ਨੀਲੇ ਪੱਤਰੇ/*ਇਮਾਨੂਅਲ ਕਜ਼ਾਕੇਵਿਚ* | 50/- |
| ਜੰਗਲਨਾਮਾ/*ਸਤਨਾਮ* | 60/- |
| ਪਰਬਤੋਂ ਭਾਰੀ ਮੌਤ (ਨਾਵਲ)/*ਅਨਿਲ ਵਾਰਵੇ* | 20/- |
| ਜਦੋਂ ਖੇਤ ਜਾਗੇ (ਨਾਵਲ)/*ਕ੍ਰਿਸ਼ਨ ਚੰਦਰ* | 30/- |
| ਬਾਲ ਸਿਪਾਹੀ (ਚੀਨੀ ਨਾਵਲ)/*ਸ਼ੀ ਕੁਆਂਗ ਯਾਓ* | 30/- |
| ਚਮਕਦਾ ਲਾਲ ਸਿਤਾਰਾ (ਨਾਵਲ)/*ਲੀ ਸ੍ਰਿਨ-ਤੀਅਨ* | 20/- |
| ਮੱਛੀ ਤੇ ਪਾਣੀ (ਚੀਨੀ ਨਾਵਲ)/*ਚੈਨ ਤੈਂਗ ਕੀ* | 20/- |
| ਜੋ ਹਾਰੇ ਨਹੀਂ (ਨਾਵਲ)/*ਪ੍ਰੋ. ਹਰਭਜਨ ਸਿੰਘ* | 250/- |
| ਮਾਸਟਰ ਸਾਹਿਬ/*ਮਹਾਂਸ਼ਵੇਤਾ ਦੇਵੀ* | 30/- |
| ਸੱਚ ਦਾ ਝੰਡਾ/*ਮੋਹਨ ਸਿੰਘ ਕੁੱਕੜਪਿੰਡੀਆ* | 20/- |
| ਪਵਿੱਤਰ ਸੂਲੀ/*ਮੋਹਨ ਸਿੰਘ ਕੁੱਕੜਪਿੰਡੀਆ* | 20/- |
| ਤਾਰੀਖ ਗਵਾਹੀ ਦੇਵੇਗੀ/*ਮੋਹਨ ਸਿੰਘ ਕੁੱਕੜਪਿੰਡੀਆ* | 20/- |
| ਤਾਰੀਖ ਰੋ ਨਾ ਸਕੀ/*ਮੋਹਨ ਸਿੰਘ ਕੁੱਕੜਪਿੰਡੀਆ* | 20/- |

### ■ ਇਨਕਲਾਬੀ ਗੀਤ

| | |
|---|---|
| ਸੰਤ ਰਾਮ ਉਦਾਸੀ ਦੇ ਚੋਣਵੇਂ ਗੀਤ/*ਇਕਬਾਲ ਉਦਾਸੀ* | 30/- |
| ਪਾਸ਼ ਦੀ ਚੋਣਵੀਂ ਕਵਿਤਾ/*ਅਵਤਾਰ ਪਾਸ਼* | 40/- |
| ਭਰੂਣ ਹੱਤਿਆ ਇਕ ਸਮਾਜਿਕ ਕੋਹੜ/*ਮੱਖਣ ਸਿੰਘ ਜੌਹਲ* | 50/- |
| ਗੂੰਜ ਬਗਾਵਤ ਦੀ/*ਜਸਦੇਵ ਲਲਤੋਂ* | 30/- |
| ਉੱਠੋ ਨੌਜਵਾਨੋਂ/*ਕ੍ਰਿਸ਼ਨ ਕੌਰਪਾਲ* | 30/- |
| ਖੇਤਾਂ ਦੀ ਬੁੱਕਲ 'ਚੋਂ (ਗੀਤ)/*ਮਿੰਦਰਪਾਲ ਭੱਠਲ* | 30/- |
| ਅੱਜ ਦੇ ਜ਼ਮਾਨੇ ਵਿੱਚ/*ਦਰਸ਼ਨ ਭੋਤਨਾ* | 25/- |
| ਸੂਹੀਆਂ ਕਿਰਨਾਂ ਦਾ ਯਾਰ ਜੈਮਲ ਪੱਡਾ/*ਤਜਿੰਦਰ* | 50/- |
| ਨਕਸਲੀ ਸ਼ਹੀਦ ਜੈਮਲ ਸਿੰਘ ਪੱਡਾ/*ਅਜਮੇਰ ਸਿੱਧੂ* | 50/- |
| ਛੱਲਾਂ ਲਹਿਰ ਦੀਆਂ/*ਜਸਦੇਵ ਸਿੰਘ ਲਲਤੋਂ* | 30/- |

### ■ ਇਨਕਲਾਬੀ ਵਾਰਤਕ

| | |
|---|---|
| ਲਾਲ ਕਿਤਾਬ/*ਕਾਮਰੇਡ ਮਾਓ ਦੇ ਵਿਚਾਰ* | 50/- |
| ਨੌਜਵਾਨਾਂ ਨੂੰ/*ਸਵੈ ਸਾਚੀ* | 20/- |
| ਸਮਾਜ ਨੂੰ ਬਦਲ ਦਿਓ/*ਸਵੈ ਸਾਚੀ* | 20/- |
| ਭਾਰਤ ਦਾ ਮੁਕਤੀ ਸੰਘਰਸ਼/*ਨੌਜਵਾਨ ਦਸਤਾ* | 50/- |
| ਸੂਹੀ ਸਵੇਰ/*ਸਵੈ ਸਾਚੀ* | 50/- |
| ਮਿਥਿਹਾਸ ਇਤਿਹਾਸ ਤੇ ਇਤਿਹਾਸਕ ਪਦਾਰਥਵਾਦ | 40/- |
| ਸਿੱਖ ਵੀਰਾਂ ਨਾਲ ਕੁਝ ਗੱਲਾਂ/*ਮੱਖਣ ਸਿੰਘ ਜੌਹਲ* | 80/- |
| ਕਲਾ ਜ਼ਿੰਦਗੀ ਤੇ ਨਕਸਲੀ ਸਰੋਕਾਰ/*ਬਲਵੀਰ ਪ੍ਰਵਾਨਾ* | 40/- |
| ਇਨਕਲਾਬੀ ਇਤਿਹਾਸ ਦੇ ਸੁਨਿਹਰੀਪੰਨੇ/*ਚਮਨ ਲਾਲ* | 50/- |
| ਪੰਜਾਬ ਦੀ ਨਕਸਲਬਾੜੀ ਲਹਿਰ/*ਬਲਵੀਰ ਪਰਵਾਨਾ* | 40/- |
| ਰੂਸੀ ਬਾਲ ਕਹਾਣੀ 'ਲਾਖੀ'/*ਅਨੰਤ ਚੇਖ਼ਵ* | 20/- |
| ਗੁਲਾਮੀ ਤੋਂ ਮੁਕਤੀ/*ਫਰੈਡਰਿਕ ਡਗਲਸ* | 20/- |
| ਪ੍ਰੋ. ਰਣਧੀਰ ਸਿੰਘ ਦੇ ਚੋਣਵੇਂ ਲੇਖ | 60/- |
| ਗੁਲਮੀ ਵਾਲੀ ਜੂਨ ਬੁਰੀ /*ਗੁਰਚਰਨ ਜੈਤੋਂ* | 50/- |
| ਭਾਰਤੀ ਜੇਲ੍ਹਾਂ 'ਚ ਪੰਜ ਵਰ੍ਹੇ/*ਮੇਰੀ ਟਾਈਲਰ* | 80/- |

### ■ ਇਨਕਲਾਬੀ ਦੇਸ਼ ਭਗਤਾਂ ਦੀਆਂ ਜੀਵਨੀਆਂ

| | |
|---|---|
| ਸਾਹਿਤ ਦਾ ਸਾਗਰ : ਪਾਸ਼/*ਸੋਹਣ ਸਿੰਘ ਸੰਧੂ* | 400/- |
| ਜੋਜ਼ਫ ਸਟਾਲਿਨ (ਜੀਵਨੀ)/ਸਰਜੀਤ ਤਲਵਾਰ | 50/- |
| ਹਾਕਮ ਸਿੰਘ ਸਮਾਉਂ/*ਸੁਖਦਰਸ਼ਨ ਨੱਤ* | 150/- |
| ਦੇਸ਼ ਭਗਤ ਪ੍ਰਤਾਪ ਸਿੰਘ ਧਨੌਲਾ/*ਤੇਜਵੰਤ ਮਾਨ* | 50/- |
| ਸ਼ਹੀਦ ਭਗਵਾਨ ਸਿੰਘ ਲੌਂਗੋਵਾਲੀਆ/*ਬਲਵੀਰ ਚੰਦ* | 20/- |
| ਦੇਸ਼ ਭਗਤ-ਕਾਮਰੇਡ ਹਰਨਾਮ ਸਿੰਘ ਚਮਕ/*ਬਲਵੀਰ* | 30/- |
| ਡਾਇਰੀ ਬਾਬਾ ਹਰੀ ਸਿੰਘ ਉਸਮਾਨ/*ਪ੍ਰੋ. ਵੜੈਚ* | 50/- |
| ਗ਼ਦਰੀ ਬਾਬਾ ਜਵਾਲਾ ਸਿੰਘ/*ਬਲਵੀਰ ਪਰਵਾਨਾ* | 30/- |
| ਸੰਘਰਸ਼ੀਲ ਯੋਧਾ ਹਰੀ ਸਿੰਘ ਤਰਕ | 50/- |
| ਸ਼ਹੀਦ ਬਾਬਾ ਬੂਝਾ ਸਿੰਘ/*ਅਜਮੇਰ ਸਿੱਧੂ* | 300/- |
| ਗਦਰੀ ਬਾਬਾ ਦੂਲਾ ਸਿੰਘ/*ਜਰਨੈਲ ਅੱਚਰਵਾਲ* | 30/- |
| ਇਨਕਲਾਬੀ ਯੋਧਾ ਮੈਡਮ ਕਾਮਾ/*ਸੂਫ਼ੀ ਅਮਰਜੀਤ* | 40/- |
| ਜੀਵਨ ਸੰਘਰਸ਼/*ਦਰਸ਼ਨ ਖਟਕੜ* | 200/- |
| ਉਕਾਬਣ ਕੂੰਜਾਂ (ਸੰਸਾਰ ਪ੍ਰਸਿੱਧ ਔਰਤਾਂ ਦੀਆਂ ਜੀਵਨੀਆਂ) | 100/- |

### ■ ਹੋਰ ਇਨਕਲਾਬੀ ਪੁਸਤਕਾਂ

| | |
|---|---|
| ਚੀਨੀ ਸਾਹਿਤ ਦੀ ਅਲੋਚਨਾ ਦੇ ਸਿਧਾਂਤ/ਅਮਰਜੀਤ ਸੂਫ਼ੀ | 50/- |
| ਤਾਮਿਲ ਗੁਰਿਲਿਆਂ ਦੇ ਦੇਸ਼ 'ਚ/*ਹਰਜਿੰਦਰ* | 40/- |
| ਸੰਗਰਾਮੀ ਪਿੰਡ/*ਜਰਨੈਲ ਸਿੰਘ ਅੱਚਰਵਾਲ* | 60/- |
| ਕਿਊਬਾ ਸਫ਼ਰਨਾਮਾ/*ਪ੍ਰੋ. ਗੁਰਮੀਤ ਟਿਵਾਣਾ* | 150/- |
| ਸਿੱਖ ਵੀਰਾਂ ਦੇ ਨਾਮ ਖੁੱਲ੍ਹੇ ਖ਼ਤ/*ਮੱਖਣ ਸਿੰਘ ਜੌਹਲ* | 30/- |
| ਸਾਮਰਾਜੀ ਤਾਕਤਾਂ ਇਰਾਕ ਜੰਗ/*ਬਲਜਿੰਦਰ ਕੋਟਭਾਰਾ* | 20/- |
| ਸਮਕਾਲ ਦੇ ਸਨਮੁੱਖ/*ਬਲਵਿੰਦਰ* | 70/- |
| ਜਿੱਤਾਂਗੇ ਹਨੇਰੇ ਨੂੰ/*ਮਣੀਮਾਲਾ* | 50/- |
| ਜੋਗਿੰਦਰ ਬਾਹਰਲਾ/*ਇੰਦਰਜੀਤ ਨੰਦਨ* | 40/- |
| ਪੰਜਾਬ 'ਚ ਕੌਮੀਅਤ ਤੇ ਜ਼ਰਈ ਸਵਾਲ/*ਕਰਮ ਬਰਸਟ* | 50/- |
| ਗਾਥਾ ਕਿਸ਼ਨਗੜ੍ਹ/*ਦੇਸ ਰਾਜ ਛਾਜਲੀ* | 30/- |
| ਪੱਤਣੋਂ ਲੰਘੇ ਪਾਣੀ/ਰਣਧੀਰ ਗਿੱਲ ਪੱਤੀ | 40/- |



        

**■ ਹਿਪਨੋਟੀਜ਼ਮ**

| | |
|---|---|
| ਹਿਪਨੋਟਿਜ਼ਮ ਕੀ, ਕਿਉਂ ਤੇ ਕਿਵੇਂ???/*ਸਰਜੀਤ ਤਲਵਾਰ* | 10/- |
| ਹਿਪਨੋਟਿਜ਼ਮ ਤੁਹਾਡੇ ਲਈ/*ਟੀ. ਐਸ. ਰਾਓ* | 25/- |
| ਹਿਪਨੋਟਿਜ਼ਮ ਕਿਵੇਂ ਸਿੱਖੀਏ ?/*ਸਰਜੀਤ ਤਲਵਾਰ* | 20/- |

**■ ਜਾਦੂ ਦੀਆਂ ਕਿਤਾਬਾਂ**

| | |
|---|---|
| ਜੀਵਨ ਦੀਆਂ ਗਣਿਤਕ ਉਲਝਣਾਂ/ਹੇਮ ਰਾਜ ਗਰਗ | 50/- |
| ਤਰਕਸ਼ੀਲ ਦਿਮਾਗੀ ਕਸਰਤਾਂ /*ਮੇਘ ਰਾਜ ਮਿੱਤਰ* | 30/- |
| ਦਿਮਾਗੀ ਵਿਕਾਸ ਕਿਵੇਂ ਕਰੀਏ?/*ਮੇਘ ਰਾਜ ਮਿੱਤਰ* | 20/- |
| ਅੰਕਾਂ ਦਾ ਜਾਦੂ/*ਸਰਜੀਤ ਤਲਵਾਰ* | 40/- |
| ਵਿਗਿਆਨਕ ਜਾਦੂਗਰ/*ਸਰਜੀਤ ਤਲਵਾਰ* | 30/- |
| ਤਰਕਸ਼ੀਲ ਜਾਦੂਗਰ/*ਸਰਜੀਤ ਤਲਵਾਰ* | 30/- |
| ਸਟੇਜ ਦੇ ਜਾਦੂ/*ਨਰਿੰਦਰ* | 30/- |
| ਨੰਨ੍ਹਾ ਜਾਦੂਗਰ/*ਨਰਿੰਦਰ* | 20/- |
| ਚਮਤਕਾਰਾਂ ਪਿੱਛੇ ਵਿਗਿਆਨ/*ਬੀ. ਪ੍ਰੇਮਾਨੰਦ* | 40/- |
| ਰਸਾਇਣਕ ਜਾਦੂਗਰ/*ਸਰਜੀਤ ਤਲਵਾਰ* | 20/- |
| ਰਸੋਈ ਵਿੱਚ ਵਿਗਿਆਨ/*ਸਰਜੀਤ ਤਲਵਾਰ* | 30/- |

**■ ਗਿਆਨ ਵਿਗਿਆਨ ਦੀਆਂ ਪੁਸਤਕਾਂ**

| | |
|---|---|
| ਮਾਦੇ ਤੋਂ ਮਨੁੱਖ ਤੱਕ/*ਮੇਘ ਰਾਜ ਮਿੱਤਰ* | 10/- |
| ਕਣ-ਕਣ ਵਿੱਚ ਵਿਗਿਆਨ/*ਮੇਘ ਰਾਜ ਮਿੱਤਰ* | 15/- |
| ਸਮੇਂ ਦਾ ਇਤਿਹਾਸ/*ਮੇਘ ਰਾਜ ਮਿੱਤਰ* | 30/- |
| ਪ੍ਰਸਿੱਧ ਵਿਗਿਆਨਕ ਖੋਜਾਂ/*ਡਾ. ਜਤਿੰਦਰਪਾਲ ਸਿੰਘ* | 50/- |
| ਵਿਗਿਆਨ ਦੇ ਚਮਤਕਾਰ/*ਡਾ. ਜਤਿੰਦਰਪਾਲ ਸਿੰਘ* | 50/- |
| ਸਾਡਾ ਦੋਸਤ ਵਿਗਿਆਨ/*ਡਾ. ਜਤਿੰਦਰਪਾਲ ਸਿੰਘ* | 50/- |
| ਮਹਾਨ ਵਿਗਿਆਨੀ/ਡਾ. ਜਤਿੰਦਰਪਾਲ | 70/- |
| ਵਿਗਿਆਨ ਦੀ ਅਦਭੁੱਤ ਦੁਨੀਆ/ਡਾ. ਜਤਿੰਦਰਪਾਲ | 80/- |
| ਵਾਤਾਵਰਣ ਦਾ ਪ੍ਰਦੂਸ਼ਣ/ਡਾ. ਜਤਿੰਦਰਪਾਲ | 80/- |
| ਫੈਲ ਰਹੀ ਮਹਾਂਮਾਰੀ ਏਡਜ਼/*ਡਾ. ਜਤਿੰਦਰਪਾਲ* | 40/- |
| ਮਨੋਰੰਜਨ ਰਾਹੀਂ ਵਿਗਿਆਨ/*ਸਰਜੀਤ ਤਲਵਾਰ* | 30/- |
| ਵਿਗਿਆਨ ਹੀ ਵਿਗਿਆਨ/*ਸਰਜੀਤ ਤਲਵਾਰ* | 20/- |
| ਗ੍ਰਹਿਣਾਂ ਦੀ ਕਹਾਣੀ/*ਸਰਜੀਤ ਤਲਵਾਰ* | 20/- |
| ਜੱਗ ਰਚਨਾ ਦਾ ਸੱਚ/*ਅਮਰਜੀਤ ਢਿੱਲੋਂ* | 20/- |
| ਵਿਗਿਆਨ ਦਾ ਸਮਾਜ 'ਤੇ ਪ੍ਰਭਾਵ/*ਬਰਟਰੈਂਡ ਰਸਲ* | 40/- |
| ਖੇਡ ਖੇਡ 'ਚ ਵਿਗਿਆਨ/*ਬਰਜਿੰਦਰਪਾਲ ਸਿੰਘ* | 20/- |
| ਆਓ ਵਿਗਿਆਨ ਪ੍ਰਯੋਗ ਕਰਕੇ ਸਿੱਖੀਏ/*ਬਲਜਿੰਦਰਪਾਲ* | 30/- |
| ਬੋਦੀ ਵਾਲੇ ਤਾਰੇ/*ਸਰਜੀਤ ਤਲਵਾਰ* | 30/- |
| ਮਨੁੱਖ ਮਹਾਂਬਲੀ ਕਿਵੇਂ ਬਣਿਆ/ਐਮ. ਇਲੀਨ | 100/- |
| ਮਨੁੱਖ ਦੀ ਉਤਪਤੀ/*ਚਾਰਲਸ ਡਾਰਵਨ* | 100/- |
| ਜੀਵ ਦੀ ਉਤਪਤੀ/*ਚਾਰਲਸ ਡਾਰਵਨ* | 150/- |
| ਜੀਵ ਜੰਤੂਆਂ ਦੀ ਅਦਭੁੱਤ ਦੁਨੀਆਂ/ਰਣਜੀਤ ਝਨੇਰ | 80/- |
| ਸਾਇੰਸ ਸਿਟੀ/ਮੇਘ ਰਾਜ ਮਿੱਤਰ | 50/- |

**■ ਤਰਕਸ਼ੀਲ ਸਾਹਿਤ**

| | |
|---|---|
| ...ਤੇ ਦੇਵ ਪੁਰਸ਼ ਹਾਰ ਗਏ/*ਅਬਰਾਹਮ ਟੀ. ਕਾਵੂਰ* | 30/- |
| ਦੇਵ, ਦੈਂਤ ਤੇ ਰੂਹਾਂ/*ਅਬਰਾਹਮ ਟੀ. ਕਾਵੂਰ* | 30/- |
| ਰੌਸ਼ਨੀ/*ਮੇਘ ਰਾਜ ਮਿੱਤਰ* | 20/- |
| ਤਰਕਬਾਣੀ/*ਮੇਘ ਰਾਜ ਮਿੱਤਰ* | 20/- |
| ਤਰਕਜੋਤੀ/*ਮੇਘ ਰਾਜ ਮਿੱਤਰ* | 20/- |
| ਭੂਤਾਂ-ਪ੍ਰੇਤਾਂ ਨਾਲ ਯੁੱਧ ਕਿਵੇਂ?/*ਮੇਘ ਰਾਜ ਮਿੱਤਰ* | 30/- |
| ਜੋਤਿਸ਼ ਝੂਠ ਬੋਲਦਾ ਹੈ/*ਮਨਜੀਤ ਬੋਪਾਰਾਏ* | 20/- |
| ਬਾਬਾ ਰਾਮਦੇਵ ਤਰਕ ਦੀ ਕਸੌਟੀ 'ਤੇ/*ਮੇਘ ਰਾਜ ਮਿੱਤਰ* | 40/- |
| ਰੱਬ ਕਦੋਂ, ਕਿੱਥੇ ਤੇ ਕਿਵੇਂ?/*ਰਾਜਾ ਰਾਮ* | 30/- |
| ਕਿਹੜਾ ਗੁਰੂ, ਕਿਹੜੀ ਮੁਕਤੀ?/*ਰਾਜਾ ਰਾਮ* | 40/- |
| ਔਰਤਾਂ ਅਤੇ ਮਾਨਸਿਕ ਰੋਗ/*ਸਰਜੀਤ ਤਲਵਾਰ* | 30/- |
| ਨੌਜਵਾਨਾਂ ਦੇ ਮਾਨਸਿਕ ਰੋਗ/*ਸਰਜੀਤ ਤਲਵਾਰ* | 20/- |
| ਤਰਕਸ਼ੀਲ ਬੋਲੀਆ/*ਰਾਮ ਸਰੂਪ ਸ਼ਰਮਾ* | 25/- |
| ਵਾਸਤੂ ਸ਼ਾਸਤਰ ਕੋਰਾ ਝੂਠ/*ਬਹਾਦਰ ਸਿੰਘ ਧੌਲਾ* | 40/- |
| ਮਾਨਸਿਕ ਰੋਗ ਤੇ ਸਾਡਾ ਸਮਾਜ/*ਡਾ. ਦੀਪਤੀ* | 20/- |
| ਚਮਤਕਾਰਾਂ ਦੀ ਦੁਨੀਆਂ/*ਅਜਮੇਰ ਸਿੱਧੂ* | 50/- |
| ਰਜ਼ਨੀਸ਼ ਬੇਨਕਾਬ/*ਡਾ. ਕਰਮਜੀਤ ਸਿੰਘ* | 30/- |
| ਵਿਗਿਆਨ ਤੇ ਪਰਾਵਿਗਿਆਨ/*ਮੇਘ ਰਾਜ ਮਿੱਤਰ* | 40/- |
| ਧਰਮ ਕੀ ਹੈ?/*ਗਰੀਨ ਇੰਗਰਸੋਲ* | 10/- |
| ਕਸਰਾਂ ਕਿਉਂ ਹੁੰਦੀਆਂ ਨੇ/*ਸਰਜੀਤ ਤਲਵਾਰ* | 40/- |
| ਝਮੇਲਾ ਰੱਬ ਦਾ/ਡਾ. ਹਰੀਸ਼ ਮਲਹੋਤਰਾ | 50/- |
| ਪ੍ਰੇਤ, ਆਤਮਾ, ਪੁਨਰ ਜਨਮ ਤੇ ਕਸਰਾਂ/*ਡਾ. ਕੋਵੂਰ* | 50/- |
| ਕਰਾਮਾਤਾਂ ਦਾ ਪ੍ਰਦਾਫਾਸ਼/*ਡਾ.ਅਬਰਾਹਮ ਟੀ ਕੋਵੂਰ* | 50/- |
| ਪੈੜ ਜੋ ਕਾਫ਼ਲਾ ਬਣੀ (ਸਵੈ ਜੀਵਨੀ)/*ਮੇਘ ਰਾਜ ਮਿੱਤਰ* | 50/- |
| ਮਾਓ ਦੇ ਦੇਸ਼ 'ਚ/*ਮੇਘ ਰਾਜ ਮਿੱਤਰ* | 20/- |
| ਗਿਆਨ ਸਾਗਰ ਦੀ ਯਾਤਰਾ/*ਸੰਪਾ. ਮੇਘ ਰਾਜ ਮਿੱਤਰ* | 20/- |
| ਸ਼ੰਕਾ ਨਵਿਰਤੀ/*ਮੇਘ ਰਾਜ ਮਿੱਤਰ* | 50/- |
| ਜੋਤਿਸ਼ ਤੇ ਵਿਗਿਆਨ/ਮੇਘ ਰਾਜ ਮਿੱਤਰ | 50/- |
| ਰੱਬਾਂ ਬਿਨਾਂ ਮੁਕਤੀ/*ਸਰਜੀਤ ਤਲਵਾਰ* | 20/- |
| ਮੈਂ ਰੱਬ ਨੂੰ ਕਿਉਂ ਨਹੀਂ ਮੰਨਦਾ/*ਸਰਜੀਤ ਤਲਵਾਰ* | 40/- |
| ਤਰਕਸ਼ੀਲ ਹੇਕਾਂ/*ਮੱਖਣ ਸਿੰਘ ਜੌਹਲ* | 60/- |
| ਤਰਕਸ਼ੀਲ ਸੁਨੇਹੇ/*ਮੱਖਣ ਸਿੰਘ ਜੌਹਲ* | 60/- |
| ਫਿਰ ਸੁਲਗੇ ਨਾ ਚੰਗਿਆੜੀ/*ਮੱਖਣ ਸਿੰਘ ਜੌਹਲ* | 40/- |
| ਤਰਕਸ਼ੀਲ ਦਰਸ਼ਨ/*ਮੱਖਣ ਸਿੰਘ ਜੌਹਲ* | 30/- |
| ਤਰਕਸ਼ੀਲ ਕਾਵਿ ਵਿਅੰਗ/*ਮੱਖਣ ਸਿੰਘ ਜੌਹਲ* | 30/- |
| ਚਮਤਕਾਰਾਂ ਦੇ ਰਹੱਸ/*ਜ਼ੇਮਜ਼ ਰਾਂਡੀ* | 200/- |
| ਸਤਯੁੱਗ ਤੋਂ ਕਲਯੁੱਗ ਤੱਕ/*ਖੁਸ਼ਵੰਤ ਬਰਗਾੜੀ* | 30/- |
| ਤਰਕਸ਼ੀਲ ਵਾਰਤਾ/*ਮੱਖਣ ਸਿੰਘ ਜੌਹਲ* | 40/- |
| ਜੋਤਿਸ਼ ਅਤੇ ਤਾਂਤ੍ਰਿਕ/*ਡਾ. ਆਰ. ਜੇ ਸਿੰਘ* | 30/- |
| ਤਰਕਸ਼ੀਲ ਕਾਵਿ ਵਿਅੰਗ/*ਅਮਰਜੀਤ ਢਿੱਲੋਂ* | 30/- |
| ਗੇੜ ਚੁਰਾਸੀ ਦਾ/*ਗੁਰਚਰਨ ਨੂਰਪੁਰ* | 30/- |
| ਕੀ ਝੂਠ ਕੀ ਸੱਚ/*ਗੁਰਚਰਨ ਨੂਰਪੁਰ* | 40/- |
| ਕ੍ਰਿਸ਼ਨ ਬਰਗਾੜੀ/*ਖੁਸ਼ਵੰਤ ਬਰਗਾੜੀ* | 50/- |
| ਦਰਸ਼ਨ ਪਰੰਪਰਾ/*ਗਿਆਨ ਸਿੰਘ ਬੱਲ* | 50/- |
| ਇੰਗਰਸੋਲ ਦੇ ਅਨਮੋਲ ਬਚਨ/*ਸੰਪਾ. ਅਮਿੱਤ ਮਿੱਤਰ* | 40/- |
| ਆਤਮਾ ਮੁੜਜਨਮ ਤੇ ਅਦਾਲਤ/*ਸੀਮਾ ਸਬਲੋਕ* | 40/- |
| ਪਿੰਡ ਦੀ ਸੱਥ/*ਰਣਜੀਤ ਝਨੇਰ* | 30/- |
| ਤਰਕਵਾਰਤਾ/*ਰਣਜੀਤ ਝਨੇਰ* | 50/- |
| ਧੁਖਦੀ ਵਰਣਮਾਲਾ ਦਾ ਸੰਵਾਦ ਮਨੁੱਖ/*ਮੀਤ ਖੱਟੜਾ* | 20/- |
| ਓਪਰੀ ਕਸਰ/*ਸਰਬਜੀਤ ਉੱਖਲਾ* | 40/- |
| ਬਾਬਿਆਂ ਦਾ ਬਾਬਾ/*ਰਣਜੀਤ ਸਿੰਘ ਪ੍ਰੀਤ* | 30/- |
| ਨਾਸਤ੍ਰੇਡਮਸ ਬੇਨਕਾਬ/*ਜੇਮਜ਼ ਰੇਂਡੀ* | 150/- |
| ਧਰਮ ਦੇ ਅੰਗ ਸੰਗ/*ਰਣਜੀਤ ਝਨੇਰ* | 50/- |
| ਅੰਧਵਿਸ਼ਵਾਸ ਮੁਰਦਾਬਾਦ/*ਸਰਜੀਤ ਤਲਵਾਰ* | 40/- |

**■ ਵਿਦੇਸ਼ੀ ਵਿਦਵਾਨਾਂ ਦੀਆਂ ਅਨੁਵਾਦਤ ਪੁਸਤਕਾਂ**

| | |
|---|---|
| ਮਨੋਵਿਸ਼ਲੇਸ਼ਣ/*ਸਿਗਮੰਡ ਫਰਾਇਡ* | 50/- |
| ਪ੍ਰਮਾਤਮਾ ਦੀ ਉਤਪਤੀ, ਇਸ ਭਰਮ ਦਾ ਭਵਿੱਖ/*ਫਰਾਇਡ* | 50/- |
| ਪੈਗੰਬਰ ਮੂਸਾ ਤੇ ਇੱਕ ਈਸ਼ਵਰਵਾਦ/*ਸਿਗਮੰਡ ਫਰਾਇਡ* | 40/- |
| ਸਭਿਅਤਾ ਵਰ ਕਿ ਸਰਾਪ/*ਸਿਗਮੰਡ ਫਰਾਇਡ* | 50/- |
| ਰਚਨਾਤਮਕ ਸਾਹਿਤ ਤੇ ਮਨੋਵਿਸ਼ਲੇਸ਼ਣ/*ਫਰਾਇਡ* | 50/- |
| ਪੁਰਾਤਨ ਸਮਾਜ/*ਐਲ. ਐਚ. ਮੌਰਗਨ* | 150/- |






## ਟੈਕਨੀਕਲ

| | |
|---|---|
| ਜ਼ਮੀਨ ਦੀ ਪੈਮਾਇਸ਼ ਅਤੇ ਫੁਟਕਲ ਜਾਣਕਰੀ | 150/- |
| ਪੰਜਾਬ ਵਸੀਕਾ ਨਵੀਸੀ/ਆਰ. ਕੇ ਭਰਦਵਾਜ਼ | 250/- |
| ਕਚਹਿਰੀ ਸ਼ਬਦ ਕੋਸ਼/ਆਰ. ਕੇ ਭਰਦਵਾਜ਼ | 150/- |
| ਜਨਰਲ ਨਾਲਿਜ/*ਹਰਬੰਸ ਸਿੰਘ ਵਾਰਵਲ* | 50/- |
| ਕੰਪਿਊਟਰ ਬਾਰੇ ਮੁੱਢਲੀ ਜਾਣਕਾਰੀ/*ਸੀ.ਪੀ.ਕੰਬੋਜ* | 60/- |
| ਆਓ ਕੰਪਿਓਟਰ ਸਿੱਖੀਏ/*ਕ੍ਰਿਪਾਲ ਸਿੰਘ ਪੰਨੂ* | 50/- |
| ਸੂਚਨਾ ਦਾ ਅਧਿਕਾਰ ਕਾਨੂੰਨ-2005 | 30/- |
| ਭਵਨ ਨਿਰਮਾਣ ਕਿਵੇਂ ਕਰੀਏ?/*ਇੰਜ.ਰਾਜ ਕੁਮਾਰ* | 50/- |
| ਮਸਤਾਨਾ ਮੋਟਰ ਮਿਸਤਰੀ/*ਪ੍ਰੇਮ ਸਿੰਘ ਮਸਤਾਨਾ* | 40/- |
| ਪੰਜਾਬੀ ਭਾਸ਼ਾ ਦਾ ਅਧਿਆਪਨ/*ਪ੍ਰੋ. ਇਕਬਾਲ ਸਿੰਘ* | 70/- |
| ਇੰਜੀਨੀਅਰਿੰਗ ਕੋਰਸਾਂ ਵਿੱਚ ਦਾਖ਼ਲਾ ਕਿਵੇਂ | 80/- |
| ਟੈਲੀਵਿਜ਼ਨ/*ਸੀ.ਪੀ. ਕੰਬੋਜ* | 20/- |
| ਮੋਬਾਇਲ ਫੋਨ/*ਸੀ.ਪੀ. ਕੰਬੋਜ* | 20/- |
| ਕੰਪਿਊਟਰ/*ਸੀ.ਪੀ. ਕੰਬੋਜ* | 20/- |
| ਰੋਬੋਟ/*ਸੀ.ਪੀ. ਕੰਬੋਜ* | 20/- |
| ਸੰਚਾਰ ਦੇ ਸਾਧਨ/*ਸੀ.ਪੀ. ਕੰਬੋਜ* | 20/- |
| ਦੁਨੀਆਂ ਦੀਆਂ ਭਾਸ਼ਾਵਾਂ/*ਕੁੰਦਨ ਲਾਲ ਭੱਟੀ* | 70/- |

## ਸਿਹਤ ਸਬੰਧੀ ਸਾਹਿਤ

| | |
|---|---|
| ਦਿਲ ਦੀ ਵਿਗੜ ਰਹੀ ਸਿਹਤ/*ਡਾ. ਸ਼ਿਆਮ ਸੁੰਦਰ ਦੀਪਤੀ* | 60/- |
| ਸਿਹਤ ਅਤੇ ਵਹਿਮ ਭਰਮ/*ਡਾ. ਸ਼ਿਆਮ ਸੁੰਦਰ ਦੀਪਤੀ* | 80/- |
| ਮਾਨਸਿਕ ਰੋਗ-ਕਾਰਣ,ਲੱਛਣ ਤੇ ਇਲਾਜ/ਡਾ. ਸੰਦੀਪ | 50/- |
| ਸਾਡੇ ਬੱਚੇ ਸਾਡੇ ਚਿਰਾਗ/*ਡਾ. ਹਰਸ਼ਿੰਦਰ ਕੌਰ* | 60/- |
| ਬੱਚਿਆਂ ਦੀਆਂ ਮਨੋਵਿਗਿਆਨਕ ਸਮੱਸਿਆਵਾਂ | 100/- |
| ਬੱਚਿਆਂ ਬਾਰੇ ਗਿਆਨ, ਵਿਗਿ. ਤੇ ਮਨੋਵਿਗਿਆਨ | 100/- |
| ਬਾਲ ਮਨਾਂ ਵਿੱਚ | 120/- |
| ਸਿਹਤ ਸੰਭਾਲ/*ਡਾ. ਅਜੀਤਪਾਲ ਸਿੰਘ* | 50/- |
| ਤੰਦਰੁਸਤ ਕਿਵੇਂ ਰਹੀਏ/*ਡਾ. ਅਜੀਤਪਾਲ ਸਿੰਘ* | 40/- |
| ਡਾਕਟਰ ਦੀ ਸਲਾਹ/*ਡਾ. ਅਜੀਤਪਾਲ ਸਿੰਘ* | 40/- |
| ਸਿਹਤ ਫੁਲਵਾੜੀ/*ਡਾ. ਅਜੀਤਪਾਲ ਸਿੰਘ* | 50/- |
| ਤੰਦਰੁਸਤੀ ਇਕ ਨਿਆਮਤ ਹੈ/ਡਾ. ਅਜੀਤਪਾਲ | 100/- |
| ਸ਼ੂਗਰ ਰੋਗ/*ਡਾ. ਸ਼ਿਆਮ ਸੁੰਦਰ ਦੀਪਤੀ* | 10/- |
| ਬਲੱਡ ਪ੍ਰੈਸ਼ਰ/*ਡਾ. ਸ਼ਿਆਮ ਸੁੰਦਰ ਦੀਪਤੀ* | 15/- |
| ਕੈਂਸਰ/*ਡਾ. ਸ਼ਿਆਮ ਸੁੰਦਰ ਦੀਪਤੀ* | 10/- |
| ਏਡਜ਼/*ਡਾ. ਸ਼ਿਆਮ ਸੁੰਦਰ ਦੀਪਤੀ* | 10/- |
| ਪਿਤਾ-ਪੁਤਰੀ ਸੰਵਾਦ: ਸਿਹਤ ਦੇ ਪਹਿਲੂ | 20/- |
| ਉਦਾਸੀ ਰੋਗ/*ਡਾ. ਪਰਮਜੀਤ ਸਿੰਘ* | 10/- |
| ਮਿਰਗੀ ਰੋਗ/*ਡਾ. ਪਰਮਜੀਤ ਸਿੰਘ* | 10/- |
| ਅੱਖਾਂ ਦੀ ਸੰਭਾਲ/*ਡਾ. ਬਲਜੀਤ ਸਿੰਘ ਢਿੱਲੋਂ* | 10/- |
| ਸੁਖਾਵੇਂ ਪਿਆਰ ਸਬੰਧ/*ਡਾ. ਰਣਜੀਤ ਸਿੰਘ* | 30/- |
| ਆਉ ਸੇਹਤ ਪ੍ਰਤੀ ਜਾਣੀਏ/*ਡਾ. ਮੋਹਣ* | 30/- |
| ਨਸ਼ੇ ਕਿਵੇਂ ਛੱਡੀਏ/*ਰਣਜੀਤ ਝਨੇਰ* | 70/- |
| ਬਾਲ ਮਨੋਵਿਗਿਆਨ/*ਬਲਵਿੰਦਰ ਬਰਨਾਲਾ* | 30/- |

**■ ਬੱਚਿਆਂ ਲਈ ਪੁਸਤਕਾਂ**

| | |
|---|---|
| ਬਾਲ ਖੇਡ ਵੰਨਗੀ/*ਕੁੰਦਨ ਲਾਲ ਭੱਟੀ* | 70/- |
| ਸੰਗੀ ਸਾਥੀ/*ਸੁਲੱਖਣ ਮੀਤ (ਪ੍ਰੋ:)* | 50/- |
| ਮੇਰੀ ਪੁਸਤਕ ਤੇਰੀ ਪੁਸਤਕ/*ਸੁਲੱਖਣ ਮੀਤ (ਪ੍ਰੋ:)* | 50/- |
| ਫੁੱਲਾਂ ਵਰਗੇ ਬੱਚੇ/ਅਮਰੀਕ ਸਿੰਘ ਤਲਵੰਡੀ | 50/- |
| ਛਹਿਬਰ/ਨਵਰਾਹੀ ਘੁਗਿਆਣਵੀ | 50/- |
| ਆਓ ਕਰੀਏ ਪੜ੍ਹਾਈ/ਕੰਚਨ | 50/- |
| ਅਮਰ ਕਹਾਣੀਆਂ (ਸੌ ਦੰਦ ਕਥਾਵਾਂ)/*ਡਾ. ਅਮਰ ਕੋਮਲ* | 50/- |
| ਗੁਲੀਵਰ ਦੀਆਂ ਯਾਤਰਾਵਾਂ/*ਜੋਨਾਥਨ ਸਵਿਫਟ* | 15/- |
| ਬਾਲ ਚਿਰਾਗ/*ਬਲਜਿੰਦਰ ਮਾਨ* | 25/- |
| ਸੁਨਿਹਰੀ ਭਵਿੱਖ/*ਬਲਜਿੰਦਰ ਮਾਨ* | 25/- |
| ਸੀਰਤ ਨਾਮਾ/*ਨਵਰਾਹੀ ਘੁਗਿਆਣਵੀ* | 25/- |
| ਗਨੇਰੀਆਂ/*ਨਵਰਾਹੀ ਘੁਗਿਆਣਵੀ* | 40/- |
| ਆ ਜਾ ਮੋਰਾ/*ਸੁਲੱਖਣ ਮੀਤ (ਪ੍ਰੋ:)* | 20/- |
| ਲੋੜ ਕਾਢ ਦੀ ਮਾਂ/*ਸੁਲੱਖਣ ਮੀਤ (ਪ੍ਰੋ:)* | 20/- |
| ਖੰਡ ਖਿਡਾਉਣੇ/*ਸੁਲੱਖਣ ਮੀਤ (ਪ੍ਰੋ:)* | 20/- |
| ਮੋਟੋ ਆਂਟੀ/*ਸੁਲੱਖਣ ਮੀਤ (ਪ੍ਰੋ:)* | 30/- |
| ਜਲਵਾ ਰੁੱਤਾਂ ਦਾ/*ਸੁਲੱਖਣ ਮੀਤ* | 20/- |
| ਮੇਰਾ ਇਹ ਸਕੂਲ/*ਤਰਸੇਮ ਮਹਿਤੋ* | 30/- |
| ਜੈਜ਼ੀਨਾਮਾ/*ਹਰਨੇਕ ਸਿੰਘ ਰਾਣਾ* | 30/- |
| ਮੇਰਾ ਬਸਤਾ/*ਅਮਰੀਕ ਸਿੰਘ ਤਲਵੰਡੀ* | 30/- |
| ਕਾਵਿ ਪਹਾੜੇ/*ਅਮਰੀਕ ਤਲਵੰਡੀ* | 20/- |
| ਘਰ ਦੀ ਰੌਣਕ/*ਅਮਰੀਕ ਤਲਵੰਡੀ* | 30/- |
| ਸਾਡੇ ਗੁਰੂ/*ਅਮਰੀਕ ਸਿੰਘ ਤਲਵੰਡੀ* | 30/- |
| ਸਾਡੇ ਦੇਸ਼ਭਗਤ/*ਅਮਰੀਕ ਸਿੰਘ ਤਲਵੰਡੀ* | 30/- |
| ਨਮੋਲੀਆਂ/*ਨਵਰਾਹੀ ਘੁਗਿਆਣਵੀ* | 30/- |
| ਬੱਚੇ ਮਨ ਦੇ ਸੱਚੇ/*ਅਜਮੇਰ ਸਿੰਘ ਮੋਹੀ* | 50/- |
| ਹੀਰੇ ਪੁੱਤਰ ਮਾਵਾਂ ਦੇ/*ਅਮਰੀਕ ਤਲਵੰਡੀ* | 30/- |
| ਸਾਡਾ ਸਕੂਲ/*ਅਮਰੀਕ ਤਲਵੰਡੀ* | 50/- |
| ਮਾਸੂਮ/*ਨਵਰਾਹੀ ਘੁਗਿਆਣਵੀ* | 40/- |
| ਕਵਿਤਾ ਰਾਹੀਂ ਵਿਗਿਆਨ/*ਪ੍ਰੋ. ਬਲਵਿੰਦਰ ਚਾਹਲ* | 50/- |
| ਸਾਡੇ ਅਧਿਆਪਕ/*ਅਮਰੀਕ ਸਿੰਘ ਤਲਵੰਡੀ* | 30/- |
| ਚੰਗੇ ਬੱਚੇ /*ਗੁਰਮੇਲ ਚਹਿਲ* | 50/- |
| ਗਿਆਨ ਸਾਗਰ ਰਮਾਇਣ / *ਬਲਜਿੰਦਰ ਮਾਨ* | 60/- |
| ਗੁਰੂ ਸਹਿਬਾਨ ਤੇ ਕਥਾ ਕਹਾਣੀਆਂ /*ਬਲਜਿੰਦਰ ਮਾਨ* | 80/- |

**■ ਡਾ. ਅਜੀਤਪਾਲ ਐਮ. ਡੀ. ਦੁਆਰਾ ਲਿਖੀਆਂ ਪੁਸਤਕਾਂ**

| | |
|---|---|
| ਅਜੋਕਾ ਸਭਿਆਚਾਰ ਬੇਨਕਾਬ | 50/- |
| ਸਾਮਰਾਜੀ ਝੱਖੜ | 80/- |
| ਸਾਮਰਾਜ ਦੇ ਮਾਰੂ ਪ੍ਰਭਾਵ | 70/- |
| ਸਾਮਰਾਜੀ ਜੋਕਾਂ | 100/- |
| ਵਿਸ਼ਵਵਿਆਪੀ ਆਰਥਿਕ ਮੰਦੀ | 100/- |
| ਕਿਵ ਕੂੜੈ ਤੁਟੈ ਪਾਲਿ | 80/- |
| ਜੰਜ਼ੀਰਾਂ ਬਨਾਮ ਮੇਹਨਕਸ਼ | 80/- |
| ਵਪਾਰੀਕਰਨ ਦੇ ਦੁਰਪ੍ਰਭਾਵ | 100/- |
| ਮੌਜੂਦਾ ਵਿਕਾਸ ਬਨਾਮ ਮੇਹਨਤਕਸ਼ | 100/- |
| ਪੂੰਜੀਵਾਦ ਦਾ ਵਿਨਾਸ਼ ਜ਼ਰੂਰੀ | 100/- |
| ਕਟਿਹਰੇ 'ਚ ਰਾਜਨੀਤੀ | 100/- |
| ਦਾਗੀ ਰਾਜਨੀਤੀ ਦੇ ਨਾਇਕ | 100/- |
| ਆਲਮੀ ਤਪਸ਼ ਤੇ ਮਹਿਗਾਈ | 100/- |
| ਸ਼ੀਸ਼ਾ ਬੋਲਦਾ ਹੈ | 100/- |
| ਸ਼ਬਦ ਬੂੰਦ | 100/- |
| ਨੰਗੇ ਹਰਫ਼ | 100/- |

**■ ਪ੍ਰੋ. ਕਿਸ਼ਨ ਸਿੰਘ ਦੁਆਰਾ ਲਿਖੀਆਂ ਪੁਸਤਕਾਂ**

| | |
|---|---|
| ਆਜ਼ਾਦ ਔਰਤ | 100/- |
| ਆਦਮ ਜਾਤ ਦਾ ਮਸਲਾ ਤੇ ਸਾਹਿਤ | 70/- |
| ਇਨਕਲਾਬੀ ਵਿਰਸਾ | 70/- |
| ਵਾਰ ਮਲ੍ਹਾਰ ਦੀ ਮਹਲਾ੧ ਅਤੇ ਆਸਾ ਦੀ ਵਾਰ | 100/- |
| ਵਾਰ ਮਾਝ ਅਤੇ ਸਿਧ ਗੋਸਟਿ | 100/- |

# ਵਿਸ਼ਵਭਾਰਤੀ ਪ੍ਰਕਾਸ਼ਨ ਦੁਆਰਾ ਪ੍ਰਕਾਸ਼ਿਤ ਪੁਸਤਕਾਂ

















**■ ਓਮ ਪ੍ਰਕਾਸ਼ ਗਾਸੋ ਦੁਆਰਾਂ ਲਿਖੀਆਂ ਪੁਸਤਕਾਂ**

| | |
|---|---|
| ਇਤਿਹਾਸ ਦੀ ਅਵਾਜ਼ (ਨਾਵਲ) | 30/- |
| ਤਾਂਬੇ ਦਾ ਰੰਗ | 20/- |
| ਮੌਤ ਦਰ ਮੌਤ | 30/- |
| ਬੰਦ ਗਲੀ ਦੇ ਬਸ਼ਿੰਦੇ | 30/- |
| ਰੱਤਾ ਥੇਹ | 30/- |
| ਘਰਕੀਣ | 30/- |
| ਮਿੱਟੀ ਦਾ ਮੁੱਲ | 30/- |
| ਅਰਥਾਤ | 30/- |
| ਇਤਫ਼ਾਕ | 30/- |
| ਜੁਆਬ ਦੇਹ ਕੌਣ | 30/- |
| ਤੁਰਦਿਆਂ ਤੁਰਦਿਆਂ | 30/- |
| ਮਲਵਈ ਸੱਭਿਆਚਾਰ | 30/- |
| ਪੰਜਾਬੀ ਦਿੱਖ ਤੇ ਦਰਸ਼ਨ | 40/- |
| ਫਲੋਰੇਂਜਨੀ ਦੇ ਫੁੱਲ | 25/- |
| ਜ਼ਿੰਦਗੀ ਦੀ ਸੌਗਾਤ | 50/- |
| ਸਿੱਖਿਆ ਤੇ ਸਬਕ | 30/- |

**■ ਨਾਵਲ**

| | |
|---|---|
| ਬੇ ਵਜ੍ਹਾ/*ਸਿਕੰਦਰ ਝਨੇਰ* | 100/- |
| ਰਿਸ਼ਤਿਆਂ ਦੇ ਰੰਗ/*ਇੰਦਰ ਸਿੰਘ ਖ਼ਾਮੋਸ਼* | 15/- |
| ਕਰਜ਼ਈ ਸੁਪਨੇ/*ਇੰਦਰ ਸਿੰਘ ਖ਼ਾਮੋਸ਼* | 20/- |
| ਕੌਲਿਆਂ ਦੇ ਦਲਾਲ/*ਕੌਰ ਚੰਦ ਰਾਹੀ* | 20/- |
| ਵਾ ਵਰੋਲੇ/*ਬੀਰ ਇੰਦਰ ਸਿੰਘ ਢਿੱਲੋਂ* | 50/- |
| ਵਿੰਗ ਤੜਿੰਗੇ ਰਾਹ/*ਪ੍ਰੋ. ਹਰਭਜਨ ਸਿੰਘ* | 40/- |
| ਕਾਤਿਲ ਕੌਣ (ਜਸੂਸੀ ਨਾਵਲ)/*ਰਮਨਪਾਲ ਰਿਸ਼ੀ* | 20/- |
| ਇੱਕ ਸੀ ਸਰੀਫ਼ਾਂ/*ਸਰਦੂਲ ਸਿੰਘ ਦਰਦ* | 20/- |
| ...ਤੇ ਲਹੂ ਵਹਿੰਦਾ ਰਿਹਾ/*ਡਾ. ਬਿੱਲੂ ਰਾਇਸਰ* | 30/- |
| ਮਰਜੀਵੜਾ/*ਕਰਤਾਰ ਸਿੰਘ ਮਾਨ* | 150/- |
| ਗਲੀ ਨੰ: 4/*ਬਿਕਰਮਜੀਤ ਨੂਰ* | 50/- |
| ਰਾਹੂਕੇਤੂ/*ਬਾਬੂ ਸਿੰਘ ਬਰਾੜ* | 40/- |
| ਪਾਪੀ/*ਬਿਕਰਮਜੀਤ ਨੂਰ* | 20/- |
| ਸਰਕਲ/*ਗੁਰਪ੍ਰੀਤ ਸਿਹਜੀ* | 30/- |
| ਯਾਦਾਂ ਦਾ ਪੁਤਲਾ/*ਧਰਮਿੰਦਰ ਬਾਵਾ* | 50/- |
| ਬਲਦੇ ਸ਼ਿਵਿਆਂ ਦਾ ਸੇਕ/*ਪ੍ਰੋ. ਹਰਭਜਨ* | 100/- |
| ਕੌਣ ਜਿੱਤਿਆ/*ਹਰਚੰਦ ਗਿੱਲ ਮਿਆਣੀ* | 30/- |
| ਪਿੱਪਲ ਵਾਲਾ ਮੋੜ/*ਜੀਤ ਸਿੰਘ ਸੰਧੂ* | 40/- |
| ਜੱਟ ਦੀ ਜੂਨ/*ਡਾ. ਰਾਜ ਕੁਮਾਰ ਗਰਗ* | 100/- |
| ਰੂਪ ਦੇ ਰੰਗ/*ਬਾਬੂ ਸਿੰਘ ਬਰਾੜ* | 40/- |
| ਦਿਨ ਚੜ੍ਹਨ ਤੱਕ/*ਜੀਤ ਸਿੰਘ ਸੰਧੂ* | 40/- |
| ਚਿਹਰੇ/*ਮਹਿੰਦਰ ਪਾਲ ਸਿੰਘ ਧਾਲੀਵਾਲ* | 100/- |
| ਬਾਪੂ ਦਾ ਵਿਆਹ/*ਸੁਰਜੀਤ ਸਿੰਘ ਸੁਹਿਰਦ* | 50/- |
| ਵੈਰਨ ਵਲਾਇਤ/ਮੋਹਣ ਸਿੰਘ ਕੁੱਕੜਪਿੰਡੀਆ | 50/- |
| ਅਰਥੀਅਨ/ਰਾਜ਼ਨ ਸਿੰਘ ਸਿੱਧੂ | 100/- |
| ਸੂਲੀ ਤੇ ਟੰਗੀ ਰੂਹ/ਸੁਖਮੰਦਰ ਸਿੰਘ ਸਿਤਾਰਾ | 40/- |

**■ ਹਾਸ ਵਿਅੰਗ**

| | |
|---|---|
| ਡੰਗ ਅਤੇ ਚੋਭਾਂ/*ਕੁਲਵੰਤ ਰਾਏ ਸ਼ਰਮਾ* | 10/- |
| ਪਰਵਾਸੀ ਧੰਦੇ/*ਕੁਲਵੰਤ ਰਾਏ ਸ਼ਰਮਾ* | 10/- |
| ਮੇਰੇ ਸ਼ਾਗਿਰਦ/*ਕੁਲਵੰਤ ਰਾਏ ਸ਼ਰਮਾ* | 20/- |
| ਹੋਰ ਫਿਰ/*ਨਿਰੰਜਨ ਸ਼ਰਮਾ* | 30/- |
| ਰੋਵਤੁ ਜਾਇ ਸੁ ਹਸੈ/*ਜਸਵੰਤ ਸਿੰਘ ਅਗਿਆਨੀ* | 15/- |
| ਮਸਲਾ ਲਟਕ ਗਿਆ/*ਮੰਗਤ ਕੁਲਜਿੰਦ* | 40/- |
| ਹੱਸੇ ਪੈਥੀ/*ਮੰਗਤ ਕੁਲਜਿੰਦ* | 40/- |

**■ ਸਫ਼ਰਨਾਮੇ**

| | |
|---|---|
| ਸਮੁੰਦਰਾਂ ਦੇ ਓਹਲੇ/*ਰਣਜੀਤ ਝਨੇਰ* | 100/- |
| ਮੇਰੀ ਡੈਨਮਾਰਕ ਫੇਰੀ/*ਕੇ. ਐਲ. ਗੋਇਲ* | 20/- |
| ਮੇਰੀ ਧਰਤੀ ਮੇਰੇ ਲੋਕ(ਭਾਰਤ ਯਾਤਰਾ)/*ਰਾਮ ਮੂਰਤ* | 30/- |
| ਪਰਿਕਰਮਾ (ਦੱਖਣੀ ਭਾਰਤ ਯਾਤਰਾ)/*ਰਾਮ ਮੂਰਤ ਸਿੰਘ* | 15/- |
| ਗੌਤਮ ਦੀ ਗੋਦ (ਨਿਪਾਲ ਯਾਤਰਾ)/*ਰਾਮ ਮੂਰਤ ਸਿੰਘ* | 15/- |
| ਪਤਾਲ (ਅਮਰੀਕਾ ਕਨੈਡਾ ਯਾਤਰਾ)/*ਰਾਮ ਮੂਰਤ ਸਿੰਘ* | 30/- |
| ਦੀਰਾ ਟਾਵਰ (ਡੁਬਈ ਯਾਤਰਾ)/*ਰਾਮ ਮੂਰਤ ਸਿੰਘ* | 30/- |
| ਪੂਰਬੀ ਬੂਹਾ (ਸਿੰਘਾਪੁਰ ਯਾਤਰਾ)/*ਰਾਮ ਮੂਰਤ ਸਿੰਘ* | 30/- |
| ਪੱਥਰ ਬੋਲਦੇ ਹਨ/*ਰਾਮ ਮੂਰਤ ਸਿੰਘ* | 40/- |
| ਬੇਗਾਨੀ ਧਰਤੀ ਆਪਣੇ ਲੋਕ/*ਮੇਘ ਰਾਜ ਮਿੱਤਰ* | 40/- |
| ਵੱਖਰੀ ਧਰਤੀ ਵੱਖਰੇ ਲੋਕ/*ਹਰਭਜਨ ਹਲਵਾਰਵੀ* | 30/- |
| ਮੇਰੀ ਅਮਰੀਕਾ ਫੇਰੀ/*ਨਿੰਦਰ ਘੁਗਿਆਣਵੀ* | 40/- |
| ਅੱਖੀਂ ਦੇਖ ਨਾ ਰੱਜੀਆਂ/*ਨਿਰਪਾਲ ਜਲਾਲਦੀਵਾਲ* | 30/- |
| ਸੁਨਹਰੀ ਦਿਨਾਂ ਦਾ ਸਫ਼ਰ/*ਹਰਭਜਨ ਹਲਵਾਰਵੀ* | 30/- |

**■ ਅਲੋਚਨਾ**

| | |
|---|---|
| ਮੋਹਨ ਭੰਡਾਰੀ-ਕਹਾਣੀ ਜਗਤ | 140/- |
| ਸੰਤ ਸਿੰਘ ਸੇਖੋਂ ਦਾ ਨਾਟ ਸ਼ਾਸਤਰ | 60/- |
| ਕੈਨੇਡੀਅਨ ਪੰਜਾਬੀ ਸਾਹਿਤ / *ਸੁਖਜਿੰਦਰ* | 350/- |
| ਕੈਨੇਡੀਅਨ ਪੰਜਾਬੀ ਸਾਹਿਤ (ਭਾਗ ਦੂਜਾ) | 250/- |
| ਅਮਰੀਕੀ ਪੰਜਾਬੀ ਕਹਾਣੀ : ਮੁਲਾਂਕਣ | 200/- |

**■ ਖੇਡ ਖਿਡਾਰੀ**

| | |
|---|---|
| ਸਦੀਆਂ ਤੇ ਸਦੀਆਂ ਤੱਕ ਕਬੱਡੀ/ਰਣਜੀਤ ਝਨੇਰ | 300/- |
| ਕਬੱਡੀ ਕੱਪ ਦੇ ਧਰੂ ਤਾਰੇ/ਅਜਮੇਰ ਸਿੰਘ | 150/- |
| ਵਿਸ਼ਵ ਕੱਪ ਕ੍ਰਿਕਟ ਦੀ ਰੋਚਕ ਦਾਸਤਾਨ | 80/- |
| ਏਸ਼ੀਆਈ ਖੇਡਾਂ ਦੀ ਰੌਚਿਕ ਕਹਾਣੀ/ਰਣਜੀਤ ਪ੍ਰੀਤ | 60/- |
| ਉਲੰਪਿਕ ਖੇਡਾਂ ਦੀ ਰੌਚਿਕ ਗਾਥਾ/*ਰਣਜੀਤ ਪ੍ਰੀਤ* | 80/- |

**■ ਜੀਵਨੀਆਂ**

| | |
|---|---|
| ਅਮਰੀਕੀ ਰਾਸ਼ਟਰਪਤੀ ਓਬਾਮਾ ਤੱਕ/ ਭੌਰਾ | 100/- |
| ਕੰਪਿਊਟਰ ਦਾ ਧਨੰਤਰ-ਕਿਰਪਾਲ ਸਿੰਘ ਪੰਨੂੰ | 100/- |
| ਪਿੰਡ ਦੀਨਾ ਸਾਹਿਬ ਦਾ ਇਤਿਹਾਸ/ਤੋਤਾ ਸਿੰਘ | 150/- |
| ਵਡਮੁੱਲਾ ਪਾਰਸ/*ਨਿੰਦਰ ਘੁਗਿਆਣਵੀ* | 50/- |
| ਧਰਤੀ ਪੁੱਤਰ/*ਵਿਜੈ ਬੰਬੇਲੀ* | 50/- |
| ਠਰੀ ਚਾਨਣੀ ਦਾ ਗੀਤ/*ਡਾ. ਅਮਰ ਕੋਮਲ* | 30/- |
| ਗੁਰਪਾਲ ਸਿੰਘ ਪਾਲ ਦਾ ਗਾਇਕੀ ਸਫ਼ਰ/*ਟਹਿਣਾ* | 25/- |
| ਜਿੰਨੀ ਰਾਹੀਂ ਮੈਂ ਤੁਰਿਆ/*ਗੁਰਬਖ਼ਸ਼ ਸਿੰਘ ਰਾਹੀ* | 50/- |
| ਸੱਚੇ ਦਿਲੋਂ/*ਨਿੰਦਰ ਘੁਗਿਆਣਵੀ* | 30/- |
| ਟੂਸੇ ਦੀ ਟਹਿਕ/*ਸੀ. ਮਾਰਕੰਡਾ* | 150/- |
| ਪੰਜਾਬ ਦੇ ਸੱਗੀ ਫੁੱਲ/*ਬਲਜਿੰਦਰ ਮਾਨ* | 50/- |
| ਮੇਰਾ ਪਿੰਡ ਬਹਾਦਰਪੁਰ/*ਰਣਜੀਤ ਸਿੰਘ* | 60/- |
| ਭਾਈ ਰੂਪ ਚੰਦ ਜੀ/*ਗਿਆਨੀ ਪ੍ਰੀਤਮ ਸਿੰਘ* | 100/- |
| ਹਰਨਾਮ ਦਾਸ ਸਹਿਰਾਈ/*ਨਿੰਦਰ ਘੁਗਿਆਣਵੀ* | 50/- |
| ਸਤਰੰਗੀ ਸਿਆਸਤ/*ਜਗਸੀਰ ਪੱਖੀ* | 50/- |
| ਬਾਬਾ ਫਰੀਦ ਸ਼ੱਕਰ ਗੰਜ/*ਪ੍ਰੋ. ਗੁਰਮੀਤ ਟਿਵਾਣਾ* | 50/- |
| ਹਨੇਰੇ 'ਚ ਚਾਨਣ ਦੀ ਲੋਅ-ਡਾ. ਰਮੇਸ਼/*ਰਣਜੀਤ* | 150/- |
| ਭਾਈ ਰੂਪ ਚੰਦ/*ਹਰਚਰਨ ਸਿੰਘ* | 100/- |
| ਝੱਖੜਾਂ 'ਚ ਵਗਦਾ ਦਰਿਆ/*ਰਣਜੀਤ ਪ੍ਰੀਤ* | 100/- |
| ਸੁਰਾਂ ਦੇ ਵਾਰਿਸ/*ਸਵਰਣ ਟਹਿਣਾ* | 150/- |
| ਹਰਦਿਆਲ ਚੰਦ ਜੈਦਕਾ/*ਤੋਤਾ ਸਿੰਘ ਦੀਨਾ* | 100/- |

■ **ਨਾਟਕ**

ਸੱਤੀ ਵੀਹੀਂ ਸੌ/ਪ੍ਰੋ. ਸਰਬਜੀਤ 20/-
ਸੂਰਜ ਡੁੱਬਣ ਤੋਂ ਬਾਅਦ/ਜੋਗੇ ਭੰਗਲ 15/-
ਸੀਤਾਇਣ/ਡਾ. ਪ੍ਰੀਤਮ ਸੈਨੀ 20/-
ਗਾਥਾ ਕਾਲੇ ਪਾਣੀਆਂ ਦੀ/ਹਰਨੇਕ ਚੌਧਰੀ 40/-
ਸਜ਼ਾ ਸੱਚ ਨੂੰ/ਬਾਰੂ ਸਤਵਰਗ 30/-
ਜੀਵਨ ਦੇ ਰੰਗ ਮੰਚ ਤੇ/ਗੁਰਚਰਨ ਕੌਰ ਚਪਰਚਿੜੀ 50/-
ਮੇਰਾ ਪਿਆਰ ਕਬੂਲ ਕੀਜੀਏ/ਨਰਿੰਦਰ ਸਿੰਘ ਹਰੀਕਾ 30/-

■ **ਕੁਟੇਸ਼ਨਾਂ**

ਪ੍ਰਸਿੱਧ ਕੁਟੇਸ਼ਨਾਂ (ਪ੍ਰਸਿੱਧ ਕੁਟੇਸ਼ਨਾਂ ਦਾ ਸੰਗ੍ਰਹਿ) 150/-
ਜੀਵਨ ਸੋਝੀ / ਮਹਿੰਦਰ ਸਿੰਘ ਵਾਲੀਆ 30/-
ਨਿਸ਼ਚੈ ਕਰ ਆਪਣੀ ਜੀਤ ਕਰੂੰ / ਮਹਿੰਦਰ ਸਿੰਘ 30/-
ਵਿਚਾਰ ਦਰਸ਼ਨ/ਡਾ. ਅਮਰ ਕੋਮਲ 30/-
ਕਤਰਾ ਕਤਰਾ ਸਮੁੰਦਰ/ਡਾ. ਅਮਰ ਕੋਮਲ 40/-
ਜ਼ਿੰਦਗੀ ਦੇ ਸਿਰਨਾਵੇਂ/ਡਾ. ਅਮਰ ਕੋਮਲ 40/-

■ **ਸੱਭਿਆਚਾਰ/ਕਵੀਸ਼ਰੀ**

ਸਿੱਖੀ ਕਾਵਿ/ਬਾਬੂ ਰਜਬ ਅਲੀ 280/-
ਬਾਬੂ ਰਜਬ ਅਲੀ ਦੀ ਚੋਣਵੀਂ ਕਵਿਤਾ 200/-
ਢੰਡ ਸਾਰੰਗੀ ਦੇ ਗੌਣ/ਡਾ. ਚਰਨਜੀਤ 200/-
ਪੰਜਾਬ ਦੇ ਲੋਕ ਸਾਜ਼/ਐਸ. ਅਸ਼ੋਕ ਭੌਰਾ 60/-
ਕਿੱਸਾ ਇੰਦਰ ਬੇਗੋ/ਮੱਖਣ ਸਿੰਘ ਨਿਰਮਲ 50/-
ਪੰਜਾਬੀ ਗਾਇਕੀ ਤੇ ਪ੍ਰਮੁੱਖ ਸਰੋਕਾਰ/ 30/-
ਮਾਡਰਨ ਜੁਗਨੀ/ਮਨਜੀਤ ਸਿੰਘ ਸਾਗਰ 30/-
ਮੇਰੀ ਮਿੱਟੀ ਮੇਰੇ ਲੋਕ-ਪਿੰਡ ਖੁੱਡੀ ਕਲਾਂ/ਸ਼ਰਮਾ 100/-
ਕਵੀਸ਼ਰੀ ਮਾਰਤੰਡ 600/-
ਲੋਕ ਗਾਥਾਵਾਂ/ਮੋਹਣ ਸਿੰਘ ਬਾਸੀ 30/-
ਪਾਓ ਭੰਗੜਾ/ਮੋਹਣ ਸਿੰਘ ਬਾਸੀ 30/-

■ **ਕਹਾਣੀਆਂ**

ਥੁੜਾਂ ਮਾਰੇ ਲੋਕ/ਜਗਤਾਰ ਸਿੰਘ ਬੈਂਸ 80/-
ਰਹਿਮਤੇ /ਪ੍ਰਿੰ. ਗੁਰਦੇਵ ਸਿੰਘ 125/-
ਪਾਰੋ /ਪ੍ਰਿੰ. ਗੁਰਦੇਵ ਸਿੰਘ 125/-
ਓਪਰਾ ਖੇਤ /ਦਰਸ਼ਨ ਸਿੰਘ ਗੁਰੂ 100/-
ਧੂੰਏਂ ਹੇਠਲੀ ਅੱਗ /ਦਰਸ਼ਨ ਸਿੰਘ ਗੁਰੂ 120/-
ਔੜ ਮਾਰੇ ਰੁੱਖ/ਨਛੱਤਰ ਗਿੱਲ 120/-
ਕਣੀਆਂ/ਰਾਮ ਮੂਰਤ ਸਿੰਘ 10/-
ਕਿਉੜੇ ਦੀ ਮਹਿਕ/ਚੇਤਨ ਸਿੰਘ 20/-
ਨਿਰਾਲਾ ਦੀਆਂ ਚੋਣਵੀਆਂ ਕਹਾਣੀਆਂ/ਡਾ. ਨਿਰਾਲਾ 30/-
ਇਤਿਹਾਸ ਦੇ ਖਾਲੀ ਪੰਨੇ/ਨਿੰਦਰ ਘੁਗਿਆਣਵੀ 30/-
ਸੁਪਨੇ ਤੇ ਸੰਤਾਪ (ਅਮਰੀਕੀ ਕਹਾਣੀਆਂ)/ਪ੍ਰੋ. ਹਰਭਜਨ 50/-
ਅਣਗੌਲੇ ਆਦਮੀ/ਗੁਰਮੇਲ ਮਡਾਹੜ 30/-
ਕੱਚੇ ਕੋਠਿਆਂ ਦੇ ਵਾਸੀ/ਗੁਰਮੇਲ ਮਡਾਹੜ 30/-
ਜਾਗਦੇ ਲੋਕ/ਗੁਰਮੇਲ ਮਡਾਹੜ 30/-
ਧਰਤੀ ਲਹੂ ਲੁਹਾਣ/ਗੁਰਮੇਲ ਮਡਾਹੜ 30/-
ਜੰਗ ਜਾਰੀ ਹੈ/ਗੁਰਮੇਲ ਮਡਾਹੜ 30/-
ਵਿਵਰਜਿਤ ਪੁਸਤਕ/ਸੁਲੱਖਣ ਮੀਤ (ਪ੍ਰੋ:) 30/-
ਕੇਸੂ ਦੀ ਟਹਿਕ/ਗੁਰਪਾਲ ਸਿੰਘ ਨੂਰ 30/-
ਅਹਿਸਾਸ/ਸਵਰਨ ਸਿੰਘ ਟਹਿਣਾ 25/-
ਚਿੜੀਆਂ ਦਾ ਚੰਬਾ/ਭੁਪਿੰਦਰ ਸਿੰਘ ਬੇਦੀ 50/-
ਮਿਲਿ ਕੈ ਕਰਹ ਕਹਾਣੀਆ/ਭੁਪਿੰਦਰ ਸਿੰਘ ਬੇਦੀ 50/-
ਅੰਦਰਲੀਆਂ ਲਾਸ਼ਾਂ/ਸੁਲੱਖਣ ਮੀਤ (ਪ੍ਰੋ:) 30/-
ਦਾਨਾ ਦੁਸ਼ਮਣ/ਸੁਲੱਖਣ ਮੀਤ (ਪ੍ਰੋ:) 30/-
ਸੁਵਣੀ ਸੁਣੀ ਕਹਾਣੀਆਂ 20/-
ਢਲਦੀ ਦੁਪਹਿਰ/ਭੋਲਾ ਸਿੰਘ ਸੰਘੇੜਾ 50/-

ਅੱਲ੍ਹੇ ਜ਼ਖ਼ਮ/ਗੁਰਮੇਲ ਸਿੰਘ ਚਾਹਲ 20/-
ਬਦਲਦੀ ਸੋਚ/ਅਮਨ ਰਣਜੀਤ 10/-
ਓਪਰਾ ਖੇਤ/ਦਰਸ਼ਨ ਸਿੰਘ ਗੁਰੂ 80/-
ਲੱਪ ਚਿਣਗਾਂ ਦੀ/ਸ਼ਿਵ ਇੰਦਰ ਸਿੰਘ 50/-
ਕਾਹੀ ਵੱਢ/ਜੋਗੇ ਭੰਗਲ 50/-
ਚਿੜੀਆਂ/ਪਰਮਜੀਤ ਪੰਮਾ ਪੇਂਟਰ 30/-
ਲੇਖਾ/ਬੂਟਾ ਸਿੰਘ ਧਾਲੀਵਾਲ 30/-
ਪੰਖ ਪਿੰਜਰਾ ਦੇ ਪਰਵਾਸ/ਪ੍ਰੋ. ਹਰਭਜਨ ਸਿੰਘ 100/-
ਸਿਲਤ/ਸੁਰਿੰਦਰ ਬਰਾੜ 50/-
ਆਦਿ ਅੰਤ/ਅਮਰ ਕੋਮਲ 100/-
ਚੁੱਪ ਦੇ ਬੋਲ/ਭੁਪਿੰਦਰ 'ਜੈਤੋ' 30/-
ਅਸੀਂ ਤੁਸੀਂ/ਡਾ. ਅਮਰ ਕੋਮਲ 50/-
ਸੋਨ ਮਿਰਗ ਦੀ ਵਾਰਤਾ/ਜਸਪਾਲ ਮਾਨ 200/-
ਖਰੀਆਂ ਖਰੀਆਂ/ਅਮਰੀਕ ਤਲਵੰਡੀ 50/-
ਹਾਰੀ ਜੰਗ ਦਾ ਨਾਇਕ/ਗੁਰਚਰਨ ਨੂਰਪੁਰ 30/-
ਘੋੜੇ ਵਾਲਾ ਚੌਂਕ/ਅਮਰੀਕ ਤਲਵੰਡੀ 50/-
ਗਮਾਂ ਦੀ ਪੰਡ/ਪ੍ਰਿੰ. ਗੁਰਦੇਵ ਸਿੰਘ 50/-
ਵਿਲਕਦੀ ਗਰੀਬੀ/ਪ੍ਰਿੰ. ਗੁਰਦੇਵ ਸਿੰਘ 50/-
ਪਾਲੀ/ਪ੍ਰਿੰ. ਗੁਰਦੇਵ ਸਿੰਘ 125/-
ਸੋਮਪ੍ਰਭਾ/ਪ੍ਰਿੰ. ਗੁਰਦੇਵ ਸਿੰਘ 125/-
ਸ਼ਬਦਾਂ ਦੀ ਪੁਸ਼ਾਕ/ਬੂਟਾ ਪੈਰਿਸ 50/-
ਸਮੇਂ ਦਾ ਹਨੇਰਾ/ਮਹਿੰਦਰ ਸਿੰਘ ਢਿੱਲੋਂ 50/-
ਚਾਨਣ ਮੁਨਾਰੇ /ਨਰਿੰਦਰ ਸਿੰਘ ਹਰੀਕਾ 30/-
ਜ਼ਿੰਦਗੀ ਦੇ ਪੰਨੇ /ਅਮਰੀਕ ਸਿੰਘ ਸੰਘਰੇੜੀ 40/-

■ **ਲੇਖ**

ਆਪਣਾ ਪੰਜਾਬੀ ਕੈਨੇਡਾ/ਤਰਲੋਚਨ ਸਿੰਘ ਗਿੱਲ 140/-
ਅਮਰੀਕਾ ਕੈਨੇਡਾ ਤੇ ਪੰਜਾਬੀ/ਤਰਲੋਚਨ ਸਿੰਘ ਗਿੱਲ 140/-
ਬਾਨਾਰਸਿ ਕੇ ਠਗ/ਡਾ. ਕੁਲਵੰਤ ਸਿੰਘ 150/-
ਸਿੱਧੀਆਂ ਸਪਸ਼ਟ ਗੱਲਾਂ/ਸੁਖਿੰਦਰ 200/-
ਜ਼ਿੰਦਾ ਦਿਲੀ ਹੈ ਜ਼ਿੰਦਗੀ/ਸੁਖਮਿੰਦਰ ਸ਼ਹਿਣਾ 40/-
ਚੱਲਣਾ ਹੀ ਹੈ ਜ਼ਿੰਦਗੀ/ਡਾ. ਅਮਰ ਕੋਮਲ 50/-
ਜੀਵਨ ਤਲਬ ਨਿਵਾਰਿ/ਜਸਵੰਤ ਸਿੰਘ ਅਗਿਆਨੀ 50/-
ਵੇਲੇ ਕੁਵੇਲੇ/ਨਿੰਦਰ ਘੁਗਿਆਣਵੀ 30/-
ਤੀਜੀ ਅੱਖ/ਅਮਰ ਕੋਮਲ 50/-
ਵੰਨ-ਸੁਵੰਨ/ਪ੍ਰੋ. ਮਨਜੀਤ ਸਿੰਘ ਸਿੱਧੂ 100/-
ਅੰਦਰ ਬਾਹਰ/ਡਾ. ਅਮਰ ਕੋਮਲ 50/-
ਸੱਚ ਨੂੰ ਤੇ...../ਨਰਿੰਦਰ ਸਿੰਘ ਹਰੀਕਾ 50/-
ਚੋਣਵੇਂ ਲੇਖ/ਪ੍ਰੋ. ਗੁਰਮੀਤ ਸਿੰਘ ਟਿਵਾਣਾ 100/-
ਸੰਜੀਵਨੀ/ਡਾ. ਅਮਰ ਕੋਮਲ 100/-
ਮੇਰੀ ਪੱਤਰਕਾਰੀ ਦੇ ਰੰਗ/ਪ੍ਰੋ. ਮਨਜੀਤ ਸਿੱਧੂ 100/-
ਰਿਸ਼ਤਿਆਂ ਦਾ ਕਤਲ/ਡਾ. ਹਰੀਸ਼ ਮਲਹੋਤਰਾ 70/-
ਮਸਤਕ ਦੀ ਦਸਤਕ /ਗੁਰਮੇਲ ਬੌਡੇ 150/-
ਪੋਥੀ ਪਰਮੇਸ਼ਵਰ ਕਾ ਥਾਨੁ /ਜਸਵੰਤ ਅਗਿਆਨੀ 20/-

**ਤੁਸੀਂ ਕੋਈ ਪੁਸਤਕ ਹੁਣ ਘਰ ਬੈਠੇ ਹੀ ਫ਼ੋਨ ਕਰਕੇ ਵੀਪੀਪੀ ਰਾਹੀਂ ਮੰਗਵਾ ਸਕਦੇ ਹੋ, ਸਾਡੇ ਨੰਬਰ ਹਨ :**

**01679-241744, 233244**

**ਨੋਟ : 200 ਰੁਪੈ ਦੀ ਕੀਮਤ ਤੋਂ ਉੱਪਰ ਦੀਆਂ ਕਿਤਾਬਾਂ ਮੰਗਵਾਉਣ 'ਤੇ ਹੁਣ ਡਾਕ ਖਰਚ ਵੀ ਨਹੀਂ ਲੱਗੇਗਾ।**


















# ਸ਼ੰਕਾ ਨਵਿਰਤੀ....?

*ਪ੍ਰਸ਼ਨ – ਬਿੱਲੀਆਂ ਨੂੰ ਚੂਹਿਆਂ ਦਾ ਪਤਾ ਕਿਵੇਂ ਲੱਗ ਜਾਂਦਾ ਹੈ।*

ਉੱਤਰ - ਚੂਹਿਆਂ ਦੀਆਂ ਅੰਤੜੀਆਂ ਵਿੱਚ ਇੱਕ ਸੈਲਾ ਸੂਖਮ ਜੀਵ ਪਾਇਆ ਜਾਂਦਾ ਹੈ। ਇਸ ਇੱਕ ਸੈੱਲੀ ਜੀਵ ਦਾ ਨਾਂ ਟੋਕਸੋ ਪਲਾਜਮਾ ਹੈ। ਚੂਹੇ ਜਦੋਂ ਪਿਸ਼ਾਬ ਕਰਦੇ ਹਨ ਤਾਂ ਟੋਕਸੋਪਲਾਜਮਾ ਦੇ ਕੁਝ ਸੂਖਮ ਜੀਵ ਪਿਸ਼ਾਬ ਵਿਚ ਮ੍ਰਿਤਕ ਜਾਂ ਜੀਵਤ ਬਾਹਰ ਆ ਜਾਂਦੇ ਹਨ। ਬਿੱਲੀ ਨੂੰ ਉਨ੍ਹਾਂ ਦੀ ਗੰਧ ਆ ਜਾਂਦੀ ਹੈ। ਸਿੱਟੇ ਵਜੋਂ ਉਹ ਆਪਣੇ ਸ਼ਿਕਾਰ ਨੂੰ ਦਬੋਚ ਲੈਂਦੀ ਹੈ।

*ਪ੍ਰਸ਼ਨ – ਪੇਟ ਵਿਚ ਧੁਨੀ ਕਿਉਂ ਹੁੰਦੀ ਹੈ?*

ਉੱਤਰ - ਪੇਟ ਵਿਚ ਧੁਨੀ ਦਾ ਨਿਸ਼ਾਨ ਇਸ ਲਈ ਹੁੰਦਾ ਹੈ ਕਿ ਇਸ ਸਥਾਨ ਤੇ ਬੱਚਾ ਆਪਣੀ ਮਾਂ ਨਾਲ ਇੱਕ ਨਾੜੀ ਰਾਹੀ ਜੁੜਿਆ ਹੁੰਦਾ ਹੈ। ਇਸ ਨਾੜੀ ਨੂੰ ਠੇਠ ਪੰਜਾਬੀ ਵਿੱਚ ਨਾੜੂਆ ਕਿਹਾ ਜਾਂਦਾ ਹੈ। ਇਸ ਨਾੜੂਆਂ ਰਾਹੀ ਹੀ ਬੱਚੇ ਨੂੰ ਮਾਂ ਦੇ ਪੇਟ ਵਿਚ ਖੂਨ ਤੇ ਖੁਰਾਕ ਵੀ ਮਿਲਦੀ ਸੀ। ਹੁਣ ਇਹ ਨਿਸ਼ਾਨ ਬੈਕਟੀਰੀਆ ਤੇ ਵਾਇਰਸ ਦੇ ਰਹਿਣ ਲਈ ਵਰਤੋਂ ਵਿੱਚ ਆਉਂਦਾ ਹੈ। ਵਿਗਿਆਨਕਾਂ ਨੇ 400 ਵਲੰਟੀਅਰਾਂ ਦੀਆਂ ਧੁਨੀਆਂ ਵਿਚੋਂ ਵਾਇਰਸਾਂ ਦੇ ਨਮੂਨੇ ਲਏ। ਹਰੇਕ ਵਿਅਕਤੀ ਵਿੱਚ ਔਸਤਨ 65 ਵਾਇਰਸਾਂ ਦੇ ਨਮੂਨੇ ਧੁਨੀ ਵਿਚੋਂ ਹੀ ਮਿਲੇ ਸਨ।



*ਪ੍ਰਸ਼ਨ – ਮਨੁੱਖੀ ਸਰੀਰ ਦੇ ਸੈੱਲ ਕੁਝ ਸਮੇਂ ਬਾਅਦ ਮਰ ਮੁੱਕ ਜਾਂਦੇ ਹਨ ਅਤੇ ਨਵੇਂ ਆ ਜਾਂਦੇ ਹਨ। ਫਿਰ ਵੀ ਮਨੁੱਖ ਬੁੱਢਾ ਕਿਉਂ ਹੁੰਦਾ ਹੈ?*

ਉੱਤਰ - ਮਨੁੱਖੀ ਸਰੀਰ ਵਿੱਚ ਕਈ ਤਰ੍ਹਾਂ ਦੇ ਸੈੱਲ ਹੁੰਦੇ ਹਨ ਤੇ ਇਨ੍ਹਾਂ ਸਭ ਦਾ ਜੀਵਨ ਕਾਲ ਵੀ ਅਲੱਗ ਅਲੱਗ ਹੁੰਦਾ ਹੈ। ਖੂਨ ਵਿਚਲੇ ਚਿੱਟੇ ਸੈੱਲ ਕੁੱਝ ਘੰਟੇ ਹੀ ਜਿਉਂਦੇ ਰਹਿੰਦੇ ਹਨ ਜਦੋਂ ਕਿ ਚਮੜੀ ਦੇ ਸੈੱਲ ਕੁਝ ਹਫ਼ਤਿਆਂ ਬਾਅਦ ਨਵੇਂ ਆ ਜਾਂਦੇ ਹਨ। ਦਿਮਾਗੀ ਸੈੱਲ ਕਈ ਦਹਾਕੇ ਤੱਕ ਕਾਇਮ ਰਹਿੰਦੇ ਹਨ। ਅਸਲ ਵਿੱਚ ਡੀਐਨਏ ਸੈੱਲ ਖਰਾਬ ਹੋ ਜਾਂਦੇ ਹਨ। ਉਨ੍ਹਾਂ ਵਿੱਚ ਵੰਡ ਹੋਣੋ ਰੁਕ ਜਾਂਦੀ ਹੈ। ਇਸ ਤਰ੍ਹਾਂ ਬੁਢਾਪੇ ਦਾ ਕਾਲ ਸ਼ੁਰੂ ਹੋ ਜਾਂਦਾ ਹੈ।

*ਪ੍ਰਸ਼ਨ – ਜੁੜਵੇ ਬੱਚੇ ਕੀ ਸਿਰਫ਼ ਮਨੁੱਖ ਜਾਤੀ ਵਿੱਚ ਹੀ ਪੈਦਾ ਹੁੰਦੇ ਹਨ?*

ਉੱਤਰ - ਜੀ ਨਹੀਂ, ਬਿੱਲੀਆਂ, ਕੁੱਤੇ, ਭੇਡਾਂ ਤੇ ਗਾਵਾਂ ਵੀ ਜੁੜਵੇ ਬੱਚਿਆਂ ਨੂੰ ਜਨਮ ਦਿੰਦੀਆਂ ਹਨ ਪਰ ਇਹ ਵਰਤਾਰਾ ਬਹੁਤ ਹੀ ਘੱਟ ਹੁੰਦਾ ਹੈ। ਮਨੁੱਖੀ ਬੱਚਿਆਂ ਵਿੱਚ ਤਾਂ ਜੇ ਇੱਕ ਵਿਕਸਤ ਆਂਡਾ ਦੋ ਭਾਗਾਂ ਵਿੱਚ ਟੁੱਟ ਜਾਵੇ ਤਾਂ ਇਕੋ ਜਿਹੇ ਹੀ ਜੁੜਵੇ ਪੈਦਾ ਹੁੰਦੇ ਹਨ। ਪਰ ਜੇ ਦੋ ਅਲੱਗ ਅਲੱਗ ਆਂਡੇ ਵਿਕਸਤ ਹੋ ਜਾਣ ਤਾਂ ਵੀ ਦੋ ਜੁੜਵੇ ਬੱਚੇ ਪੈਦਾ ਹੋ ਜਾਂਦੇ ਹਨ ਭਾਵੇਂ ਇਹ ਗੁਣਾਂ ਪੱਖੋਂ ਇਕ ਸਮਾਨ ਨਹੀਂ ਹੁੰਦੇ। ਕਈ ਵਾਰ ਦੋ ਜੁੜਵੇ ਬੱਚਿਆਂ ਦੇ ਅੰਗ ਇਕ ਦੂਜੇ ਨਾਲ ਜੁੜੇ ਰਹਿ ਜਾਂਦੇ ਹਨ। ਇਨ੍ਹਾਂ ਬੱਚਿਆਂ ਨੂੰ ਸਿਆਮੀ ਬੱਚੇ ਕਿਹਾ ਜਾਂਦਾ ਹੈ। ਜਾਨਵਰਾਂ ਵਿੱਚ ਵੀ ਅਜਿਹਾ ਹੀ ਵਰਤਾਰਾ ਵੇਖਣ ਨੂੰ ਮਿਲ ਜਾਂਦਾ ਹੈ। ਗਊਸ਼ਾਲਾ ਵਿੱਚ ਵੀ ਕਈ ਵਾਰ ਬਿਲਕੁਲ ਇਕੋ ਜਿਹੀਆਂ ਗਾਵਾਂ ਵੇਖਣ ਨੂੰ ਮਿਲ ਜਾਂਦੀਆਂ ਹਨ।

*ਪ੍ਰਸ਼ਨ – ਧਰਤੀ ਦੀ ਅੰਦਰੂਨੀ ਤੈਅ ਪਿਘਲੀ ਹੋਈ ਹੈ। ਇਸ ਤਰ੍ਹਾਂ ਕੀ ਚੰਦਰਮਾ ਵੀ ਅੰਦਰੋ ਪਿਘਲੀ ਹੋਈ ਹਾਲਤ ਵਿੱਚ ਹੈ।*

ਉੱਤਰ - ਜੀ ਹਾਂ ਚੰਦਰਮਾ ਦੀ ਅੰਦਰੂਨੀ ਤੈਅ ਪਿਘਲੀ ਹੋਈ ਹਾਲਤ ਵਿੱਚ ਹੈ। ਇਹ ਸਾਬਤ ਕਰਨ ਲਈ ਸਿਸਮੋਮੀਟਰ ਦੀ ਇੱਕ ਕੜੀ ਚੰਦਰਮਾ ਉੱਤੇ ਰੱਖੀ ਗਈ ਸੀ। 1997 ਵਿੱਚ ਇਸ ਕੜੀ ਨੂੰ ਬੰਦ ਕਰ ਦਿੱਤਾ ਗਿਆ। ਇਨ੍ਹਾਂ ਸਿਸਮੋਮੀਟਰਾਂ ਨੇ ਜੋ ਅੰਕੜੇ ਧਰਤੀ ਤੇ ਭੇਜੇ ਸਨ ਉਹ ਸਾਬਤ ਕਰਦੇ ਹਨ ਕਿ ਚੰਦਰਮਾ ਉਪਰ ਵੀ ਭੂਚਾਲ ਆਉਂਦੇ ਹਨ ਤੇ ਇਹ ਵੀ ਅੰਦਰੋ ਪਿਘਲੀ ਹੋਈ ਹਾਲਤ ਵਿੱਚ ਹੈ।

*ਪ੍ਰਸ਼ਨ – ਕਈ ਵਾਰੀ ਰਾਤਾਂ ਨੂੰ ਕੁੱਤੇ ਕੂਕਾਂ ਮਾਰਨੀਆਂ ਸ਼ੁਰੂ ਕਰ ਦਿੰਦੇ ਹਨ। ਕੀ ਅਜਿਹਾ ਜਾਨਵਰਾਂ ਦੀਆਂ ਕੁਝ ਹੋਰ ਜਾਤੀਆਂ ਵੀ ਕਰਦੀਆਂ ਹਨ।*

ਉੱਤਰ - ਬਾਂਦਰਾਂ, ਮਨੁੱਖਾਂ, ਗਿੱਦੜਾਂ, ਬਿੱਲੀਆਂ ਤੇ ਕੁੱਤਿਆਂ ਵਿਚ ਇਹ ਵਰਤਾਰਾ ਵੇਖਣ ਨੂੰ ਆਮ ਹੀ ਮਿਲਦਾ ਹੈ। ਜਦੋਂ ਇੱਕ ਜਾਨਵਰ ਭੌਂਕਦਾ ਜਾਂ ਕੂਕ ਮਾਰਦਾ ਹੈ ਤਾਂ ਬਾਕੀ ਵੀ ਅਜਿਹਾ ਕਰਨਾ ਸ਼ੁਰੂ ਕਰ ਦਿੰਦੇ ਹਨ। ਖ਼ਤਰੇ ਸਮੇਂ ਅਜਿਹਾ ਕਰਨਾ ਸੁਭਾਵਕ ਹੀ ਹੁੰਦਾ ਹੈ। ਅਸਲ ਵਿੱਚ ਇਹ ਸਾਰੇ ਜੀਵ ਨਕਲਚੀ ਹਨ।



*'ਸ਼ੰਕਾ ਨਵਿਰਤੀ' ਕਾਲਮ ਲਈ ਆਪਣੇ ਪ੍ਰਸ਼ਨ ਹੇਠ ਲਿਖੇ ਪਤੇ ਤੇ ਭੇਜੋ :*

**ਮੇਘ ਰਾਜ ਮਿੱਤਰ**

**ਤਰਕਸ਼ੀਲ ਨਿਵਾਸ, ਗਲੀ ਨੰ. 8, ਕੇ.ਸੀ. ਰੋਡ, ਬਰਨਾਲਾ**

ਜੇ ਇੱਕ ਮਨੁੱਖ ਸੌਂ ਜਾਂਦਾ ਹੈ ਤਾਂ ਦੂਸਰਿਆਂ ਨੂੰ ਵੀ ਨੀਂਦ ਆ ਜਾਣਾ ਸੁਭਾਵਕ ਹੁੰਦਾ ਹੈ। ਇਹ ਸਭ ਕੁੱਝ ਗਰੁੱਪ ਵਰਤਾਰਾ ਹੈ। ਜੇ ਇੱਕ ਅਜਿਹਾ ਕਰਦਾ ਹੈ ਤਾਂ ਲਗਭਗ ਸਾਰਾ ਗਰੁੱਪ ਹੀ ਅਜਿਹਾ ਕਰਨਾ ਸ਼ੁਰੂ ਕਰ ਦਿੰਦਾ ਹੈ।

***ਪ੍ਰਸ਼ਨ – ਕੱਟ ਲੱਗਣ ਦਾ ਬੱਦਲਾਂ ਦੀ ਲਿਸਕ ਨਾਲ ਕੋਈ ਸਬੰਧ ਹੈ।***

- ਕਰਮਜੀਤ ਤਰਕਸ਼ੀਲ ਗੁਲਜਾਰਪੁਰਾ

ਉੱਤਰ - ਕੱਟ ਲੱਗਣ ਦਾ ਬੱਦਲਾਂ ਦੀ ਲਿਸ਼ਕ ਨਾਲ ਕੋਈ ਵੀ ਸਬੰਧ ਹੋ ਹੀ ਨਹੀਂ ਸਕਦਾ। ਕਿਉਂਕਿ ਕੱਟ ਦੇ ਖਰਾਬ ਹੋਣ ਦਾ ਡਰ ਉਹ ਜ਼ਖਮ ਸੂਖਮ ਜੀਵਾਂ ਦੀ ਲਪੇਟ ਵਿੱਚ ਆ ਜਾਂਦੇ ਹਨ। ਉਨ੍ਹਾਂ ਦੇ ਠੀਕ ਹੋਣ ਵਿੱਚ ਦੇਰੀ ਹੋ ਜਾਂਦੀ ਹੈ। ਕਈ ਵਾਰ ਟੈਟਨਸ ਵੀ ਹੋ ਸਕਦੀ ਹੈ ਜਿਸ ਨਾਲ ਮੌਤ ਵੀ ਹੋ ਸਕਦੀ ਹੈ ਤੇ ਕਈ ਵਾਰੀ ਗੈਂਗਰੀਨ ਵੀ ਹੋ ਜਾਂਦੀ ਹੈ। ਇਹ ਸੂਖਮ ਜੀਵ ਬੱਦਲਾਂ ਦੇ ਸਿਖਾਏ ਤੋਂ ਤਾਂ ਕਿਸੇ ਜ਼ਖਮ ਤੇ ਭੇਜੇ ਹੀ ਨਹੀਂ ਜਾ ਸਕਦੇ। ਹਾਂ ਐਨਾ ਕੁ ਜ਼ਰੂਰ ਕਿਹਾ ਜਾ ਸਕਦਾ ਹੈ ਕਿ ਸਿੱਲੇ ਮੌਸਮ ਵਿੱਚ ਇਹ ਸੂਖਮ ਜੀਵ ਗਿਣਤੀ ਵਿੱਚ ਜ਼ਿਆਦਾ ਹੋ ਜਾਂਦੇ ਹਨ।

***ਪ੍ਰਸ਼ਨ – ਕੀ ਇਸ ਗੱਲ ਦੀ ਸੰਭਾਵਨਾ ਹੈ ਕਿ ਬੈਂਕ ਨੋਟ ਅਤੇ ਸਿੱਕੇ ਕਦੇ ਮਨੁੱਖ ਜਾਤੀ ਵਰਤਣੇ ਬੰਦ ਕਰ ਦੇਵੇਗੀ।***

ਉੱਤਰ - ਜੀ ਹਾਂ ਇਸ ਗੱਲ ਦੀ ਪੱਕੀ ਸੰਭਾਵਨਾ ਹੈ ਕਿ 2030 ਤੱਕ ਸਿੱਕੇ ਅਤੇ ਨੋਟ ਦੁਰਲੱਭ ਹੋ ਜਾਣਗੇ ਕਿਉਂਕਿ ਸਾਰੀਆਂ ਦੇਣਦਾਰੀਆਂ ਤੇ ਲੈਣਦਾਰੀਆਂ ਲਈ ਏ.ਟੀ.ਐਮ. ਕਾਰਡਾਂ ਦੀ ਵਰਤੋਂ ਹੋਣੀ ਸ਼ੁਰੂ ਹੋ ਜਾਵੇਗੀ। ਵਿਕਸਤ ਦੇਸ਼ਾਂ ਵਿੱਚ ਅੱਜ ਕੱਲ ਦੀ ਨੋਟਾਂ ਰਾਹੀਂ ਭੁਗਤਾਨ ਦਾ ਸਿਲਸਿਲਾ ਬਹੁਤ ਘੱਟ ਗਿਆ। ਹਰ ਕੋਈ ਆਪਣੇ ਪਰਸ ਵਿਚ ਪੰਜ ਸੱਤ ਕਿਸਮ ਦੇ ਕਾਰਡ ਰੱਖਦਾ ਹੈ ਤੇ ਸਾਰੀਆਂ ਦੇਣਦਾਰੀਆਂ ਇਨ੍ਹਾਂ ਰਾਹੀ ਹੀ ਕਰਦਾ ਹੈ।

***ਪ੍ਰਸ਼ਨ – ਕੀ ਜੇ ਕੋਈ ਆਦਮੀ ਪੁਲਾੜ ਵਿੱਚ ਖੜ੍ਹ ਜਾਵੇ ਤਾਂ ਉਹ ਫਟ ਜਾਂਦਾ ਹੈ। ਅਜਿਹਾ ਕਿਉਂ।***

ਉਤਰ : ਧਰਤੀ ਉਤੇ ਦਬਾਓ 76 ਸੈਂਟੀਮੀਟਰ ਹੈ, ਦਬਾਓ ਦਾ ਭਾਵ ਇਹ ਹੁੰਦਾ ਹੈ ਕਿ ਅਸੀਂ ਹਜ਼ਾਰ ਕਿੱਲੋ ਮੀਟਰਾਂ ਤੱਕ ਦੀਆਂ ਉਚਾਈ ਵਾਲੇ ਗੈਸਾਂ ਦੇ ਸਮੁੰਦਰ ਵਿੱਚ ਦੱਬੇ ਹੋਏ ਹਾਂ, ਇੱਕ ਵਿਅਕਤੀ ਦੇ ਸਿਰ ਉੱਪਰ ਲਗਭਗ ਤਿੰਨ ਸੌ ਪੰਜਾਹ ਕਿੱਲੋ ਗ੍ਰਾਮ ਭਾਰ ਹਵਾ ਦਾ ਹੁੰਦਾ ਹੈ। ਇਸ ਲਈ ਸਰੀਰ ਨੇ ਆਪਣੇ ਆਪ ਨੂੰ ਇਸ ਦਬਾਓ ਵਿੱਚ ਰਹਿਣ ਲਈ ਢਾਲਿਆ ਹੋਇਆ ਹੈ। ਜੇ ਕੋਈ ਵਿਅਕਤੀ ਇਸ ਦਬਾਓ ਤੋਂ ਬਗੈਰ ਰਹੇਗਾ ਤਾਂ ਉਸ ਨੇ ਫਟ ਜਾਣਾ ਹੀ ਹੁੰਦਾ ਹੈ। ਪੁਲਾੜ ਵਿੱਚ ਜਾਣ ਵਾਲੇ ਪੁਲਾੜ ਯਾਤਰੀਆਂ ਨੂੰ ਪੁਲਾੜੀ ਸੂਟ ਇਸ ਲਈ ਹੀ ਪਹਿਨਣੇ ਪੈਂਦੇ ਹਨ।



***ਪ੍ਰਸ਼ਨ – ਧਰਤੀ ਬਿਨਾਂ ਅਧਾਰ ਕਿਸ ਤਰ੍ਹਾਂ ਖੜ੍ਹੀ ਹੈ।***

ਉੱਤਰ - ਧਰਤੀ ਆਪਣੇ ਦੂਰ ਨੇੜੇ ਹਜ਼ਾਰਾਂ ਗ੍ਰਹਿਆਂ ਨੂੰ ਆਪਣੇ ਵੱਲ ਖਿੱਚ ਰਹੀ ਹੈ ਅਤੇ ਉਹ ਗ੍ਰਹਿ ਵੀ ਇਸਨੂੰ ਆਪਣੇ ਵੱਲ ਖਿੱਚ ਰਹੇ ਹਨ ਅਤੇ ਇਹ ਸੂਰਜ ਦੁਆਲੇ ਲਾਟੂ ਦੀ ਤਰ੍ਹਾਂ ਆਪਣੇ ਆਲੇ-ਦੁਆਲੇ ਘੁੰਮਦੀ ਹੋਈ ਚੱਕਰ ਲਾ ਰਹੀ ਸਥਿਤੀ ਵਿਚ ਹੈ। ਇਸ ਲਈ ਇਹ ਇਨ੍ਹਾਂ ਗ੍ਰਹਿਆਂ, ਉਪ ਗ੍ਰਹਿਆਂ ਅਤੇ ਗਤੀ ਦੇ ਪ੍ਰਭਾਵ ਕਾਰਨ ਡਿੱਗਦੀ ਨਹੀਂ।

***ਪ੍ਰਸ਼ਨ – ਕੀ ਧਰਤੀ ਸੂਰਜ ਤੋਂ ਵੱਖ ਹੋਣ ਸਮੇਂ ਤੋਂ ਹੀ ਗੋਲ ਹੈ ਜਾਂ ਬਾਅਦ 'ਚ ਗੋਲ ਹੋਈ, ਕੀ ਦੂਜੇ ਗ੍ਰਹਿ ਵੀ ਧਰਤੀ ਵਾਂਗ ਗੋਲ ਹੋਣਗੇ।***

ਉੱਤਰ - ਧਰਤੀ, ਤਾਰੇ ਜਾਂ ਗ੍ਰਹਿ ਆਮ ਤੌਰ 'ਤੇ ਗੋਲ ਹੁੰਦੇ ਹਨ। ਕਿਉਂਕਿ ਪੁਲਾੜ ਵਿੱਚ ਸਾਰੇ ਗ੍ਰਹਿ ਅਤੇ ਤਾਰੇ ਕਣਾਂ ਤੋਂ ਹੋਂਦ ਵਿੱਚ ਆਉਂਦੇ ਹਨ। ਇਨ੍ਹਾਂ ਦੀ ਘੁੰਮਣਗਤੀ ਇਨ੍ਹਾਂ ਲਈ ਅਤਿਅੰਤ ਜ਼ਰੂਰੀ ਹੈ। ਜੇ ਗ੍ਰਹਿ ਸਥਿਰ ਹੋ ਜਾਣਗੇ ਤਾਂ ਗੁਰੂਤਾ ਆਕਰਸ਼ਣ ਕਾਰਨ ਉਨ੍ਹਾਂ ਦਾ ਨਜ਼ਦੀਕੀ ਗ੍ਰਹਿਆਂ 'ਤੇ ਡਿੱਗਣਾ ਲਾਜ਼ਮੀ ਹੋ ਜਾਂਦਾ ਹੈ। ਸੋ ਗ੍ਰਹਿਆਂ ਉੱਤੇ ਕਣ ਘੁੰਮਦੀ ਹਾਲਤ ਵਿੱਚ ਡਿੱਗਦੇ ਰਹਿੰਦੇ ਹਨ, ਇਸ ਲਈ ਗ੍ਰਹਿ ਜਾਂ ਤਾਰਿਆਂ ਦਾ ਗੋਲ ਆਕਾਰ ਧਾਰਨ ਕਰਨਾ ਲਾਜ਼ਮੀ ਹੋ ਜਾਂਦਾ ਹੈ। ਗ੍ਰਹਿਆਂ ਦੇ ਅੰਦਰੂਨੀ ਤਲਾਂ ਵਿਚ ਹੋਈਆਂ ਗੜਬੜਾਂ ਕਈ ਥਾਵਾਂ ਤੇ ਇਨ੍ਹਾਂ ਦਾ ਆਕਾਰ ਬਦਲਦੀਆਂ ਰਹਿੰਦੀਆਂ ਹਨ। ਉਂਝ ਵੀ ਪਾਣੀ ਜਾਂ ਹੋਰ ਕਣ ਧਰਤੀ ਦੇ ਕੇਂਦਰ ਤੋਂ ਆਪਣੀ ਦੂਰੀ ਸਮਾਨ ਰੱਖਣ ਲਈ ਯਤਨਸ਼ੀਲ ਰਹਿੰਦੇ ਹਨ।

***ਪ੍ਰਸ਼ਨ – ਵਿਗਿਆਨ ਕਹਿੰਦਾ ਹੈ ਕਿ ਬ੍ਰਹਿਮੰਡ ਲਗਾਤਾਰ ਫੈਲ ਰਿਹਾ ਹੈ, ਇਸ ਦੇ ਫੈਲਣ ਲਈ ਬਾਹਰ ਕੀ ਹੈ?***

ਉੱਤਰ - ਪਦਾਰਥ ਅਤੇ ਊਰਜਾ ਦੀ ਘਣਤਾ ਵਧ ਹੋਣ ਕਾਰਨ ਬ੍ਰਹਿਮੰਡ ਲਗਾਤਾਰ ਫੈਲ ਰਿਹਾ ਹੈ। ਜਦੋਂ ਪਦਾਰਥ ਅਤੇ ਊਰਜਾ ਦੀ ਘਣਤਾ ਘੱਟ ਜਾਵੇਗੀ ਤਾਂ ਬ੍ਰਹਿਮੰਡ ਸੁੰਗੜਨਾ ਸ਼ੁਰੂ ਹੋ ਜਾਵੇਗਾ। ਇਸ ਦਾ ਸਭ ਤੋਂ ਵੱਡਾ ਸਬੂਤ ਗਲੈਕਸੀਆਂ ਦੀ ਇੱਕ ਦੂਜੇ ਤੋਂ ਦੂਰ ਹਟਣ ਦੀ ਗਤੀ ਹੈ। ਸਾਰੀਆਂ ਗਲੈਕਸੀਆਂ ਹੀ ਇਕ ਦੂਜੇ ਤੋਂ ਦੂਰ ਹੋ ਰਹੀਆਂ ਹਨ। ਜਿਵੇਂ ਜੇ ਅਸੀਂ ਥੋੜ੍ਹੇ ਜਿਹੇ ਫੈਲੇ ਹੋਏ ਗੁਬਾਰੇ ਉੱਪਰ ਦੋ ਚਾਰ ਅੰਗੂਰ ਚਿਪਕਾ ਦਈਏ ਅਤੇ ਫਿਰ ਉਸ ਗੁਬਾਰੇ ਵਿਚ ਹਵਾ ਭਰਨੀ ਸ਼ੁਰੂ ਕਰ ਦੇਈਏ ਤਾਂ ਅਸੀਂ ਵੇਖਾਂਗੇ ਕਿ ਸਾਰੇ ਅੰਗੂਰਾਂ ਵਿਚ ਵਿੱਥ ਵਧ ਰਹੀ ਹੋਵੇਗੀ। ਬ੍ਰਹਿਮੰਡ ਖਾਲੀ ਥਾਂ ਹੋਣ ਕਾਰਨ ਹੀ ਫੈਲ ਰਿਹਾ ਹੈ। ਬ੍ਰਹਿਮੰਡ ਦੇ ਆਲੇ-ਦੁਆਲੇ ਖ਼ਾਲੀ ਥਾਂ ਹੀ ਹੈ।

***ਪ੍ਰਸ਼ਨ – ਮੰਗਲ ਗ੍ਰਹਿ ਐਨਾ ਨਜ਼ਦੀਕ ਆਉਣ ਦੇ ਬਾਵਜੂਦ ਸਾਡੇ ਵਿਗਿਆਨੀ ਇਸ ਉੱਤੇ ਕਿਉਂ ਨਹੀਂ ਜਾ ਸਕੇ?***

ਉੱਤਰ - ਮੰਗਲ ਗ੍ਰਹਿ ਦੀ ਦੂਰੀ ਧਰਤੀ ਤੋਂ ਘੱਟੋ ਘੱਟ ਪੰਜ ਕੁ ਲੱਖ ਕਿਲੋਮੀਟਰ ਹੈ। ਇਹ ਦੂਰੀ ਆਮ ਤੌਰ 'ਤੇ ਵਧਦੀ ਘਟਦੀ ਰਹਿੰਦੀ ਹੈ। ਕਿਸੇ ਸਮੇਂ ਵਿੱਚ ਇਹ ਦੂਰੀ ਕਰੋੜਾਂ ਕਿਲੋਮੀਟਰ ਵੀ ਹੋ ਸਕਦੀ ਹੈ। ਵਿਗਿਆਨਕਾਂ ਨੇ ਮੰਗਲ ਦੀ ਸਥਿਤੀ ਨੂੰ ਦੇਖ ਦੇ ਰਾਕੇਟ ਭੇਜਣਾ ਹੁੰਦਾ ਹੈ। ਅੱਜ ਕੱਲ੍ਹ ਤਾਂ ਅਮਰੀਕਾ ਦੇ ਭੇਜੇ ਕਈ ਰਾਕੇਟ ਮੰਗਲ ਉੱਤੇ ਖੋਜ-ਪੜਤਾਲ ਦਾ ਕੰਮ ਕਰ ਰਹੇ ਹਨ। ਇਸ ਗ੍ਰਹਿ ਤੇ ਵਾਯੂਮੰਡਲ ਦੀਆਂ ਹਾਲਾਤਾਂ ਮਨੁੱਖ ਦੇ ਉਤਰਨ ਲਈ ਯੋਗ ਨਹੀਂ ਹਨ।



# ਸਿਹਤ ਦੇ ਝਰੋਖੇ 'ਚੋਂ.....

ਡਾ. ਵਿਸ਼ਾਲ ਭਾਰਤੀ
ਬਲਵੀਰ ਬਾਸੀ, ਕੈਲੇਫੋਰਨੀਆ

## ਸਾਡਾ ਦਿਮਾਗ ਹੈਕ ਕਰ ਲਵੇਗਾ ਇਹ ਵਾਇਰਸ!

ਜਿਸ ਤੇਜ਼ੀ ਨਾਲ ਸਾਇੰਸ ਤਰੱਕੀ ਕਰ ਰਹੀ ਹੈ ਮਾਹਰਾਂ ਦਾ ਮੰਨਣਾ ਹੈ ਕਿ ਉਹ ਦਿਨ ਦੂਰ ਨਹੀਂ ਜਦੋਂ ਅਜਿਹੇ ਵਾਇਰਸ ਬਣਾ ਲਏ ਜਾਣਗੇ ਜੋ ਇਨਸਾਨਾਂ ਦੇ ਦਿਮਾਗ 'ਤੇ ਕਬਜਾ ਕਰਕੇ ਉਨ੍ਹਾਂ ਦੇ ਵਤੀਰੇ ਨੂੰ ਬਦਲ ਦੇਣਗੇ। ਵਿਗਿਆਨਕ ਸਿੰਥੇਟਿਕ ਬਾਇਓਲੋਜੀ 'ਚ ਹੋ ਰਹੀ ਦਿਨੋ-ਦਿਨ ਪ੍ਰਗਤੀ ਤੋਂ ਹੈਰਾਨ ਵੀ ਹਨ ਅਤੇ ਪਰੇਸ਼ਾਨ ਵੀ। ਹਾਲ ਹੀ 'ਚ ਅਮਰੀਕੀ ਪੁਲਾੜ ਏਜੰਸੀ ਨਾਸਾ ਨਾਲ ਜੁੜੀ ਸਿੰਗੁਲੇਰਿਟੀ ਯੂਨੀਵਰਸਿਟੀ ਦੇ ਇਕ ਵਿਗਿਆਨਕ ਨੇ ਵਿਗਿਆਨਕ ਬਿਰਾਦਰੀ ਨੂੰ ਸੁਚੇਤ ਕੀਤਾ ਹੈ।

ਸਿੰਥੇਟਿਕ ਬਾਇਓਲੋਜੀ ਬਾਇਓਲੋਜੀਕਲ ਰਿਸਰਚ ਦਾ ਇਕਦਮ ਨਵਾਂ ਖੇਤਰ ਹੈ ਜਿਸ 'ਚ ਸਾਇੰਸ ਅਤੇ ਇੰਜੀਨੀਅਰਿੰਗ ਦੋਵਾਂ ਦਾ ਇਸਤੇਮਾਲ ਕੀਤਾ ਜਾਂਦਾ ਹੈ। ਇੱਥੇ ਸਾਡੇ ਸੈਲਾਂ ਨੂੰ ਜਿਉਂਦੇ ਜਾਗਦੇ ਕੰਪਿਊਟਰ ਦਾ ਦਰਜਾ ਦਿੱਤਾ ਜਾਂਦਾ ਹੈ ਅਤੇ ਡੀ. ਐਨ. ਏ. ਨੂੰ ਪ੍ਰੋਗਰਾਮਿੰਗ ਲੈਂਗੂਏਜ ਦਾ। ਪਿਛਲੇ ਸਾਲ ਮਸ਼ਹੂਰ ਬਾਇਓਲੋਜਿਸਟ ਕ੍ਰੇਗ ਵੇਂਟਰ ਨੇ ਇਕ ਬੈਕਟੀਰੀਆ 'ਚ ਸਿੰਥੇਟਿਕ ਡੀ. ਐਨ. ਏ. ਪਾ ਕੇ ਸਿੰਥੇਟਿਕ ਜਾਂ ਬਣਾਵਟ ਜ਼ਿੰਦਗੀ ਬਣਾਉਣ 'ਚ ਕਾਮਯਾਬੀ ਪਾਈ ਸੀ। ਡਰ ਹੈ ਭਵਿੱਖ 'ਚ ਬਣਨ ਵਾਲੇ ਖ਼ਤਰਨਾਕ ਵਾਇਰਸ ਵੀ ਅਜਿਹੇ ਹੀ ਬਣਾਏ ਜਾਣਗੇ।

ਇਸ ਨੂੰ ਧਿਆਨ 'ਚ ਰੱਖਦੇ ਹੋਏ ਹੈਸਲ ਨੇ ਕਿਹਾ ਹੈ ਕਿ ਆਉਣ ਵਾਲੇ ਸਮੇਂ 'ਚ ਅਸੀਂ ਅਜਿਹੀ ਦੁਨੀਆਂ 'ਚ ਰਹਾਂਗੇ ਜਿੱਥੇ ਹੈਕਰਸ ਅਜਿਹੇ ਵਾਇਰਸ ਅਤੇ ਬੈਕਟੀਰੀਆ ਬਣਾ ਸਕਦੇ ਹਨ ਜੋ ਇਨਸਾਨੀ ਦਿਮਾਗ ਨੂੰ ਕੰਟਰੋਲ ਕਰ ਸਕਣ। ਸਿੰਥੈਟਿਕ ਬਾਇਓਲੋਜੀ ਇਸ ਸਮੇਂ ਕੰਪਿਊਟਰ ਟੈਕਨੋਲੋਜੀ ਤੋਂ ਵੀ ਜ਼ਿਆਦਾ ਸਪੀਡ ਨਾਲ ਡਿਵੈਲਪ ਕਰ ਰਹੀ ਹੈ। ਮੈਂ ਇਕ ਅਜਿਹੀ ਦੁਨੀਆਂ ਦਾ ਸੁਪਨਾ ਦੇਖਦਾ ਹਾਂ ਜਿੱਥੇ ਲੋਕ ਡੀ.ਐਨ.

## ਚੁੰਬਕ ਨਾਲ ਸਾਫ਼ ਹੋਵੇਗਾ ਖ਼ੂਨ

ਸਵਿਟਜ਼ਰਲੈਂਡ ਦੀ ਯੂਨੀਵਰਸਿਟੀ ਦੇ ਖੋਜਕਾਰੀਆਂ ਨੇ ਇੱਕ ਅਜਿਹੇ ਨਿਰੀਖਣ ਕਰਨ ਵਿਚ ਸਫਲਤਾ ਪ੍ਰਾਪਤ ਕੀਤੀ ਹੈ, ਜਿਸ ਨਾਲ ਖ਼ੂਨ ਵਿੱਚੋਂ ਹਾਨੀਕਾਰਕ ਤੱਤਾਂ ਨੂੰ ਅਲੱਗ ਕੀਤਾ ਜਾ ਸਕਦਾ ਹੈ। ਇਸ ਖੋਜ ਦਾ ਇਸਤੇਮਾਲ ਦਵਾਈਆਂ ਦੇ ਗਲਤ ਅਸਰ ਨੂੰ ਦੂਰ ਕਰਨ ਦੇ ਨਾਲ-ਨਾਲ ਖ਼ੂਨ ਦੇ ਸੰਕਰਮਣ ਅਤੇ ਕੁੱਝ ਖਾਸ ਕਿਸਮ ਦੇ ਕੈਂਸਰ ਨਾਲ ਲੜ ਰਹੇ ਮਰੀਜ਼ਾਂ 'ਤੇ ਕੀਤਾ ਜਾਵੇਗਾ।

ਕੀ ਹੈ ਪ੍ਰੋਜੈਕਟ : ਇਸ ਪ੍ਰੋਜੈਕਟ 'ਤੇ ਕੰਮ ਕਰ ਰਹੇ ਖੋਜਕਾਰੀ ਕਾਰਬਨ ਕੋਟੇਡ ਚੁੰਬਕ ਨੈਨੋਪਾਰਟ੍ਰਿਕਲਸ ਦੇ ਨਾਲ ਐਂਟੀਬਾਡੀ ਨੂੰ ਸਰੀਰ ਦੇ ਖ਼ੂਨ ਵਿਚ ਪ੍ਰਵੇਸ਼ ਕਰਾਕੇ ਇੰਟਰਲਕਿੰਸ ਨਾਮ ਦੇ ਇਨਫਲੇਮੇਟਰੀ ਪ੍ਰੋਟੀਨ ਅਤੇ ਲੈਂਡ ਵਰਗੀ ਜ਼ਹਿਰੀਲੀ ਧਾਤੂ ਨੂੰ ਵੱਖ ਕਰਨ ਦੀ ਦਿਸ਼ਾ ਵਿੱਚ ਕੰਮ ਕਰ ਰਹੇ ਹਨ।

ਇਸਦੇ ਲਈ ਖ਼ੂਨ ਵਿੱਚ ਨੈਨੋ ਮੈਗਨੇਟ੍ਰਸ ਨੂੰ ਮਿਲਾਕੇ ਡਾਇਲਿਸਿਸ ਮਸ਼ੀਨ ਵਿਚਕਾਰ ਦੀ ਖ਼ੂਨ ਨੂੰ ਲੰਘਾਉਂਦੇ ਹਨ। ਇਸ ਤਰ੍ਹਾਂ ਚੁੰਬਕ ਜ਼ਹਿਰੀਲੇ ਪਦਾਰਥਾਂ ਨੂੰ ਖਿੱਚਕੇ ਖ਼ੂਨ ਨੂੰ ਸਾਫ਼ ਕਰਨ ਵਿੱਚ ਮਦਦਗਾਰ ਬਣ ਰਹੇ ਹਨ।

ਸਫਲ ਰਿਹਾ ਪ੍ਰਯੋਗ : ਟ੍ਰਾਂਸਪਲਾਂਟੇਸਨ ਜਨਰਲ ਵਿੱਚ ਪ੍ਰਕਾਸ਼ਿਤ ਇੱਕ ਰਿਪੋਰਟ ਦੇ ਮੁਤਾਬਿਕ ਇਸ ਖੋਜ ਦੇ ਆਧਾਰ 'ਤੇ ਵਿਗਿਆਨੀ ਇਸ ਹਾਨੀਕਾਰਕ ਤੱਤਾਂ ਨੂੰ 75 ਫੀਸਦੀ ਹਟਾਉਣ 'ਚ ਸਫਲ ਰਹੇ।

ਇਹ ਦਿਲ ਦੀ ਬੀਮਾਰੀ ਵਿੱਚ ਦਿੱਤੀ ਜਾਣ ਵਾਲੀ ਦਵਾਈ ਦੀ ਮਾਤਰਾ ਵਿੱਚ ਜ਼ਿਆਦਾ ਹੋਣ ਨਾਲ ਜਾਨ ਖ਼ਤਰੇ ਵਿੱਚ ਪਾ ਦਿੰਦਾ ਹੈ। ਇਸ ਵਿੱਚ ਡੇਢ ਘੰਟੇ ਦੀ ਡਾਇਲਿਸਿਸ ਦੇ ਬਾਅਦ ਖ਼ੂਨ ਨੂੰ 90 ਫੀਸਦੀ ਸਾਫ਼ ਕਰ ਲਿਆ ਸੀ। ਫਰਵਰੀ ਵਿੱਚ ਕੀਤੇ ਗਏ ਪ੍ਰਯੋਗ ਦੇ ਨਤੀਜੇ ਹੁਣ ਜਾਰੀ ਕੀਤੇ ਗਏ ਹਨ। ਇਸ ਦੇ ਪਿੱਛੇ ਕਾਰਨ ਇਹ ਰਿਹਾ ਹੈ ਕਿ ਵਿਗਿਆਨੀ ਇਸ ਦੇ ਸਰੀਰ 'ਤੇ ਪੈਣ ਵਾਲੇ ਅਸਰ ਨੂੰ ਜਾਂਚ ਰਹੇ ਸਨ।

ਅੱਗੇ ਕੀ : ਇਸ ਖੋਜ ਦੀ ਮਦਦ ਨਾਲ ਆਉਣ ਵਾਲੇ ਭਵਿੱਖ ਵਿੱਚ ਘਾਤਕ ਕਿਸਮ ਦੀਆਂ ਬਿਮਾਰੀਆਂ ਨਾਲ ਲੜਨ ਵਿੱਚ ਮਦਦ ਮਿਲੇਗੀ। ਚੁੰਬਕੀ ਨੈਨੋਪਾਰਟ੍ਰਿਕਲਸ ਦੀ ਮਦਦ ਨਾਲ ਸੰਕਰਮਣਾਂ ਦੇ ਜ਼ਿੰਮੇਦਾਰ ਬੈਕਟੀਰਿਆ ਨੂੰ ਐਂਟੀ-ਬਾਂਡੀ ਦੀ ਮਦਦ ਨਾਲ ਵੱਖ ਕੀਤਾ ਜਾ ਸਕਦਾ ਹੈ। ਹੁਣ ਤੱਕ ਇਹ ਪ੍ਰਯੋਗ ਚੂਹਿਆਂ 'ਤੇ ਕੀਤਾ ਗਿਆ ਹੈ ਅਤੇ ਉਤਸ਼ਾਹਜਨਕ ਨਤੀਜੇ ਮਿਲਣ ਨਾਲ ਛੇਤੀ ਹੀ ਇਸਦਾ ਪ੍ਰਯੋਗ ਵਧਾਇਆ ਜਾਵੇਗਾ।

ਏ. ਪ੍ਰਿੰਟ ਕਰ ਸਕਣਗੇ। ਦੂਜਾ ਪਹਿਲੂ ਇਹ ਹੈ ਕਿ ਪੂਰੀ ਲਾਈਫ਼ ਪ੍ਰੋਗਰਾਮ ਕੀਤੀ ਜਾ ਸਕੇਗੀ ਅਤੇ ਇਸ ਤਕਨੀਕ ਦੀ ਬਦੌਲਤ ਮਾਨਵਤਾ ਆਪਣੇ ਸਾਹਮਣੇ ਆਉਣ ਵਾਲੀਆਂ ਚੁਣੌਤੀਆਂ ਸਵੀਕਾਰ ਕਰ ਪਾਏਗੀ। ਇਨਸਾਨ ਅਤੇ ਵਾਤਾਵਰਣ ਦੇ ਵਿਚਕਾਰ ਇਕ ਸੰਤੁਲਨ ਬਣਾਉਣਾ ਉਦੋਂ ਜ਼ਿਆਦਾ ਸੌਖਾ ਹੋਵੇਗਾ।

ਨਵਾਂ ਬਾਇਓਟੇਰਿਜਮ - ਸਕਿਉਰਿਟੀ ਐਕਸਪਾਰਟ ਮਾਰਕ ਗੁਡਮੈਨ ਦਾ ਕਹਿਣਾ ਹੈ ਕਿ ਸਿੰਥੈਟਿਕ ਬਾਇਓਲੋਜੀ ਤੋਂ ਇਕ ਨਵੇਂ ਤਰ੍ਹਾਂ ਦਾ ਬਾਇਓਟੇਰਿਜਮ ਦੇਖਣ ਨੂੰ ਮਿਲੇਗਾ। ਸਾਨੂੰ ਅਜਿਹੇ ਵਾਇਰਸ ਅਤੇ ਬੈਕਟੀਰੀਆ ਦਾ ਖ਼ਤਰਾ ਸਭ ਤੋਂ ਜ਼ਿਆਦਾ ਹੋਵੇਗਾ ਜੋ ਸਾਡੇ ਸਰੀਰ ਦੇ ਅੰਦਰ ਜਾ ਕੇ ਆਪਣੇ ਕੈਮੀਕਲ ਨਾਲ ਸਾਡੇ ਦਿਮਾਗ ਨੂੰ ਆਪਣੇ ਹਿਸਾਬ ਨਾਲ ਚਲਾਉਣ ਲੱਗਣਗੇ। ਇਸ ਲਈ ਬਹੁਤ ਜ਼ਰੂਰੀ ਹੈ ਕਿ ਅਸੀਂ ਇਸ ਤਰ੍ਹਾਂ ਦੀਆਂ ਹਰਕਤਾਂ ਦਾ ਜਵਾਬ ਵੀ ਖੋਜਣ ਦੀ ਕੋਸ਼ਿਸ਼ ਕਰੀਏ।

ਸਾਵਧਾਨੀ ਜ਼ਰੂਰੀ - ਔਕਸਫਰਡ ਯੂਨੀਵਰਸਿਟੀ ਦੇ ਪ੍ਰੋਫੈਸਰ ਜੂਲੀਅਨ ਸਾਵੂਲੇਸਕੂ ਦਾ ਕਹਿਣਾ ਹੈ ਕਿ ਸਿੰਥੈਟਿਕ ਬਾਇਓਲੋਜੀ ਦਾ ਦੋਵੇਂ ਤਰ੍ਹਾਂ ਨਾਲ ਇਸਤੇਮਾਲ ਹੋ ਸਕਦਾ ਹੈ। ਸਾਡੇ ਸਾਹਮਣੇ ਇਹ ਹੈ ਕਿ ਇਸ ਦੀਆਂ ਬੁਰਾਈਆਂ ਤੋਂ ਬਚਦੇ ਹੋਏ ਇਸ ਦੀਆਂ ਚੰਗਿਆਈਆਂ ਦਾ ਪੂਰਾ ਇਸਤੇਮਾਲ ਕਰੀਏ। ਇਸਦੀ ਮਦਦ ਨਾਲ ਅਸੀਂ ਇਨਸਾਨੀ ਜੀਨੋਮ ਬਣਾ ਸਕਦੇ ਹਾਂ। ਇਨ੍ਹਾਂ ਦੀ ਬਦੌਲਤ ਅਸੀਂ ਅਸਾਨੀ ਨਾਲ ਇਨਸਾਨੀ ਅੰਗਾਂ ਨੂੰ ਕਲੋਨ ਕਰ ਸਕਾਂਗੇ ਅਤੇ ਤਮਾਮ ਬੀਮਾਰੀਆਂ 'ਤੇ ਲਗਾਮ ਲਗਾ ਸਕਾਂਗੇ।

## ਦਿਮਾਗ ਨੂੰ ਹੌਲੀ ਕਰ ਦਿੰਦਾ ਹੈ ਫਾਸਟ ਫੂਡ!

ਲੰਡਨ - ਫਾਸਟ ਫੂਡ ਮੋਟਾਪਾ ਵਧਾਉਂਦੇ ਹਨ ਇਹ ਗੱਲ ਤਾਂ ਸਾਰੇ ਜਾਣਦੇ ਹੀ ਹਨ। ਹੁਣ ਇਕ ਨਵੀਂ ਖੋਜ ਦਾ ਕਹਿਣਾ ਹੈ ਕਿ ਫਾਸਟ ਫੂਡ ਦਿਮਾਗ ਦੇ ਲਈ ਚੰਗੇ ਨਹੀਂ ਹਨ। ਖੋਜਕਾਰੀਆਂ ਦੇ ਮੁਤਾਬਕ ਫਾਸਟ ਫੂਡ ਦਿਮਾਗ ਨੂੰ ਨੁਕਸਾਨ ਪਹੁੰਚਾਉਂਦੇ ਹਨ। ਤਲੇ ਹੋਏ ਖਾਣੇ ਵਿੱਚ ਪਾਏ ਜਾਣ ਵਾਲੇ ਕੈਮੀਕਲਜ਼ ਦਿਮਾਗ ਵਿੱਚ ਗੜਬੜੀ ਪੈਦਾ ਕਰ ਦਿੰਦੇ ਹਨ। ਇਸ ਨਾਲ ਵਿਅਕਤੀ ਦਾ ਭੁੱਖ ਤੇ ਕੰਟਰੋਲ ਨਹੀਂ ਰਹਿੰਦਾ।

ਫਾਸਟ ਫੂਡ ਖਾਣ ਨਾਲ ਦਿਮਾਗ ਵਿੱਚ ਹਲਚਲ ਪੈਦਾ ਹੋਣ ਲੱਗਦੀ ਹੈ। ਔਰੇਗਨ ਹੈਲਥ ਅਤੇ ਸਾਇੰਸ ਯੂਨੀਵਰਸਿਟੀ ਦੀ ਇਕ ਰੀਸਰਚ ਟੀਮ ਦਾ ਕਹਿਣਾ ਹੈ ਕਿ ਜੰਕ ਫੂਡ ਖਾਣ ਤੋਂ ਬਾਅਦ ਵਿਅਕਤੀ ਦਾ ਦਿਮਾਗ ਇਹ ਦੱਸਣ ਵਿੱਚ ਅਸਮਰਥ ਹੁੰਦਾ ਹੈ ਕਿ ਉਸਨੇ ਕੀ ਖਾਧਾ ਅਤੇ ਨਤੀਜਾ ਇਹ ਨਿਕਲਦਾ ਹੈ ਕਿ ਵਿਅਕਤੀ ਖਾਂਦਾ ਹੀ ਰਹਿੰਦਾ ਹੈ। 'ਡੇਲੀ ਮੇਲ' ਦੇ ਮੁਤਾਬਕ, ਰਿਸਰਚ ਟੀਮ ਦੇ ਡਾ. ਜੀਨ ਬਾਉਮੈਨ ਦਾ ਕਹਿਣਾ ਹੈ ਕਿ ਇਹ ਗੱਲ ਸਾਬਤ ਹੋ ਚੁੱਕੀ ਹੈ ਕਿ ਜੰਕ ਫੂਡ ਅਤੇ ਟਰਾਂਸ ਫੈਟ ਤੁਹਾਡੇ ਦਿਲ ਅਤੇ ਦਿਮਾਗ ਦੋਵਾਂ ਦੇ ਲਈ ਨੁਕਸਾਨਦੇਹ ਹਨ। ਖੋਜਕਾਰੀਆਂ ਦਾ ਕਹਿਣਾ ਹੈ ਕਿ ਜੰਕ ਫੂਡ ਦੇ ਕਾਰਨ ਕਈ ਪ੍ਰੇਸ਼ਾਨੀਆਂ ਸਾਡੇ ਸਾਹਮਣੇ ਆ ਰਹੀਆਂ ਹਨ। ਇਸ ਤੋਂ ਦਿਲ ਨਾਲ ਜੁੜੀਆਂ ਸਮੱਸਿਆਵਾਂ, ਹਾਈ ਕੈਲਸਟਰੋਲ, ਮੋਟਾਪਾ ਅਤੇ ਡਾਇਆਬੀਟੀਜ਼ ਆਦਿ ਹਨ। ਇਸ ਨੂੰ ਹਜਮ ਕਰਨਾ ਸਰੀਰ ਲਈ ਬਹੁਤ ਮੁਸ਼ਕਿਲ ਹੁੰਦਾ ਹੈ। ਨਿਊਯਾਰਕ ਅਤੇ ਸਵਿਟਜ਼ਰਲੈਂਡ ਦੇ ਕਈ ਰੈਸਟੋਰੈਂਟ ਵਿੱਚ ਉਹਨਾਂ ਚੀਜ਼ਾਂ ਨੂੰ ਬਣਾਉਣ 'ਤੇ ਰੋਕ ਲਗਾ ਦਿੱਤੀ ਗਈ ਹੈ। ਜਿੰਨ੍ਹਾਂ ਵਿੱਚ ਟਰਾਂਸ ਫੈਟ ਦੀ ਮਾਤਰਾ ਜ਼ਿਆਦਾ ਹੁੰਦੀ ਹੈ।

## ਸਿਹਤ ਦੇ ਲਈ ਖ਼ਰਾਬ ਹਨ ਜੰਕ ਫੂਡ

- ਜੰਕ ਫੂਡ ਵਿੱਚ ਨਿਊਟ੍ਰੇਸ਼ਨਲ ਦੀ ਮਹੱਤਤਾ ਬਹੁਤ ਘੱਟ ਹੋ ਸਕਦੀ ਹੈ। ਇਹ ਮੋਟਾਪਾ, ਬੀ. ਪੀ. ਦਿਲ ਦੀਆਂ ਬਿਮਾਰੀਆਂ ਵਰਗੀਆਂ ਸਮੱਸਿਆਵਾਂ ਦਾ ਕਾਰਨ ਬਣਦੇ ਹਨ। ਇਸ ਲਈ ਇਹਨਾਂ ਨੂੰ ਹਰ ਰੋਜ਼ ਦੇ ਭੋਜਨ ਵਿੱਚ ਸ਼ਾਮਲ ਨਹੀਂ ਕਰਨਾ ਚਾਹੀਦਾ।

- ਜੰਕ ਫੂਡ ਵਿੱਚ ਸ਼ਾਮਲ ਸ਼ੂਗਰ ਅਤੇ ਦੂਜੀਆਂ ਚੀਜ਼ਾਂ ਮੋਟਾਪਾ ਵਧਾਉਂਦੀਆਂ ਹਨ। ਜੰਕ ਫੂਡ ਨਾਲ ਨਾ ਸਿਰਫ਼ ਔਬੇਸਿਟੀ, ਦਿਲ ਦੇ ਦੌਰੇ ਵਰਗੀਆਂ ਬਿਮਾਰੀਆਂ ਦਾ ਖ਼ਤਰਾ ਵੀ ਹੋ ਸਕਦਾ ਹੈ। ਇਸ ਵਿੱਚ ਸ਼ੂਗਰ ਦੀ ਮਾਤਰਾ ਬਹੁਤ ਜ਼ਿਆਦਾ ਹੁੰਦੀ ਹੈ। ਜਿਵੇਂ - ਚਾਕਲੇਟ, ਕੇਕ, ਬਿਸਕੁਟ ਆਦਿ।

- ਇਸ ਵਿੱਚ ਮਿਨਰਲਸ ਅਤੇ ਵਿਟਾਮਿਨ ਘੱਟ ਹੁੰਦੇ ਹਨ ਅਤੇ ਇਹਨਾਂ ਵਿੱਚ ਕੈਲੋਰੀ ਦੀ ਮਾਤਰਾ ਜ਼ਿਆਦਾ ਹੁੰਦੀ ਹੈ। ਇਸ ਵਿੱਚ ਆਕਿਸ-ਕੈਲਸਟ੍ਰਾਲ ਵੀ ਬਹੁਤ ਜ਼ਿਆਦਾ ਹੁੰਦਾ ਹੈ। ਇਹ ਕਸਟਰੋਲ ਦੇ ਉਹਨਾਂ ਕਾਰਨਾਂ ਵਿੱਚੋਂ ਇੱਕ ਹੈ ਜਿਸ ਨਾਲ ਹਰਟ ਅਟੈਕ (ਦਿਲ ਦਾ ਦੌਰਾ) ਹੋਣ ਦਾ ਖ਼ਤਰਾ ਜ਼ਿਆਦਾ ਹੁੰਦਾ ਹੈ।

- ਆਪਣਾ ਸਰੀਰ ਜੋ ਸ਼ੂਗਰ ਦੀ ਮਾਤਰਾ ਜੰਕ ਫੂਡ 'ਚ ਜ਼ਿਆਦਾ ਹੋਣ ਕਾਰਨ ਇਸਦੀ ਵਰਤੋਂ ਨਹੀਂ ਕਰ ਪਾਉਂਦਾ ਤਾਂ ਇਹ ਫੈਟ ਵਿੱਚ ਬਦਲ ਜਾਂਦੀ ਹੈ। ਇਕ ਕਾਰਨ ਇਹ ਵੀ ਹੈ ਕਿ ਜੰਕ ਫੂਡ ਖਾਣ ਵਾਲੇ ਲੋਕਾਂ ਦਾ ਭਾਰ ਜ਼ਿਆਦਾ ਹੁੰਦਾ ਹੈ। ਇਸ ਭੋਜਨ ਵਿੱਚ ਬਣਾਵਟੀ ਫਲੇਵਰਸ ਵੀ ਹੁੰਦੇ ਹਨ ਜਿਸ ਨਾਲ ਇਸ ਵਿੱਚ ਮਿੱਠੇ ਦੀ ਮਾਤਰਾ ਦੁੱਗਣੀ ਹੋ ਜਾਂਦੀ ਹੈ। ਇਸ ਕਾਰਨ ਇਸ ਦਾ ਪ੍ਰਯੋਗ ਸਿਹਤ ਲਈ ਨੁਕਸਾਨਦੇਹ ਹੁੰਦਾ ਹੈ।

- ਇਸ ਵਿੱਚ ਸ਼ਾਮਲ ਲੂਣ ਦੀ ਬਹੁਤਾਤ ਸਰੀਰ ਵਿੱਚ ਸੋਡੀਅਮ ਦੀ ਮਾਤਰਾ ਵਧਾਅ ਦਿੰਦੀ ਹੈ। ਚਿਪਸ ਅਤੇ ਰਫਲਸ ਵਿੱਚ ਲੂਣ ਦੀ ਮਾਤਰਾ ਵੱਧ ਹੁੰਦੀ ਹੈ। ਸੋਡੀਅਮ ਹਾਈ ਹੋਣ ਦੇ ਕਾਰਨ



ਬਲਡ ਪ੍ਰੈਸ਼ਰ ਹਾਈ ਹੋ ਜਾਂਦਾ ਹੈ।

- ਜੰਕ ਫੂਡ ਖਾਣ ਦੇ ਬਾਅਦ ਭੁੱਖ ਖ਼ਤਮ ਨਹੀਂ ਹੁੰਦੀ ਅਤੇ ਦਿਮਾਗ ਜ਼ਿਆਦਾ ਭੋਜਨ ਦੀ ਮੰਗ ਕਰਦਾ ਹੈ।

## ਪਲੇਟ ਰੋਕੇਗੀ ਜ਼ਿਆਦਾ ਖਾਣ ਤੋਂ

ਹਮੇਸ਼ਾ ਜ਼ਿਆਦਾ ਖਾਣ ਨੂੰ ਹੀ ਮੋਟਾਪੇ ਦਾ ਕਾਰਨ ਮੰਨਿਆ ਜਾਂਦਾ ਹੈ। ਮੋਟਾਪੇ ਨਾਲ ਲੜਾਈ ਵਿੱਚ ਡਾਕਟਰਾਂ ਨੂੰ ਇੱਕ ਹੋਰ ਹਥਿਆਰ ਮਿਲ ਗਿਆ ਹੈ। ਮੇਂਡੋਮੀਟਰ ਨਾਂ ਦਾ ਇਕ ਯੰਤਰ ਪਲੇਟ ਵਿੱਚ ਰੱਖੀ ਸਮੱਗਰੀ ਨੂੰ ਖਾਣ ਦੀ ਗਤੀ 'ਤੇ ਨਜ਼ਰ ਰੱਖਣ ਦੇ ਨਾਲ-ਨਾਲ ਵਿਅਕਤੀ ਨੂੰ ਚੇਤਾਵਨੀ ਦੇਵੇਗਾ।

ਕੀ ਹੈ ਯੰਤਰ - ਇੱਕ ਭਾਰ ਮਾਪਣ ਵਾਲਾ ਹਿੱਸਾ ਹੈ,



ਜਿਸਦੇ 'ਤੇ ਪਲੇਟ ਰੱਖੀ ਜਾਂਦੀ ਹੈ। ਦੂਜਾ, ਇੱਕ ਛੋਟਾ ਕੰਪਿਊਟਰ ਸਕਰੀਨ ਹੈ। ਇਸ ਦੀ ਸਕਰੀਨ ਤੇ ਖਾਦ-ਸਮੱਗਰੀ ਦੇ ਉਪਯੋਗ ਨਾਲ ਜੁੜੀ ਚੇਤਾਵਨੀ ਦਿਖਾਈ ਦਿੰਦੀ ਹੈ।

ਕਿਵੇਂ ਕਰਦਾ ਹੈ ਕੰਮ - ਜੇਕਰ ਭੋਜਨ ਨੂੰ ਛੇਤੀ-ਛੇਤੀ ਖਾਧਾ ਜਾਵੇ ਤਾਂ ਸਕਰੀਨ 'ਤੇ ਲਾਲ ਲਾਇਨ ਆ ਜਾਂਦੀ ਹੈ ਅਤੇ ਨਾਲ ਹੀ ਹੌਲੀ ਖਾਣ ਦੀ ਚੇਤਾਵਨੀ ਦਿੰਦੀ ਹੈ। ਜੇਕਰ ਇਸ 'ਤੇ ਧਿਆਨ ਨਹੀਂ ਦਿੱਤਾ ਜਾਂਦਾ, ਤਾਂ ਸਕਰੀਨ ਤੋਂ ਆਵਾਜ਼ ਨਿਕਲਦੀ ਹੈ। ਇਸਦੇ ਨਾਲ ਇਹ ਵੀ ਪੁੱਛਿਆ ਜਾਂਦਾ ਹੈ ਕਿ ਪੇਟ ਭਰਿਆ ਹੈ ਜਾਂ ਨਹੀਂ।

ਲਾਭ ਕੀ ਹੈ - ਇਸ ਯੰਤਰ ਨੂੰ ਲੈ ਕੇ ਮੋਟਾਪੇ ਨਾਲ ਪੀੜਤ 600 ਪਰਿਵਾਰਾਂ 'ਤੇ ਪ੍ਰਯੋਗ ਕੀਤਾ ਗਿਆ। ਪੂਰੇ ਸਾਲ ਤੱਕ ਉਹਨਾਂ ਨੂੰ ਇਸ ਯੰਤਰ ਦੇ ਆਧਾਰ 'ਤੇ ਖਾਣ ਲਈ ਕਿਹਾ ਗਿਆ। ਜਾਂਚ ਵਿੱਚ ਪਾਇਆ ਗਿਆ ਕਿ ਇਸਦੇ ਕਾਰਨ ਭੋਜਨ ਦੀ ਮਾਤਰਾ ਵਿੱਚ 12 ਤੋਂ 15 ਫੀਸਦੀ ਦੀ ਘਾਟ ਪਾਈ ਗਈ। ਇਹੀ ਨਹੀਂ, ਮੇਂਡੋਮੀਟਰ ਨੂੰ ਹਟਾਉਣ ਤੋਂ ਬਾਅਦ ਵੀ ਸੰਬੰਧਿਤ ਵਿਅਕਤੀ ਘੱਟ ਹੀ ਖਾਂਦਾ ਰਿਹਾ। ਭਾਵ ਇਸ ਨਾਲ ਮੋਟਾਪੇ ਨੂੰ ਰੋਕਣ ਵਿੱਚ ਮਦਦ ਮਿਲੀ ਹੈ।

ਕੀਮਤ : ਲਗਭਗ 1, 22, 394 ਰੁਪਏ।

ਕੀ ਹੈ ਪ੍ਰਯੋਗ ਵਿੱਚ : ਫਿਲਹਾਲ ਇਸ ਯੰਤਰ ਨੂੰ ਬ੍ਰਿਟੇਨ ਵਿੱਚ ਮੋਟਾਪੇ ਤੋਂ ਜ਼ਿਆਦਾ ਪ੍ਰੇਸ਼ਾਨ ਲੋਕਾਂ ਨੂੰ ਉਪਲੱਬਧ ਕਰਵਾਇਆ ਗਿਆ ਹੈ।

## ਚੰਗੀ ਯਾਦਦਾਸ਼ਤ ਦੇ ਲਈ ਘੱਟ ਖਾਓ

ਘੱਟ ਖਾਣ ਨਾਲ ਗੱਲਾਂ ਨੂੰ ਯਾਦ ਰੱਖਣ ਦੀ ਸ਼ਕਤੀ ਵੱਧਦੀ ਹੈ। ਅਜਿਹਾ ਨਹੀਂ ਹੈ ਕਿ ਰਾਤ ਦੇ ਭੋਜਨ ਤੋਂ ਬਾਅਦ ਮਿੱਠੇ ਦੀ ਥਾਂ ਇੱਕ ਕੱਪ ਕੌਫੀ ਨਾ ਸਿਰਫ਼ ਦਿਮਾਗ ਬਲਕਿ ਤੁਹਾਡੇ ਭਾਰ ਦੇ ਲਈ ਵੀ ਚੰਗੀ ਰਹੇਗੀ। ਇਹ ਨਿਰੀਖਣ ਇਟਲੀ ਵਿੱਚ ਕੀਤੀ ਗਈ ਇੱਕ ਸਟੱਡੀ ਦੇ ਹਨ, ਜਿਵੇਂ ਰੋਮ ਸਥਿਤ ਕੈਥੋਲਿਕ ਯੂਨੀਵਰਸਿਟੀ ਦੀ ਡਾ. ਜਿਓਵੈਮਬਤਿਸਤਾ ਨੇ ਨਿਰੀਖਣ ਕੀਤਾ ਹੈ। ਇਹ ਸਟੱਡੀ ਯਾਦਦਾਸ਼ਤ ਅਤੇ ਖਾਣ-ਪਾਣ ਦੇ ਵਿਸ਼ੇ 'ਤੇ ਕੀਤੀ ਗਈ।

ਪ੍ਰੋਟੀਨ ਦਾ ਹੈ ਕਮਾਲ-ਸਟੱਡੀ ਵਿੱਚ ਬਤਿਸਤਾ ਨੇ ਸੀਆਰਈਬੀ 1 ਨਾਮ ਦੇ ਪ੍ਰੋਟੀਨ 'ਤੇ ਧਿਆਨ ਕੇਂਦ੍ਰਿਤ ਕੀਤਾ। ਇਹ ਸਿਖਣ ਵਾਲੇ ਅਤੇ ਸਿੱਖੇ ਹੋਏ ਨੂੰ ਯਾਦ ਰੱਖਣ ਦੇ ਕੰਮ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਸਟੱਡੀ ਵਿੱਚ ਉਹਨਾਂ ਦੇਖਿਆ ਕਿ ਜੇਕਰ ਕੈਲੋਰੀ ਦੀ ਮਾਤਰਾ ਘੱਟ ਰੱਖੀ ਜਾਵੇ ਤਾਂ ਯਾਦਦਾਸ਼ਤ ਵਿੱਚ ਸੁਧਾਰ ਆਉਂਦਾ ਹੈ। ਇਸਦਾ ਕਾਰਨ ਇਹ ਹੈ ਕਿ ਅਜਿਹੀ ਸਥਿਤੀ ਵਿੱਚ ਇਸ ਪ੍ਰੋਟੀਨ ਦਾ ਪ੍ਰਯੋਗ ਜ਼ਿਆਦਾ ਹੁੰਦਾ ਹੈ, ਜਿਸ ਨਾਲ ਯਾਦਦਾਸ਼ਤ ਮਜ਼ਬੂਤ ਹੁੰਦੀ ਹੈ। ਇਹ ਪਹਿਲੀ ਸਟੱਡੀ ਹੈ ਜਿਸ ਵਿੱਚ ਖਾਣ-ਪਾਣ ਦੀ ਆਦਤ ਨੂੰ ਸਿੱਧਾ ਯਾਦਦਾਸ਼ਤ ਨਾਲ ਜੋੜਿਆ ਗਿਆ ਹੈ।



ਕੌਫੀ ਦੀ ਭੂਮਿਕਾ - ਡਿਨਰ ਦੇ ਬਾਅਦ ਇੱਕ ਕੱਪ ਕੌਫੀ ਜਾਂ ਚਾਹ ਦੀ ਸਲਾਹ ਦੇਣ ਦੇ ਪਿੱਛੇ ਬਤਿਸਤਾ ਵਿਗਿਆਨਿਕ ਕਾਰਨ ਦੱਸਦੀ ਹੈ। ਉਹਨਾਂ ਦੇ ਅਨੁਸਾਰ ਕੌਫੀ ਨਾਲ ਵੀ ਮਾਸ-ਪੇਸੀਆਂ ਵਿੱਚ ਸੀਆਰਈਬੀ 1 ਪ੍ਰੋਟੀਨ ਦਾ ਵਹਾਅ ਤੇਜ ਹੁੰਦਾ ਹੈ।

ਅੱਗੇ ਕੀ - ਇਸ ਪ੍ਰੋਟੀਨ ਦੀ ਯਾਦਦਾਸ਼ਤ ਵਿੱਚ ਮੁੱਖ ਭੂਮਿਕਾ ਦੇਖਦੇ ਹੋਏ ਹੁਣ ਬੀਮਾਰੀਆਂ ਦੇ ਉਪਚਾਰ ਵਿੱਚ ਨਵੀਂ ਦਿਸ਼ਾ ਮਿਲ ਸਕੇਗੀ। ਨਾਲ ਹੀ ਲੋਕਾਂ ਦੇ ਲਈ ਅਜਿਹੀਆਂ ਦਵਾਈਆਂ ਬਣਾਈਆਂ ਜਾ ਸਕਣਗੀਆਂ, ਜੋ ਦਿਮਾਗ ਨੂੰ ਜਵਾਨ ਬਣਾਈ ਰੱਖਣ ਦੇ ਨਾਲ-ਨਾਲ ਯਾਦਦਾਸ਼ਤ ਨੂੰ ਚੰਗੀ ਬਣਾ ਕੇ ਰੱਖ ਸਕਣ।

## ਟੀਕੇ ਤੋਂ ਬਚਣ ਲਈ ਖਸਰਾ ਪਾਰਟੀ

ਅੱਜ ਜਿੱਥੇ ਹਰ ਬੀਮਾਰੀ ਲਈ ਟੀਕੇ ਉਪਲਬਧ ਹਨ। ਉਥੇ ਵੱਡੀ ਸੰਖਿਆ 'ਚ ਅਜਿਹੇ ਲੋਕ ਵੀ ਹਨ ਜੋ ਇਨ੍ਹਾਂ ਟੀਕਿਆਂ ਦਾ ਪੁਰਜੋਰ ਵਿਰੋਧ ਕਰਦੇ ਹਨ ਅਤੇ ਆਪਣੇ ਬੱਚਿਆਂ ਨੂੰ ਟੀਕੇ ਲਗਵਾਉਣ ਦੀ ਬਜਾਏ ਬੀਮਾਰੀ ਹੋਣ ਦਿੰਦੇ ਹਨ ਅਤੇ ਹੋਰ ਤੋਂ ਹੋਰ ਨੂੰ ਬੀਮਾਰੀ ਹੋ ਜਾਵੇ ਇਸਦੇ ਲਈ ਪਾਰਟੀ ਵੀ ਕਰਦੇ ਹਨ।



ਜਰਮਨੀ 'ਚ ਵੀ ਅਜਿਹੇ ਲੋਕਾਂ ਦੀ ਕੋਈ ਕਮੀ ਨਹੀਂ ਹੈ ਜੋ ਸਰੀਰ ਦੀ ਪ੍ਰਤੀਰੋਧਕ ਸਮਤਾ ਨੂੰ ਵਧਾਉਣ ਅਤੇ ਟੀਕੇ ਤੋਂ ਬਚਣ ਲਈ ਬੀਮਾਰ ਹੋਣਾ ਜ਼ਿਆਦਾ ਵਧੀਆ ਸਮਝਦੇ ਹਨ, ਇੰਨਾ ਹੀ ਨਹੀਂ ਉਹ ਜਾਣ ਬੁੱਝਕੇ ਆਪਣੇ ਬੱਚਿਆਂ ਨੂੰ ਬੀਮਾਰੀਆਂ ਨਾਲ ਜੋੜਦੇ ਹਨ। ਖਸਰਾ ਅਤੇ ਮੌਸਮੀ ਬੁਖਾਰ ਆਮ ਤੌਰ 'ਤੇ ਗੱਲਬਾਤ, ਖਾਂਸੀ ਜਾਂ ਛਿੱਕਣ ਦੇ ਜਰੀਏ ਫੈਲਦੇ ਹਨ। ਖਸਰਾ ਜਾਂ ਛੋਟੀ ਮਾਤਾ ਦੀ ਸ਼ੁਰੂਆਤ ਖਾਂਸੀ ਜਾਂ ਛਿੱਕਣ ਤੋਂ ਹੁੰਦੀ ਹੈ ਪਰ ਇਸਦੇ ਲੱਛਣ 10-14 ਦਿਨਾਂ 'ਚ ਸਾਹਮਣੇ ਆਉਂਦੇ ਹਨ। ਸ਼ੁਰੂਆਤੀ ਪ੍ਰਭਾਵ ਹਲਕਾ ਹੁੰਦਾ ਹੈ। ਫਿਰ ਸਰੀਰ 'ਤੇ ਭੂਰੇ ਧੱਬੇ ਦਿਖਾਈ ਦੇਣ ਲੱਗਦੇ ਹਨ ਅਤੇ ਮੂੰਹ ਤੇ ਚਿੱਟੇ।

ਟੀਕਾਕਰਣ ਦਾ ਵਿਰੋਧ ਕਰਨ ਵਾਲੇ ਲੋਕ ਆਪਣੇ ਬੱਚਿਆਂ ਨੂੰ ਮੀਜਲ ਪਾਰਟੀ ਯਾਨੀ ਖਸਰਾ ਪਾਰਟੀਆਂ 'ਚ ਲੈ ਜਾਂਦੇ ਹਨ। ਜਿੱਥੇ ਕੁੱਝ ਬੱਚੇ ਬੀਮਾਰ ਹੁੰਦੇ ਹਨ ਅਤੇ ਕੁੱਝ ਠੀਕ। ਨਾਲ ਖੇਡਣ ਕੁੱਦਣ ਕਾਰਣ ਸਾਰੇ ਬੱਚੇ ਸੰਕ੍ਰਮਿਤ ਹੋ ਜਾਂਦੇ ਹਨ। ਟੀਕੇ ਦਾ ਵਿਰੋਧ ਕਰਨ ਵਾਲੇ ਮਾਤਾ ਪਿਤਾ ਦਾ ਮੰਨਣਾ ਹੁੰਦਾ ਹੈ ਕਿ ਇਸ ਤਰ੍ਹਾਂ ਬੱਚਿਆਂ 'ਚ ਪ੍ਰਕ੍ਰਿਤਕ ਤੌਰ 'ਤੇ ਜੀਵਨ ਭਰ ਲਈ ਪ੍ਰਤੀਰੋਧਕ ਸਮਤਾ ਵਿਕਸਤ ਹੋ ਜਾਂਦੀ ਹੈ ਜੋ ਟੀਕੇ ਤੋਂ ਵਧੀਆ ਹੈ।

ਟੀਕੇ ਦਾ ਵਿਰੋਧ ਕਰਨ ਵਾਲੇ ਲੋਕਾਂ ਦਾ ਮੰਨਣਾ ਹੈ ਕਿ ਖਸਰਾ ਬੱਚਿਆਂ ਦੀ ਅਜਿਹੀ ਬੀਮਾਰੀ ਹੈ ਜਿਸ ਨਾਲ ਕੋਈ ਨੁਕਸਾਨ ਨਹੀਂ ਹੁੰਦਾ ਹੈ। ਜਦੋਂਕਿ ਚਿਕਿਤਸਕਾ ਦਾ ਮੰਨਣਾ ਇਸਦੇ ਬਿਲਕੁਲ ਉਲਟ ਹੈ। ਉਨ੍ਹਾਂ ਦਾ ਮੰਨਣਾ ਹੈ ਕਿ ਖਸਰੇ ਦਾ ਸੰਕ੍ਰਮਣ ਨਿਸਚਿਤ ਹੀ ਟੀਕੇ ਤੋਂ ਜ਼ਿਆਦਾ ਖ਼ਤਰਨਾਕ ਹੈ। ਕਈ ਦੇਸ਼ਾਂ 'ਚ ਇਸ ਤਰ੍ਹਾਂ ਦੀਆਂ ਖਸਰਾ ਪਾਰਟੀਆਂ ਤੇ ਪਾਬੰਦੀ ਹੈ ਅਤੇ ਅਜਿਹੀਆਂ ਪਾਰਟੀਆਂ ਦਾ ਆਯੋਜਨ ਕਰਨ ਵਾਲਿਆਂ ਨੂੰ ਸਰੀਰਕ ਨੁਕਸਾਨ ਪਹੁੰਚਾਉਣ ਦੇ ਜ਼ੁਰਮ 'ਚ ਸਜ਼ਾ ਦਿੱਤੀ ਜਾ ਸਕਦੀ ਹੈ।

ਜਰਮਨੀ 'ਚ ਬਾਲ ਰੋਗ ਮਾਹਰ ਦਾ ਕਹਿਣਾ ਹੈ, "ਮੈਨੂੰ ਸਮਝ ਹੀ ਨਹੀਂ ਆਉਂਦਾ ਕਿ ਮਾਵਾਂ ਕਿਵੇਂ ਸੋਚ ਸਕਦੀਆਂ ਹਨ ਕਿ ਉਨ੍ਹਾਂ ਦੇ ਬੱਚਿਆਂ ਨੂੰ ਖਸਰਾ ਹੋ ਜਾਵੇ। ਖਸਰਾ ਇਕ ਗੰਭੀਰ ਬੀਮਾਰੀ ਹੈ ਜੋ ਠੀਕ ਨਾ ਕੀਤੇ ਜਾ ਸਕਣ ਵਾਲਾ ਨੁਕਸਾਨ ਕਰ ਸਕਦੀ ਹੈ ਅਤੇ ਕਦੇ ਕਦੇ ਜਾਨਲੇਵਾ ਵੀ ਹੋ ਸਕਦੀ ਹੈ।

ਇਸਦੇ ਕਾਰਨ ਹੋਣ ਵਾਲੇ ਸਭ ਤੋਂ ਗੰਭੀਰ ਵਿਸ਼ਾਣੂਆਂ 'ਚ ਕੰਨ ਅਤੇ ਫੇਫੜੇ ਦੇ ਵਿਸ਼ਾਣੂ ਹਨ ਅਤੇ ਸਭ ਤੋਂ ਜ਼ਿਆਦਾ ਖ਼ਤਰਾ ਸੰਕ੍ਰਮਣ ਤੋਂ ਬਾਅਦ ਅਨਸਿਫੇਲਾਈਟਸ ਦਾ ਹੁੰਦਾ ਹੈ। ਇਸਦਾ ਲੱਛਣ ਚਾਰ ਪੰਜ ਦਿਨ ਹੋਣ ਵਾਲਾ ਗੰਭੀਰ ਸਿਰਦਰਦ ਹੁੰਦਾ ਹੈ। ਇਹ ਕੁੱਝ ਮਾਮਲਿਆਂ 'ਚ ਜਾਨਲੇਵਾ ਵੀ ਹੋ ਸਕਦਾ ਹੈ। ਡਾਕਟਰਾਂ ਦਾ ਕਹਿਣਾ ਹੈ ਕਿ ਖਸਰੇ ਦੇ ਲਈ ਟੀਕਾ ਬਹੁਤ ਜ਼ਰੂਰੀ ਹੈ। ਟੀਕੇ ਦੇ ਮਾਮਲੇ 'ਚ ਪੂਰੇ ਯੂਰਪ 'ਚ ਸੋਚਣ ਦਾ ਤਰੀਕਾ ਬਿਲਕੁਲ ਅਲੱਗ ਹੈ। ਫਿਨਲੈਂਡ, ਸਵੀਡਨ, ਨੀਦਰਲੈਂਡ 'ਚ ਜਿੱਥੇ ਟੀਕੇ ਲਗਵਾਉਣ ਦੀ ਦਰ ਬਹੁਤ ਜ਼ਿਆਦਾ ਹੈ ਉਥੇ ਮੌਤ ਦਰ ਘੱਟ ਹੈ। ਜਰਮਨੀ, ਫਰਾਂਸ, ਇਟਲੀ, ਆਸਟਰੇਲੀਆ, ਸਵਿਟਰਜਲੈਂਡ 'ਚ ਲੋਕ ਘੱਟ ਟੀਕੇ ਲਗਵਾਉਂਦੇ ਹਨ ਅਤੇ ਇਸ ਲਈ ਮੌਤ ਦਰ ਵੀ ਤੁਲਨਾਤਮਕ ਤੌਰ 'ਤੇ ਜ਼ਿਆਦਾ ਹੈ।

***

**ਸੂ ਚ ਨਾ**

*ਸਾਲ 2003, 2004, 2005, 2006, 2007, 2008, 2009, 2010 ਅਤੇ 2011 ਦੀਆਂ ਮੈਗਜ਼ੀਨ 'ਵਿਗਿਆਨ ਜੋਤ' ਦੀਆਂ ਫਾਈਲਾਂ ਸਾਡੇ ਕੋਲ ਉਪਲਬਧ ਹਨ। ਵਧੀਆ ਜਿਲਦ ਦੇ ਵਿੱਚ ਛੇ-ਛੇ ਮੈਗਜ਼ੀਨਾਂ ਦੀ ਇੱਕ ਫਾਈਲ ਸਿਰਫ 80 ਰੁਪਏ ਅਤੇ ਦੋ ਸਾਲ ਦੀਆਂ ਫਾਈਲਾਂ 155 ਰੁਪਏ ਵਿੱਚ ਤਿੰਨ ਸਾਲਾਂ ਦੀਆਂ ਫਾਈਲਾਂ 225 ਰੁਪਏ ਅਤੇ ਚਾਰ ਸਾਲ ਦੀਆਂ ਫਾਈਲਾਂ 295 ਰੁਪਏ ਵਿਚ, ਪੰਜ ਸਾਲ ਦੀਆਂ ਫਾਈਲਾਂ 365 ਰੁਪਏ ਅਤੇ ਛੇ ਸਾਲਾਂ ਦੀਆਂ ਫਾਈਲਾਂ ਤੁਹਾਨੂੰ 435 ਰੁਪੈ ਵਿੱਚ ਪ੍ਰਾਪਤ ਹੋ ਸਕਦੀਆਂ ਹਨ। ਤੁਸੀਂ ਇਹ ਫਾਈਲਾਂ ਵੀ.ਪੀ.ਪੀ. ਰਾਹੀਂ ਵੀ ਫ਼ੋਨ ਨੰਬਰ 01679-241744 'ਤੇ ਫ਼ੋਨ ਕਰਕੇ ਮੰਗਵਾ ਸਕਦੇ ਹੋ।*

# ਮੱਛੀ ਖਾਉ, ਮਸਤ ਰਹੋ, ਤੰਦਰੁਸਤ ਰਹੋ





ਕਹਿੰਦੇ ਹਨ ਕਿ ਮੱਛੀ ਖਾਣ ਨਾਲ ਦਿਮਾਗ ਤੰਦਰੁਸਤ ਹੁੰਦਾ ਹੈ। ਵਿਗਿਆਨੀ ਹੁਣ ਇਸਨੂੰ ਸਹੀ ਮੰਨ ਰਹੇ ਹਨ, ਤਾਂ ਕਿ ਅਗਲੀ ਵਾਰ ਕਿਸੇ ਮੀਟਿੰਗ ਵਿੱਚ ਜਾਣ ਸਮੇਂ ਫਟਾਫਟ ਕੁੱਝ ਵੀ ਖਾਣ ਤੋਂ ਪਹਿਲਾਂ ਇਕ ਵਾਰ ਰੁਕਕੇ ਸੋਚ ਲਿਆ ਜਾਵੇਗਾ ਕਿ ਖਾਣ-ਪੀਣ ਵਿੱਚ ਥੋੜ੍ਹਾ ਬਦਲਾਅ ਜ਼ਰੂਰੀ ਹੈ।

ਹੋ ਸਕਦਾ ਹੈ ਕਿ ਮਿੱਠਾ ਜਾਂ ਤਲਿਆ ਭੋਜਨ ਖਾਣ ਨਾਲ ਅਚਾਨਕ ਤੁਹਾਡੀ ਭੁੱਖ ਮਿਟ ਜਾਵੇ, ਹੋ ਸਕਦਾ ਹੈ ਕਿ ਸੇਬ ਖਾਣ ਦੀ ਜਗ੍ਹਾ ਤੁਹਾਡਾ ਦਿਲ ਚਾਕਲੇਟ ਖਾਣ ਨੂੰ ਕਰੇ। ਪਰ ਡਾਕਟਰਾਂ ਦਾ ਕਹਿਣਾ ਹੈ ਕਿ ਖਾਣਾ ਸਿਰਫ਼ ਭੁੱਖ ਮਿਟਾਉਣ ਦੇ ਲਈ ਨਹੀਂ, ਦਿਮਾਗ ਦੇ ਲਈ ਵੀ ਹੋਣਾ ਚਾਹੀਦਾ ਅਤੇ ਇਸ ਤਰ੍ਹਾਂ ਦਾ ਖਾਣਾ ਕਦੇ ਵੀ ਦਿਮਾਗ ਦੇ ਲਈ ਚੰਗਾ ਨਹੀਂ ਹੋ ਸਕਦਾ।

ਆਸਟ੍ਰੇਲੀਆ ਦੀ ਰਾਜਧਾਨੀ ਵਿਆਨਾ ਵਿੱਚ ਰਹਿਣ ਵਾਲੀ ਕਾਇਫਰ ਦਾ ਕਹਿਣਾ ਹੈ, "ਤਨਾਅ ਦੇ ਸਮੇਂ ਵਿੱਚ ਸਰੀਰ ਕੁੱਝ ਮਿੱਠਾ ਖਾਣ ਲਈ ਮੰਗਦਾ ਹੈ ਕਿਉਂਕਿ ਇਸ ਨਾਲ ਗਲੂਕੋਜ ਦਾ ਸਤਰ ਉੱਪਰ ਹੋ ਜਾਂਦਾ ਹੈ ਅਤੇ ਹਾਰਮੋਨ ਸੰਤੁਸ਼ਟ ਹੋ ਜਾਂਦੇ ਹਨ।" ਉਹਨਾਂ ਦਾ ਕਹਿਣਾ ਹੈ, "ਜੇਕਰ ਤੁਸੀਂ ਚਾਕਲੇਟ ਖਾਂਦੇ ਹੋ ਤਾਂ ਤੁਹਾਡੇ ਸਰੀਰ ਦੀ ਗਲੂਕੋਜ ਦੀ ਪੱਧਰ ਤੇਜ਼ੀ ਨਾਲ ਵੱਧਦੀ ਹੈ ਅਤੇ ਤੁਹਾਡੇ ਦਿਮਾਗ ਨੂੰ ਸੰਤੁਸ਼ਟੀ ਅਤੇ ਖੁਸ਼ੀ ਮਹਿਸੂਸ ਹੁੰਦੀ ਹੈ। ਪਰ ਇਹ ਜਲਦੀ ਖ਼ਤਮ ਹੋ ਜਾਂਦਾ ਹੈ" ਨਤੀਜਾ ਇਹ ਨਿਕਲਦਾ ਹੈ ਕਿ ਸਰੀਰ ’ਤੇ ਇਸਦਾ ਮਾੜਾ ਅਸਰ ਪੈਂਦਾ ਹੈ।

ਇਸ ਲਈ ਅਜਿਹੀ ਮਿੱਠੀ ਚੀਜ਼ ਖਾਣੀ ਚਾਹੀਦੀ ਹੈ ਜਿਸ ਨਾਲ ਸਰੀਰ ਵਿੱਚ ਕਾਰਬੋਹਾਈਡ੍ਰੇਟ ਪੈਦਾ ਹੋਵੇ, ਜਿਵੇਂ ਕਿ ਕਣਕ, ਆਲੂ, ਮਟਰ ਜਾਂ ਫਿਰ ਦੂਜੀਆਂ ਸਬਜੀਆਂ। ਦਿਮਾਗ ਵਿੱਚ ਸੂਚਨਾਵਾਂ ਦੇ ਬਿਨਾਂ ਰੋਕ ਦੇ ਚਲਦੇ ਰਹਿਣ ਲਈ ਭੋਜਨ ਦੀ ਜ਼ਰੂਰਤ ਹੁੰਦੀ ਹੈ। ਇੱਕ ਵਿਗਿਆਨੀ ਆਦ੍ਰਿਆ ਦਾ ਕਹਿਣਾ ਹੈ ਕਿ ਅਖਰੋਟ ਅਤੇ ਮੂੰਗਫਲੀ ਦੋਵੇਂ ਸਰੀਰ ਨੂੰ ਫਿੱਟ ਰੱਖਦੇ ਹਨ, ਮੂੰਗਫਲੀ ਦਾ ਤੇਲ ਤਾਂ ਸਭ ਤੋਂ ਚੰਗਾ ਹੈ ਹੀ, ਮੱਛੀ ਵੀ ਬਹੁਤ ਕੰਮ ਦੀ ਹੈ। ਤਾਜੇ ਪਾਣੀ ਦੀ ਮੱਛੀ ਟੂਨਾ ਅਤੇ ਸੈਲਮਨ ਮੱਛੀ ਖੂਬ ਖਾਉ। ਦਿਮਾਗ ਦੇ ਲਈ ਵੀ ਚੰਗੀ ਹੈ, ਮਜੇਦਾਰ ਵੀ ਹੈ ਅਤੇ ਸਿਹਤ ਲਈ ਵਧੀਆ ਹੈ। ਵਿਟਾਮਿਨ ਏ, ਸੀ ਅਤੇ ਈ ਤੁਹਾਡੇ ਸਰੀਰ ਦਾ ਆਕਾਰ ਤਾਂ ਵਧੀਆ ਬਣਾਉਂਦੇ ਹੀ ਹਨ। ਇਹ ਦਿਮਾਗ ਲਈ ਵੀ ਚੰਗਾ ਭੋਜਨ ਹੈ। ਬਲਿਰਨ ਦੀ ਮੈਨੂਇਲਾ ਮਰੀਨ ਦਾ ਕਹਿਣਾ ਹੈ, "ਉਹ ਉਹਨਾਂ ਆਕਸੀਜਨ ਕਣਾਂ ਨੂੰ ਹਟਾ ਦਿੰਦੇ ਹਨ, ਜਿਸ ਨਾਲ ਦਿਮਾਗ ਦੀਆਂ ਕੋਸ਼ੀਕਾਵਾਂ ਪ੍ਰਭਾਵਿਤ ਹੁੰਦੀਆਂ ਹਨ। ਇਸ ਨਾਲ ਨਾੜੀਆਂ ਅਤੇ ਧਮਨੀਆਂ ਦੀ ਸੁਰੱਖਿਆ ਹੁੰਦੀ ਹੈ।" ਇਹ ਵਿਟਾਮਿਨ ਜੇਕਰ ਸਰੀਰ ਨੂੰ ਨਾ ਮਿਲਣ ਤਾਂ ਆਦਮੀ ਨਰਵਸ ਹੋ ਸਕਦਾ ਹੈ, ਉਲਝ ਸਕਦਾ ਹੈ ਜਾਂ ਫਿਰ ਉਸਦਾ ਉਤਸ਼ਾਹ ਘੱਟ ਸਕਦਾ ਹੈ। ਫਲੇਮਰ ਦਾ ਕਹਿਣਾ ਹੈ, "ਸਟ੍ਰਾਬੇਰੀ ਅਤੇ ਕੇਬੀ ਵਰਗੇ ਫਲ ਖਾਉ, ਇਸ ਵਿੱਚ ਨਾਰੰਗੀ ਤੋਂ ਜ਼ਿਆਦਾ ਵਿਟਾਮਿਨ ਸੀ ਹੁੰਦਾ ਹੈ।"

ਨਾੜਾਂ ਲਈ ਵਿਟਾਮਿਨ ਬੀ ਬਹੁਤ ਜ਼ਰੂਰੀ ਹੈ। ਇਹ ਦਿਮਾਗ ਦੀ ਰੱਖਿਆ ਤਾਂ ਕਰਦੇ ਹੀ ਹਨ ਅਤੇ ਨਵੀਆਂ ਕੋਸ਼ਿਕਾਵਾਂ ਦੇ ਨਿਰਮਾਣ ਵਿੱਚ ਵੀ ਮਦਦ ਕਰਦੇ ਹਨ। ਵਿਟਾਮਿਨ ਬੀ ਦੇ ਲਈ ਖਮੀਰ, ਤਾਜ਼ੀ ਕਣਕ ਅਤੇ ਕੇਲਾ ਖਾਣਾ ਵੀ ਅੱਛਾ ਹੈ।

**-ਜਸਪ੍ਰੀਤ ਕੌਰ**



# ਪਿੰਡ ਦੀ ਸੱਥ ਤੋਂ . .

ਮਾ. ਗੁਰਪ੍ਰੀਤ ਮੱਲੋਕੇ ਮੋਬਾ : 98554-61726



ਜਾਗਰ :ਉਏ ਜੰਟਿਆ ਤੇਰੇ ਆਹ ਮੋਟਰ ਸਾਈਕਲ ਤੇ ਜਿਹੜਾ ਲਿਖਿਆ "ਤਰਕ ਪੜ੍ਹੋ ਤਰੱਕੀ ਕਰੋ" ਇਹਦਾ ਕੀ ਮਤਲਬ ਐ, ਤਰਕ ਪੜ੍ਹਨ ਨਾਲ ਬੰਦਾ ਤਰੱਕੀ ਕਿਵੇਂ ਕਰੂ ਸਾਨੂੰ ਵੀ ਸਮਝਾ ਹਮਾਤੜਾਂ ਨੂੰ ਭੋਰਾ....

ਜੰਟਾ : ਚਾਚਾ ਜੀ ਤਰਕ ਦਾ ਮਤਲਬ ਹੈ ਸੱਚ ਨੂੰ ਲੱਭਣਾ ਜੋ ਸੱਚ ਲੱਗਦਾ ਹੈ ਉਸ ਨੂੰ ਮੰਨਣਾ, ਸਾਰੇ ਭਰਮ ਦੂਰ ਕਰਕੇ ਹਕੀਕਤ ਨੂੰ ਪਛਾਨਣਾ ਤੇ ਜੋ ਬੰਦਾ ਸਿਰਫ਼ ਹਕੀਕਤ ਨੂੰ ਸਾਹਮਣੇ ਰਖਕੇ ਚਲਦਾ ਹੈ, ਆਪਣੀ ਕਿਸਮਤ ਜਾਂ ਰੱਬ ਵਿੱਚ ਦੋਸ਼ ਨਹੀਂ ਕੱਢਦਾ ਉਹ ਇੱਕ ਨਾਂ ਇੱਕ ਦਿਨ ਆਪਣੇ ਉੱਦਮ ਨਾਲ ਤਰੱਕੀ ਜ਼ਰੂਰ ਕਰਦਾ ਹੈ।

ਦੀਪਾ : ਵੈਸੇ ਇਹ ਗੱਲ ਜੰਟੇ ਤੇ ਤਾਂ ਪੂਰੀ ਢੁੱਕਦੀ ਐ ਚਾਚਾ, ਦਸ ਸਾਲ ਪਹਿਲਾ ਇਨ੍ਹਾਂ ਦੇ ਘਰੇ ਭੰਗ ਭੁੱਜਦੀ ਸੀ, ਪਰ ਜਦੋਂ ਦਾ ਇਹ ਤਰਕਸ਼ੀਲ ਬਣਿਆ, ਕਿਸੇ ਗੱਲ ਦਾ ਘਾਟਾ ਨਹੀਂ ਇਹਦੇ ਘਰੇ।

ਜੰਟਾ : ਪਰ ਉਂ ਚਾਚਾ ਮੇਰੇ ਬਾਰੇ ਅੱਜ ਲੋਕ ਕਹਿੰਦੇ ਆ ਕਿ ਇਹਦੇ ਕੋਲ ਪੈਸਾ ਗੁਜ਼ਾਰੇ ਜੋਗਾ ਹੈਗਾ, ਇਸੇ ਲਈ ਇਹ ਰੱਬ ਨੂੰ ਟੱਬ ਦੱਸਦਾ ਹੈ, ਇਹਦੇ 'ਚੋਂ ਪੈਸੇ ਦਾ ਹੰਕਾਰ ਬੋਲਦਾ ਹੈ।

ਜਾਗਰ :ਇਹ ਗੱਲ ਤਾਂ ਲੋਕ ਕਹਿੰਦੇ ਆ ਪੁੱਤ ਤੇਰੇ ਬਾਰੇ.... ਮੈਂ ਵੀ ਸੁਣਿਆ ਆਪਣੇ ਪਿੰਡ ਦਾ ਪਾਠੀ ਵੀ ਕਥਾ 'ਚ ਤੇਰੇ ਤੇ ਆ ਹੀ ਤਵਾ ਲਾਉਂਦਾ ਸੀ ਇੱਕ ਦਿਨ।

ਜੰਟਾ : ਪਰ ਚਾਚਾ ਜੀ ਮੈਂ ਤਾਂ ਜਦੋਂ ਮੇਰੀ ਮਾੜੀ ਹਾਲਤ ਸੀ, ਉਦੋਂ ਵੀ ਇਹੋ ਆਖਦਾ ਸੀ ਕਿ ਇਸ ਦੁਨੀਆ ਤੇ ਕੋਈ ਰੱਬ ਰੁੱਬ ਹੈ ਨਹੀਂ, ਲੋਕ ਐਵੇਂ ਫਜ਼ੂਲ ਦੇ ਮੱਕੜ ਜਾਲ ਵਿੱਚ ਉਲਝ ਕੇ ਭਟਕਦੇ ਫਿਰਦੇ ਆ, ਚਾਚਾ ਜੀ ਮੇਰੇ 'ਚੋਂ ਪੈਸੇ ਦਾ ਹੰਕਾਰ ਨਹੀਂ ਬੋਲਦੇ ਮੇਰੇ 'ਚੋਂ ਮੇਰਾ ਪੜ੍ਹ-ਪੜ੍ਹ ਕੇ ਪ੍ਰਾਪਤ ਕੀਤਾ ਗਿਆਨ ਬੋਲਦਾ ਹੈ, ਤੇ ਮੈਂ ਜੋ ਵੀ ਤਰੱਕੀ ਕੀਤੀ ਹੈ, ਪ੍ਰਾਪਤ ਕੀਤੇ ਗਿਆਨ ਨੂੰ ਅਮਲ 'ਚ ਲਿਆ ਕੇ ਹੀ ਕੀਤੀ ਹੈ, ਅਮਲ ਤੋਂ ਬਿਨ੍ਹਾਂ ਇਸ ਧਰਤੀ ਤੇ ਕੁਝ ਵੀ ਪ੍ਰਾਪਤ ਨਹੀਂ ਹੁੰਦਾ।

ਦੀਪਾ : ਸਾਨੂੰ ਵੀ ਦੇ ਬਾਈ ਇਹ ਗਿੱਦੜ ਸਿੰਗੀ.....

ਜੰਟਾ : ਇਹਦੇ ਲਈ ਤੁਹਾਨੂੰ ਤਰਕਸ਼ੀਲ ਬਣਨਾ ਪਊ।

ਜਾਗਰ :ਨਾਂਹ ਕਾਕਾ ਜਿਹੜੇ ਵੱਡੇ-ਵੱਡੇ ਸਰਮਾਏਦਾਰ ਬਿਰਲੇ ਟਾਟੇ ਵਰਗੇ ਉਹ ਕਿਤੇ ਤਰਕਸ਼ੀਲ ਹੋਣਗੇ। ਅਸੀ ਕਿਹੜਾ ਭੁੱਖੇ ਮਰਦੇ ਆਂ ਵਧੀਆ ਠਾਠ ਨਾਲ ਰਹਿਨੇ ਆਂ, ਤਰਕਸ਼ੀਲ ਨੂੰ ਤੁਸੀਂ ਆਪਣੇ ਨਾਲੋਂ ਵੱਖਰਾ ਸਮਝਦੇ ਹੋ ਜਾਤਾਂ, ਧਰਮਾਂ ਅਤੇ ਹੋਰ ਫਿਰਕਿਆਂ ਵਾਂਗੂ ਚਾਚਾ ਜੀ, ਇਹ ਸੁਸਾਇਟੀਆਂ ਤਾਂ ਸਾਨੂੰ ਤਰਕਸ਼ੀਲਤਾ ਦੇ ਪ੍ਰਚਾਰ ਨੂੰ ਸੌਖਾ ਤੇ ਤੇਜ਼ ਕਰਨ ਲਈ ਬਣਾਉਣੀਆਂ ਪੈਂਦੀਆਂ, ਪਰ ਅਸਲ ਵਿੱਚ ਲਗਭਗ ਦੁਨੀਆ ਦਾ ਹਰ ਆਦਮੀ ਥੋੜ੍ਹਾ ਬਹੁਤ ਤਰਕਸ਼ੀਲ ਜ਼ਰੂਰ ਹੁੰਦਾ ਹੈ, ਤੇਰੀ ਤਰੱਕੀ ਦਾ ਰਾਜ ਵੀ ਤਰਕ ਅਨੁਸਾਰ ਚੱਲਣਾ ਤੇ ਥੋੜ੍ਹਾ ਬਹੁਤ ਅਮਲ ਕਰਨਾ ਹੈ, ਸੋ ਤੂੰ ਵੀ ਥੋੜ੍ਹਾ ਬਹੁਤ ਤਰਕਸ਼ੀਲ ਜ਼ਰੂਰ ਏਂ.....

ਦੀਪਾ : ਉਹ ਕਿਵੇਂ ਬਈ.....

ਜੰਟਾ : ਖੇਤੀਬਾੜੀ ਦੀ ਦੇਖਭਾਲ ਨਫੇ ਨੁਕਸਾਨ ਦਾ ਧਿਆਨ ਤਰਕਸ਼ਕਤੀ ਨਾਲ ਹੀ ਹੁੰਦਾ ਹੈ, ਬਸ ਤਰਕਸ਼ੀਲ ਆਪਣੀ ਇਸ ਤਰਕ ਸ਼ਕਤੀ ਨੂੰ ਹੀ ਵਧੇਰੇ ਵਰਤਦੇ ਹਨ, ਹੋਰ ਕੋਈ ਫਰਕ ਨਹੀਂ.....

ਦੀਪਾ : ਉਹ ਕਿਵੇਂ ਬਾਈ ਸਾਨੂੰ ਵੀ ਦੱਸ ਜ਼ਰਾ.....

ਜੰਟਾ : ਤਰਕਸ਼ੀਲਤਾ ਹਰ ਘਟਨਾ ਜਾਂ ਗੱਲ ਦੇ ਸਹੀ ਕਾਰਨਾਂ ਦੀ ਪੜਤਾਲ ਕਰਕੇ ਸੱਚ ਤੇ ਅਸਲੀਅਤ ਨੂੰ ਸਾਹਮਣੇ ਲਿਆਉਣਾ ਹੈ, ਜਿਨ੍ਹਾਂ ਚਿਰ ਕੋਈ ਗੱਲ ਸਾਨੂੰ ਸੱਚ ਲੱਗਦੀ ਹੈ ਉਨ੍ਹਾਂ ਚਿਰ ਹੀ ਸੱਚ ਮੰਨਣੀ ਹੈ ਜਦੋਂ ਝੂਠ ਸਾਬਤ ਹੋ ਕੇ ਨਵਾਂ ਸੱਚ ਸਾਹਮਣੇ ਆਇਆ, ਫਿਰ ਉਸ ਨੂੰ ਸਹੀ ਮੰਨਣਾ, ਇਹ ਸਿਲਸਿਲਾ ਇਦਾਂ ਹੀ ਚੱਲਦਾ ਰਹਿੰਦਾ ਹੈ, ਪਰ ਜੋ ਅੰਧ ਵਿਸ਼ਵਾਸੀ ਹੁੰਦੇ ਹਨ, ਉਹਨਾਂ ਨੇ ਆਪਣੀ ਪੁਰਾਣੀ ਕਿਸੇ ਗੱਲ ਦੇ ਝੂਠਾ ਸਾਬਤ ਹੋਣ ਤੇ ਵੀ ਉਸ ਜਿੰਦ ਤੇ ਅੜੇ ਰਹਿਣਾ ਹੁੰਦਾ ਹੈ। ਗੱਲ ਨੂੰ ਤਰਕ ਅਨੁਸਾਰ ਸੋਚਣਾ ਤੇ ਮੰਨਣਾ ਨਹੀਂ ਹੁੰਦਾ। ਸਮਝ ਗਏ ਕੁਝ ਕੇ ਨਈਂ....

ਜਾਗਰ -ਨਈਂ ਕਾਕਾ ਕੁਝ ਪੱਲੇ ਨਈ ਪਿਆ ਸਾਡੇ.....

ਜੰਟਾ - ਹੁਣ ਪਹਿਲਾਂ ਚਾਚਾ ਤੇਰੀ ਤਰੱਕੀ ਦੀ ਗੱਲ ਹੀ ਲੈ ਲੈਣੇ ਆ ਤੈਨੂੰ ਕਿਸੇ ਗੱਲ ਦਾ ਘਾਟਾ ਨਹੀਂ ਵਧੀਆ ਸੁੱਖ ਲੈਨਾਂ ਤੈਨੂੰ ਜ਼ਿੰਦਗੀ ਵਿੱਚ ਕੁਝ ਖਾਸ ਸੰਘਰਸ਼ ਵੀ ਨਹੀਂ ਕਰਨਾ ਪਿਆ, ਕਿਉਂਕਿ ਤੇਰੇ ਹਿੱਸੇ ਸ਼ੁਰੂ ਤੋਂ ਦਸ ਕਿੱਲੇ ਜ਼ਮੀਨ ਆਈ ਐ। ਤੇਰੀ ਇਸ ਖੁਸ਼ਹਾਲੀ ਦਾ ਕੀ ਕਾਰਨ ਹੈ?

ਦੀਪਾ - ਸਿੱਧੀ ਜਹੀ ਗੱਲ ਐ ਚਾਚੇ ਦੀ ਕਿਸਮਤ ਬੜੀ ਤੇਜ ਲਿਖੀ ਐ, ਰੱਬ ਨੇ, ਰੱਬ ਨੇ ਇਹਦੇ ਕਰਮਾਂ ਵਿੱਚ ਸੁੱਖ ਲਿਖਿਆ ਤੇ ਮੈਂ ਭੁੱਖ ਨੰਗ ਨਾਲ ਘੁੱਲਦਾ। 2.54 ਕਰਾਈ ਐਂ ਪਿਉ ਨੇ ਮਿਹਨਤ ਮਜ਼ਦੂਰੀ ਕਰਕੇ ਨੌਕਰੀ ਮਿਲਦੀ ਨਹੀਂ ਕਿਉਂਕਿ ਮੇਰੀ ਕਿਸਮਤ ਹੀ ਮਾੜੀ ਹੈ ਮੇਰੇ ਕਰਮ ਹੀ ਮਾੜੇ ਐ ਪਿਛਲੇ ਜਨਮ ਦੇ।

ਜੰਟਾ - ਬਸ ਤੁਹਾਡੀ ਇਹ ਸਦੀਆਂ ਤੋਂ ਪੱਕੀ ਹੋਈ ਸਮਝ ਕਾਰਨ ਹੀ ਤੁਸੀਂ ਕਸ਼ਟ ਭੋਗਦੇ ਹੋ, ਕਿਉਂਕਿ ਤੁਸੀਂ ਅਸਲੀਅਤ ਤੋਂ ਹਮੇਸ਼ਾ ਦੂਰ ਰਹਿੰਦੇ ਹੋ, ਜੇ ਕੁਝ ਚੰਗਾ ਹੋਇਆ ਤਾਂ ਵੀ ਰੱਬ ਨੇ ਕੀਤਾ, ਜੇ ਕੁਝ ਮਾੜਾ ਹੋਇਆ ਤਾਂ ਵੀ ਰੱਬ ਨੇ ਕੀਤਾ। ਆਵਦੀ ਹੋਂਦ, ਆਵਦੇ ਦਿਮਾਗ ਦੀ ਸ਼ਕਤੀ ਤਾਂ ਸਦੀਆਂ ਤੋਂ ਵਰਤੀ ਹੀ ਨਹੀਂ ਲੋਕਾਂ

ਨੇ, ਤਾਹੀਓਂ ਵਿਗਿਆਨੀ ਕਹਿੰਦੇ ਆ ਕਿ ਮਨੁੱਖ ਨੇ ਆਪਣੇ ਦਿਮਾਗ ਦੇ ਹਿੱਸੇ ਨੂੰ ਵੱਧ ਤੋਂ ਵੱਧ 7-8% ਹੀ ਵਰਤਿਆ ਹੈ, ਉਹ ਵੀ ਵਿਗਿਆਨੀਆਂ ਤੇ ਇੰਜੀਨੀਅਰਾਂ ਨੇ, ਕਿਉਂਕਿ ਤੁਸੀਂ ਸਮਝਦੇ ਹੋ ਕਿ ਜੋ ਵੀ ਕਰਦਾ ਹੈ ਰੱਬ ਹੀ ਕਰਦਾ ਹੈ ਚੰਗਾ ਵੀ, ਮਾੜਾ ਵੀ ਜੋ ਕਿਸਮਤ ਵਿੱਚ ਲਿਖਿਆ ਹੈ, ਉਹ ਮਿਲ ਜਾਵੇਗਾ। ਇਸੇ ਕਰਕੇ ਆਪਣੇ ਆਪ ਮਾੜੇ-ਮੋਟੇ ਉੱਦਮ ਨਾਲ ਜੋ ਮਿਲਦਾ ਹੈ, ਉਸੇ ਤੇ ਸਬਰ ਕਰਦੇ ਹੋਏ ਰੱਬ ਦੇ ਮੂੰਹ ਵੱਲ ਵੇਖੀ ਜਾਂਦੇ ਹੋ।

ਜਾਗਰ - ਤੂੰ ਕਹਿਣਾ ਕੀ ਚਾਹੁੰਨਾ ਭਤੀਜ ਸਾਨੂੰ ਸਾਡੀ ਸਮਝ ਮੁਤਾਬਕ ਸਮਝਾ.....ਆਹ ਤੇਰੀਆਂ ਗੱਲਾਂ ਕੁਝ ਸਾਡੇ ਉੱਤੋਂ ਦੀ ਲੰਘ ਗਈਆਂ ਨੇ।

ਜੰਟਾ - ਉਤੋਂ ਦੀ ਨਹੀਂ ਲੰਘੀਆਂ ਚਾਚਾ, ਏਨੀ ਕੁ ਲਾਹ ਪਾ ਤੁਹਾਡੀ ਕਰਨੀ ਪੈਣੀ ਸੀ ਤਾਂ ਹੀ ਤੁਹਾਡੇ ਕੰਨ ਖੜ੍ਹੇ ਹੋਣੇ ਸੀ ਅਸਲੀ ਗੱਲ ਸਮਝਣ ਨੂੰ.....

ਦੀਪਾ - ਮੈਨੂੰ ਤਾਂ ਸਾਰੀ ਗੱਲ ਦੀ ਸਮਝ ਲੱਗੀ ਐ ਕਿ ਤੂੰ ਕੀ ਕਿਹਾ ਚੱਲ ਅੱਗੇ ਦਸ ਯਾਰ.....

ਜੰਟਾ - ਹੁਣ ਚਾਚਾ ਪਹਿਲਾਂ ਤੂੰ ਦੱਸ ਬਈ.....ਵਿਖਾ ਤੇਰੀ ਕਿਸਮਤ ਵਧੀਆ ਜਾਂ ਤੇਰੇ ਪਿਛਲੇ ਚੰਗੇ ਕੀਤੇ ਕਰਮ ਕਿੱਥੇ ਲਿਖੇ ਆ ਰੱਬ ਨੇ.....ਇਨਾਂ ਦਾ ਸਬੂਤ ਵਿਖਾ ਮੈਨੂੰ.....?

ਜਾਗਰ - ਇਹ ਨਹੀਂ ਮੈਨੂੰ ਪਤਾ ਪੁਤਾ ਲਿਖੇ ਕਿੱਥੇ ਆ.....ਨਾ ਮੈਨੂੰ ਕੁੱਝ ਪਿਛਲੇ ਚੰਗੇ ਕਰਮਾਂ ਦਾ ਕੁਝ ਯਾਦ ਹੈ..... ਪਰ ਕਹਿੰਦੇ ਆ ਬਈ ਏਦਾਂ ਹੁੰਦਾ ਹੈਗਾ.....

ਜੰਟਾ - ਚਾਚਾ ਕਹਿਣ ਵਾਲੇ ਪਿਛਲੇ ਜਨਮਾਂ ਦੇ ਕਰਮਾਂ ਜਾਂ ਏਸੇ ਜਨਮ ਦੀ ਲਿਖੀ ਕਿਸਮਤ ਨੂੰ ਵੇਖਕੇ ਤੁਹਾਡੀ ਏਥੋਂ ਦੀ ਖੁਸ਼ਹਾਲੀ ਬਾਰੇ ਨੀ ਦੱਸਦੇ। ਸਗੋਂ ਤੁਹਾਡੀ ਅਹੁ ਕੋਠੀ, ਅਹੁ ਜ਼ਮੀਨ, ਅਹੁ ਸੰਦ ਪੈੜਾ, ਅਹੁ ਜੀਪ ਵੇਖਕੇ ਹੀ ਕਹਿੰਦੇ ਹੈ ਕਿ ਤੇਰੀ ਰੱਬ ਨੇ ਕਿਸਮਤ ਚੰਗੀ ਲਿਖੀ ਐ ਤੂੰ ਪਿਛਲੇ ਜਨਮ 'ਚ ਚੰਗੇ ਕਰਮ ਕੀਤੇ ਸੀ ਪਰ ਜੇ ਤੈਨੂੰ ਇਸੇ ਪਿੰਡ ਤੋਂ ਦੂਰ ਬਾਹਰ ਕਿਸੇ ਪਾਠੀ, ਗ੍ਰੰਥੀ, ਪੰਡਤ, ਮਹਾਂਪੁਰਸ਼, ਸੰਤ ਮਹਾਤਮਾ ਕੋਲ ਲੈ ਜਾਈਏ ਤਾਂ ਕੋਈ ਮਾਈ ਦਾ ਲਾਲ ਦੱਸਕੇ ਦਿਖਾਵੇ ਕਿ ਤੇਰੀ ਕਿਸਮਤ ਚੰਗੀ ਐ ਕਿ ਮਾੜੀ.....ਹਾਂ ਥੋੜ੍ਹਾ ਬਹੁਤਾ ਸਹੀ ਅੰਦਾਜ਼ਾ ਤੇਰਾ ਪਹਿਰਾਵਾ ਤੇ ਸਰੀਰ ਦੀ ਸ਼ਨਾਖਤ ਕਰਕੇ ਲਾ ਸਕਦੇ ਨੇ ਉਹਦਾ ਕਾਰਨ ਵੀ ਵਿਗਿਆਨਕ ਹੋਵੇਗਾ ਨਾ ਕਿ ਉਹਨਾਂ ਨੂੰ ਤੇਰੀ ਕਿਸਮਤ ਦਿੱਸ ਪਵੇਗੀ।

ਦੀਪਾ - ਯਾਨੀ ਕਿ ਤੇਰੇ ਕਹਿਣ ਦਾ ਮਤਲਬ ਹੈ ਕਿ ਜੋ ਸਾਹਮਣੇ ਹੈ ਉਹਨੂੰ ਵੇਖ ਪੁਰਾਣੀਆਂ ਘੜੀਆਂ-ਘੜਾਈਆਂ ਗੱਲਾਂ ਕਰਕੇ ਆਪਣੇ ਗੁਣੀ ਗਿਆਨੀ ਹੋਣ ਦਾ ਦਾਅਵਾ ਕੀਤਾ ਜਾਂਦਾ, ਬਸ ਹੋਰ ਕੁੱਝ ਨਹੀਂ.....

ਜੰਟਾ - ਬਿਲਕੁੱਲ ਠੀਕ, ਕਿਉਂਕਿ ਸਦੀਆਂ ਪਹਿਲਾਂ ਮਨੁੱਖ ਨੂੰ ਕਿਸੇ ਗੱਲ ਜਾਂ ਹਲਾਤਾਂ ਦੇ ਅਸਲੀ ਕਾਰਨਾਂ ਦਾ ਪਤਾ ਨਹੀਂ ਸੀ ਹੁੰਦਾ ਤਾਂ ਮਨੁੱਖ ਜਿਸ ਨੂੰ ਪੁੱਛਿਆ ਜਾਂਦਾ ਸੀ ਤਾਂ "ਪਤਾ ਨਹੀਂ ਕਹਿਕੇ" ਮਾੜਾ ਨਹੀਂ ਸਗੋਂ ਇਹੋ ਜਿਹਾ ਝੂਠ ਮਾਰਕੇ ਸਿਆਣਾ ਕਹਾਉਣ ਲੱਗ ਪੈਂਦਾ ਸੀ ਪਰ ਉਸ ਝੂਠ ਨੂੰ ਛੁਪਾਉਣ ਵਾਸਤੇ ਹੋਰ ਝੂਠ ਮਾਰਨਾ ਪੈਂਦਾ.....ਏਵੇਂ ਹਰ ਸਵਾਲ ਦਾ ਜੁਆਬ ਰੱਬ ਖਾਤੇ ਪਾਇਆ ਜਾਂਦਾ ਸੀ, ਭਾਵੇਂ ਪਤਾ ਖੁਦ ਨੂੰ ਵੀ ਕੁਝ ਨਾ ਹੋਵੇ, ਏਸੇ ਕਰਕੇ ਇਹ ਰੱਬ, ਕਿਸਮਤ, ਚੰਗੇ ਮਾੜੇ, ਪਿਛਲੇ ਜਨਮਾਂ ਦੇ ਕਰਮ, ਨਰਕ, ਸਵਰਗ, ਆਤਮਾ ਵਰਗੇ ਝੂਠਾਂ ਦੀ ਲੜੀ ਲੰਬੀ ਹੁੰਦੀ ਗਈ।

ਦੀਪਾ - ਹੋ ਸਕਦਾ ਬਈ ਏਦਾਂ ਹੀ ਹੋਇਆ ਹੋਵੇ।

ਜੰਟਾ - ਇੱਕ ਗੱਲ ਹੋਰ ਚਾਚਾ ਕੀ ਤੇਰੇ ਏਨੇ ਚੰਗੇ ਜਾਂ ਮਾੜੇ ਕਰਮਾਂ ਨੂੰ ਬਦਲਿਆ ਜਾ ਸਕਦਾ। ਯਾਨੀ ਕਿ ਆਪਣੇ ਹੱਥ ਕੁਝ ਹੈਗਾ ਕਿ ਨਹੀਂ?

ਜਾਗਰ - ਨਈ ਬਈ ਸਾਡੀਆਂ ਧਰਮੀ ਗੱਲਾਂ ਮੁਤਾਬਕ ਤਾਂ ਨਹੀਂ.....

ਜੰਟਾ - ਪਰ ਜੇ ਤੁਸੀਂ ਸਹਿਮਤ ਹੋਵੋਂ ਤਾਂ ਮੈਂ ਤੁਹਾਡੀ ਦੋਵਾਂ ਦੀ, ਦੀਪੇ ਦੀ ਅਤੇ ਤੇਰੀ ਕਿਸਮਤ ਬਦਲ ਸਕਦਾ ਹਾਂ।

ਜਾਗਰ - ਉਹ ਕਿਵੇਂ?

ਜੰਟਾ - ਅੱਜ ਤੋਂ ਬਾਅਦ ਤੂੰ ਤੇ ਥੋਡਾ ਸਾਰਾ ਪਰਿਵਾਰ ਦੀਪੇ ਦੇ ਘਰ ਰਹਿਣ ਲੱਗ ਪਵੋ ਅਤੇ ਦੀਪਾ ਪਰਿਵਾਰ ਸਮੇਤ ਤੁਹਾਡੇ ਘਰੇ ਰਹਿਣ ਲੱਗ ਪਵੇ। ਉੱਧਰ ਜੋ ਕੁਝ ਹੈ ਇਹਦਾ ਪਰਿਵਾਰ ਵਰਤੂੰ, ਤੇ ਇਹਦਾ ਜੋ ਕੁੱਝ ਹੈ ਤੇਰਾ ਪਰਿਵਾਰ ਵਰਤੇ, ਫਿਰ ਅਸੀਂ ਕਹਿ ਸਕਦੇ ਹਾਂ ਕਿ ਤੁਹਾਡੀ ਕਿਸਮਤ ਬਦਲਗੀ, ਫਿਰ ਮੈਂ ਵੇਖੂਗਾ ਕਿਹੜਾ ਰੱਬ ਤੇ ਕਿਹੜੀ ਤੇਰੀ ਕਿਸਮਤ ਜਾਂ ਪਿਛਲੇ ਕਰਮ ਤੈਨੂੰ ਇੰਨੀਆਂ ਸੁੱਖ ਸਹੂਲਤਾ ਦਿੰਦੇ ਐ,

ਦੀਪਾ - ਹੁਣ ਦੇ ਜੁਆਬ ਚਾਚਾ.....

ਜਾਗਰ - ਮੈਨੂੰ ਤਾਂ ਕੁੱਝ ਨਹੀਂ ਔੜਦਾ ਯਾਰ.....

ਜੰਟਾ - ਬਸ ਆਏ ਹਕੀਕਤ ਨੂੰ ਲੱਭਦਾ ਤੇ ਅਮਲ ਕਰਨਾ ਹੀ ਤਰਕਸ਼ੀਲਤਾ ਹੈ, ਚਾਚਾ ਹੋਰ ਤਰਕਸ਼ੀਲਾਂ ਨੂੰ ਤੁਸੀਂ ਆਪਣੇ ਨਾਲੋਂ ਵੱਖਰਾ ਕੁਝ ਨਾ ਸਮਝੋ.....

ਦੀਪਾ - ਠੀਕ ਹੈ ਗੱਲ ਤਾਂ ਤੇਰੀ ਯਾਰ.....ਤੁਸੀਂ ਕੋਈ ਲੋਕਾਂ ਨਾਲੋਂ ਵੱਖਰਾ ਭੇਸ ਤਾਂ ਬਣਾਉਂਦੇ ਨਹੀਂ।

ਜੰਟਾ - ਹੁਣ ਮੈਂ ਤੁਹਾਨੂੰ ਦੱਸਦਾਂ ਚੰਗੀ ਜਾਂ ਮਾੜੀ ਕਿਸਮਤ ਕਿੰਨਾਂ ਚਾਰ ਕਾਰਨਾਂ ਕਰਕੇ ਹੁੰਦੀ ਹੈ।

ਜਾਗਰ - ਚੱਲ ਇਹ ਵੀ ਦੱਸਦੇ ਪੁੱਤ ਹੁਣ?

ਜੰਟਾ - ਪਹਿਲਾਂ ਕਾਰਨ ਹੁੰਦਾ ਹੈ ਜਨਮ ਦੇਣ ਵਾਲੇ ਮਾਂ-ਪਿਉ ਦੀ ਮਾਨਸਿਕ ਤੇ ਆਰਥਿਕ ਹਾਲਤ, ਜਿਵੇਂ ਚਾਚਾ ਤੂੰ ਜਨਮ ਲੈਣ ਵੇਲੇ ਹੀ ਦਸ ਕਿੱਲਿਆਂ ਦਾ ਮਾਲਕ ਬਣ ਗਿਆ, ਤੇਰੀ ਅੱਧੀ ਕਿਸਮਤ ਉਦੋਂ ਹੀ ਚਮਕ ਗਈ, ਪਰ ਦੀਪਾ ਇੱਕ ਮਜ਼ਦੂਰ ਦੇ ਘਰ ਪੈਦਾ ਹੋਇਆ, ਪਰ ਇਸਦੇ ਮਾਂ-ਪਿਉ ਨੇ ਇਸ ਨੂੰ ਚੰਗੀ ਤਰ੍ਹਾਂ ਪੜ੍ਹਾਇਆ, ਪਰ ਤੇਰੇ ਮਾਂ-ਪਿਉ ਨੇ ਤੇਰੀ ਪੜ੍ਹਾਈ ਵੱਲ ਕੋਈ ਖਾਸ ਧਿਆਨ ਨਾ ਦਿੱਤਾ, ਨਹੀਂ ਤਾਂ ਹੋ ਸਕਦਾ ਸੀ ਕਿ ਤੂੰ ਪੈਸੇ ਦੀ ਹੋਂਦ ਨਾਲ ਇਸ ਤੋਂ ਵੀ ਵਧੀਆ ਸੁੱਖ ਸਹੂਲਤਾਂ ਵਾਲੀ ਜ਼ਿੰਦਗੀ ਮਾਣਦਾ, ਇਸ ਤਰ੍ਹਾਂ ਦੂਜਾ ਕਾਰਨ ਸਾਡੇ ਪਾਲਣ ਪੋਸ਼ਣ ਕਰਨ ਵਾਲੇ ਮਾਪਿਆਂ ਦੀ ਦਿਮਾਗੀ ਯੋਗਤਾ ਬੱਚਿਆਂ ਦੀ ਕਿਸਮਤ ਤੇ ਅਸਰ ਪਾਉਂਦੀ ਹੈ, ਕਿਉਂਕਿ ਬਚਪਨ ਵਿੱਚ ਮਾਪਿਆਂ ਨੇ ਹੀ ਉਸਦੀ ਚੰਗੀ ਜਾਂ ਮਾੜੀ ਨੀਂਹ ਰੱਖਣੀ ਹੁੰਦੀ ਹੈ, ਜਿੰਨ੍ਹਾਂ ਉਸ ਦੇ ਦਿਮਾਗ ਨੂੰ ਤੇਜ ਤੇ ਯੋਗ ਬਣਾਉਣਗੇ ਉਹਨਾਂ ਹੀ ਉਹ ਖੁਸ਼ਹਾਲ ਹੋਵੇਗਾ

ਕਿਉਂਕਿ ਆਦਮੀ ਦੇ ਦਿਮਾਗ ਤੇ ਹੀ ਉਸ ਦੀ ਜ਼ਿੰਦਗੀ ਦਾ ਵਿਕਾਸ ਨਿਰਭਰ ਹੁੰਦਾ ਹੈ, ਉਦਾਹਰਣ ਦੇ ਤੌਰ 'ਤੇ ਇੱਕ ਮਜ਼ਦੂਰ ਅੱਠ ਘੰਟੇ ਹੱਡ ਭੰਨਵੀ ਮਿਹਨਤ ਕਰਦਾ ਹੈ ਉਸ ਨੂੰ 200 ਰੁਪਏ ਕਮਾਈ ਹੁੰਦੀ ਹੈ ਪਰ ਇੱਕ ਵੱਡਾ ਅਫ਼ਸਰ ਅੱਠ ਘੰਟੇ ਪੈੱਨ ਚਲਾਕੇ 1000 ਰੁਪਏ ਦਿਹਾੜੀ ਪਾ ਲੈਂਦਾ ਹੈ ਇਸ ਦਾ ਮਤਲਬ ਹੈ ਸਰੀਰ ਨਾਲੋਂ ਦਿਮਾਗ ਦੀ ਯੋਗਤਾ ਵਧੇਰੇ ਕੰਮ ਆਉਂਦੀ ਹੈ ਤੇ ਬੱਚੇ ਦਾ ਦਿਮਾਗ ਤੇਜ ਕਰਨਾ ਪਾਲਣ ਪੋਸ਼ਣ ਕਰਨ ਵਾਲੇ ਮਾਪਿਆਂ ਤੇ ਨਿਰਭਰ ਕਰਦਾ ਹੈ। ਇਹ ਗੱਲ ਲਗਭਗ 40% ਬੱਚਿਆਂ ਤੇ ਢੁੱਕਦੀ ਹੈ,

ਦੀਪਾ - ਤੇ ਤੀਜਾ ਕਾਰਨ ਕੀ ਐ ਬਾਈ.....?

ਜੰਟਾ - ਤੀਜਾ ਕਾਰਨ ਹੈ ਬੱਚੇ ਨੂੰ ਉਸ ਦੀ ਸਾਰੀ ਪੜ੍ਹਾਈ ਦੌਰਾਨ ਪੜ੍ਹਾਉਣ ਵਾਲੇ ਅਧਿਆਪਕ ਉਸਨੂੰ ਕਿਹੋ ਜਿਹੇ ਮਿਲਦੇ ਹਨ। ਇਸ ਤਰ੍ਹਾਂ ਜੇਕਰ ਵਧੀਆ ਅਧਿਆਪਕ ਅਤੇ ਮਾਪੇ ਬੱਚੇ ਵਿੱਚ ਵਧੀਆ ਮਾਨਸਿਕ ਅਤੇ ਨੈਤਿਕ ਗੁਣਾਂ ਦਾ ਵਿਕਾਸ ਕਰਨ ਵਿੱਚ ਸਫਲ ਹੋ ਜਾਂਦੇ ਹਨ ਤਾਂ ਉਸ ਬੱਚੇ ਨੂੰ ਆਪਣੇ ਮਾਂ-ਪਿਉ ਦੀ ਜਾਇਦਾਦ ਦੀ ਲੋੜ ਨਹੀਂ ਰਹਿੰਦੀ। ਉਹ ਆਪਣੀ ਯੋਗਤਾ ਨਾਲ ਹੀ ਵਧੀਆ ਜ਼ਿੰਦਗੀ ਬਤੀਤ ਕਰ ਸਕਦਾ ਹੈ ਪਰ ਜੇਕਰ ਉਸਨੂੰ ਚੌਥਾ ਪਹਿਲੂ ਵੀ ਵਧੀਆ ਮਿਲ ਜਾਵੇ ਤਾਂ ਸੋਨੇ ਤੇ ਸੁਹਾਗੇ ਵਾਲੀ ਗੱਲ ਹੋ ਜਾਂਦੀ ਹੈ।

ਜਾਗਰ - ਉਹ ਕਿਹੜਾ ਹੈ ਪੁੱਤ.....?

ਜੰਟਾ - ਚੌਥਾ ਪਹਿਲੂ ਹੈ ਸਰਕਾਰਾਂ! ਕਿਉਂਕਿ ਰੋਜ਼ਗਾਰ ਦੇ ਮੌਕੇ ਚਾਹੇ ਉਹ ਸਰਕਾਰੀ ਹੋਣ ਜਾਂ ਪ੍ਰਾਈਵੇਟ ਸਰਕਾਰ ਨੇ ਪ੍ਰਬੰਧ ਕਰਨਾ ਹੁੰਦਾ ਹੈ, ਸਰਕਾਰ ਨੂੰ ਚਾਹੀਦਾ ਹੈ ਕਿ ਆਪਦੀ ਦੂਰ ਦ੍ਰਿਸ਼ਟੀ ਨਾਲ ਜਾਂ ਤਾਂ ਅਬਾਦੀ ਦੇ ਮੁਤਾਬਕ ਰੋਜਗਾਰ ਦੇ ਮੌਕੇ ਪੈਦਾ ਕਰੇ ਜਾਂ ਰੋਜਗਾਰ ਦੇ ਸਾਧਨਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਅਬਾਦੀ ਘਟਾਉਣ ਲਈ ਸਖਤੀ ਤੇ ਪ੍ਰੇਰਨਾ ਨਾਲ ਠੋਸ ਕਦਮ ਚੱਕਦੀ ਰਹੇ ਪਰ ਇਹ ਗੱਲਾਂ ਕੁਝ ਪ੍ਰਤੀਸ਼ਤ ਲੋਕਾਂ ਤੇ ਲਾਗੂ ਨਹੀਂ ਹੁੰਦੀਆਂ ਕਿਉਂਕਿ ਕਈ ਵਾਰ ਕੁਦਰਤੀ ਘਟਨਾਵਾਂ ਕਾਰਨ ਜਾਂ ਅਚਾਨਕ ਚੰਗੇ ਜਾਂ ਮਾੜੇ ਮੌਕੇ ਮੇਲ ਨਾਲ ਜ਼ਿੰਦਗੀ ਤੇ ਚੰਗਾ ਜਾਂ ਮਾੜਾ ਅਸਰ ਪੈ ਜਾਂਦਾ ਹੈ। ਇਸ ਤਰ੍ਹਾਂ ਜਿਸ-ਜਿਸ ਨੂੰ ਵੀ ਆਪਣੀ ਕਿਸਮਤ ਮਾੜੀ ਲੱਗੇ, ਉਹ ਰੱਬ ਜਾਂ ਪਿਛਲੇ ਕਰਮਾਂ ਨੂੰ ਦੋਸ਼ ਦੇਣ ਦੀ ਬਜਾਏ ਆਪਣੇ ਨੁਕਸ ਕੱਢੇ ਤੇ ਵੇਖੇ ਕਿ ਮੇਰੀ ਜ਼ਿੰਦਗੀ ਵਿੱਚ ਕਿਹੜੇ-ਕਿਹੜੇ ਕਾਰਨਾਂ ਨੇ ਚੰਗਾ ਜਾਂ ਮਾੜਾ ਅਸਰ ਪਾਇਆ ਹੈ, ਤਾਂ ਹੀ ਉਹ ਰੱਬ ਦੇ ਮੂੰਹ ਵੱਲ ਵੇਖਣ ਦੀ ਬਜਾਏ ਆਪਣੀ ਮਨ ਦੀ ਤਰਕ ਸ਼ਕਤੀ ਨਾਲ ਆਪਣੇ ਮਨ ਭਾਉਂਦੇ ਹਾਲਾਤ ਪੈਦਾ ਕਰਨ ਲਈ ਸਮੱਸਿਆਵਾਂ ਦੂਰ ਕਰਨ ਦਾ ਉੱਦਮ ਕਰ ਸਕਦਾ ਹੈ ਪਰ ਇਹ ਸਭ ਉਹੀ ਵਿਅਕਤੀ ਕਰ ਸਕਦਾ ਹੈ ਜਿਹੜਾ ਕਿਸਮਤਵਾਦ ਅਤੇ ਪਿਛਲੇ ਜਨਮ ਦੇ ਕਰਮਾਂ ਦੇ ਛਲ ਦੇ ਭੁਲੇਖੇ ਪਿੱਛੇ ਛਿਪੇ ਰਹੱਸ ਨੂੰ ਸਮਝੇਗਾ ਕਿ ਇਹ ਸਭ ਕਿਵੇਂ ਅਤੇ ਕਿਉਂ ਹੋਂਦ ਵਿੱਚ ਆਇਆ?

ਦੀਪਾ - ਯਾਰ ਜੇ ਧਿਆਨ ਨਾਲ ਮਗਜ ਖਪਾਈ ਕਰੀਏ ਤਾਂ ਤੇਰੀਆਂ ਗੱਲਾਂ ਸਹੀ ਲੱਗਦੀਆਂ ਨੇ ਚੱਲ ਦੱਸ ਕਿਹੜਾ ਰਹੱਸ ਹੈ ਉਹ.....?

ਜੰਟਾ - ਸਦੀਆਂ ਪਹਿਲਾਂ ਰਾਜੇ ਮਹਾਰਾਜੇ, ਸਾਧ ਸੰਤ ਅਤੇ ਕਬੀਲਿਆਂ ਦੇ ਆਗੂ ਜਿਹਨਾਂ ਨੇ ਲੋਕਾਂ ਦੀ ਮਿਹਨਤ ਦੀ ਕਮਾਈ ਤੇ ਐਸ਼ਾਂ ਕਰਨੀਆਂ ਹੁੰਦੀਆਂ ਸਨ। ਲੋਕਾਂ ਨੂੰ ਗਲਤ ਗਿਆਨ ਦਿੰਦੇ ਆ ਰਹੇ ਹਨ ਕਿਉਂਕਿ ਆਮ ਲੋਕਾਂ ਨੇ ਇਹੋ ਜਿਹੇ ਸਾਧਾਂ, ਸੰਤਾਂ, ਪੰਡਤਾਂ ਤੋਂ ਹੀ ਗਿਆਨ ਲੈਣਾ ਹੁੰਦਾ ਸੀ ਤੇ ਜੇ ਇਹ ਸੱਚ ਬੋਲਦੇ ਕਿ ਤੁਹਾਡੀ ਮਾੜੀ ਹਾਲਤ ਤਾਂ ਹੈ ਕਿਉਂਕਿ ਅਸੀਂ ਤੁਹਾਡੀ ਕਮਾਈ ਤੇ ਪਲਦੇ ਹਾਂ ਅਸੀਂ ਤੁਹਾਨੂੰ ਜੋਕਾਂ ਵਾਂਗੂੰ ਲੱਗੇ ਹਾਂ, ਧਨਾਢ ਲੋਕ ਕਹਿੰਦੇ ਕਿ ਅਸੀਂ ਤੁਹਾਡੀ ਮਿਹਨਤ ਦਾ ਪੂਰਾ ਮੁੱਲ ਨਹੀਂ ਦਿੰਦੇ, ਅਸੀਂ ਕਾਣੀ ਵੰਡ ਕਰਕੇ ਕਮਾਈ ਦੇ ਕੁਦਰਤੀ ਸਾਧਨਾਂ ਤੇ ਕਬਜਾ ਕੀਤਾ ਹੋਇਆ ਹੈ, ਤੁਸੀਂ ਬੱਚੇ ਜ਼ਿਆਦਾ ਪੈਦਾ ਕਰਦੇ ਹੋ, ਕਮਾਉਣ ਵਾਲਾ ਇੱਕ ਤੇ ਖਾਣ ਵਾਲੇ ਗਿਆਰਾਂ ਹੁੰਦੇ ਹਨ, ਤਾਂ..... ਗਰੀਬ ਲੋਕਾਂ ਨੇ ਆਪਣੇ ਆਲੇ-ਦੁਆਲੇ ਦੀਆਂ ਇਹ ਖਾਮੀਆਂ ਦੂਰ ਕਰ ਲੈਣੀਆਂ ਸਨ ਤੇ ਇਹਨਾਂ ਧਨਾਢਾਂ ਤੇ ਮਹਾਪੁਰਸ਼ਾਂ ਦੀਆਂ ਐਸ਼ਾਂ ਬੰਦ ਹੋ ਜਾਣੀਆਂ ਸਨ ਤੇ ਇਹਨਾਂ ਧਨਾਢਾਂ ਤੇ ਮਹਾਂਪੁਰਸ਼ਾਂ ਦੀਆਂ ਐਸ਼ਾਂ ਬੰਦ ਹੋ ਜਾਂਦੀਆਂ ਸਨ ਇਸੇ ਲਈ ਇਹਨਾਂ ਨੇ ਮਿਲਕੇ ਗਰੀਬਾਂ ਦੀ ਆਵਾਜ਼ ਤੇ ਸੁਆਲਾਂ ਨੂੰ ਪੁੱਠਾ ਮੋੜ ਦੇ ਦਿੱਤਾ.....

ਦੀਪਾ - ਉਹ ਕਿਵੇਂ.....?

ਜੰਟਾ - ਇਹ ਸਾਧ ਸੰਤ ਤੇ ਧਨਾਢ ਲੋਕ ਲੋਕਾਂ ਨੂੰ ਕਹਿੰਦੇ ਆ ਰਹੇ ਕਿ ਜੋ ਕਿਸਮਤ ਵਿੱਚ ਲਿਖਿਆ ਹੈ ਉਹੀ-ਉਹੀ ਹੁੰਦਾ ਹੈ, ਤੁਹਾਡੇ ਮਾੜੇ ਹਲਾਤਾਂ ਲਈ ਨਾ ਤਾਂ ਅਸੀਂ ਕਸੂਰਵਾਰ ਹਾਂ ਅਤੇ ਨਾ ਹੀ ਤੁਸੀਂ ਇਹ ਸਭ ਲਈ ਤਾਂ ਤੁਹਾਡੇ ਪਿਛਲੇ ਜਨਮਾਂ ਦੇ ਕੀਤੇ ਮਾੜੇ ਕਰਮਾਂ ਦਾ ਫਲ ਜ਼ਿੰਮੇਵਾਰ ਹੈ, ਵਿਧਾਤਾ ਨੇ ਤੁਹਾਡੀ ਕਿਸਮਤ ਹੀ ਮਾੜੀ ਲਿਖੀ ਹੈ, ਇਸ ਲਈ ਜੇ ਆਪਣਾ ਜਨਮ ਸਫਲਾ ਕਰਨਾ ਹੈ ਤਾਂ ਮਿਹਨਤ ਕਰੋ ਅਤੇ ਦਾਨ ਪੁੰਨ ਵੀ ਕਰੋ। ਸਾਡੇ ਵਰਗੇ ਭਲੇ ਪੁਰਸ਼ਾਂ ਦੀ ਸੇਵਾ ਕਰੋ, ਸੇਵਾ ਨੂੰ ਮੇਵਾ ਮਿਲੂਗਾ, ਕਿਸੇ ਸਾਧ ਸੰਤ ਅਤੇ ਮਾਲਕ ਨੂੰ ਮਾੜਾ ਨਾ ਕਹੋ, ਸਾਡੀਆਂ ਧਰਮੀ ਗੱਲਾਂ ਤੇ ਵਿਸ਼ਵਾਸ਼ ਕਰੋ ਜੇ ਵਿਸ਼ਵਾਸ ਨਹੀਂ ਕਰੋਗੇ ਤਾਂ ਤੁਹਾਡਾ ਇਹ ਜਨਮ ਤਾਂ ਨਿਹਫਲ ਜਾਵੇਗਾ ਹੀ ਤੁਹਾਡੇ ਅਗਲੇ ਜਨਮ ਤੇ ਵੀ ਮਾੜਾ ਅਸਰ ਪਵੇਗਾ, ਇਸ ਲਈ ਜੋ ਕੁਝ ਵੀ ਹੈ ਅਤੇ ਜੋ ਕੁਝ ਵੀ ਹੋ ਰਿਹਾ ਹੈ ਉਸ ਤੇ ਕਿੰਤੂ ਪ੍ਰੰਤੂ ਨਾ ਕਰੋ, ਬਸ ਵਿਸ਼ਵਾਸ ਕਰੋ ਵਿਸ਼ਵਾਸ ਤੋਂ ਬਿਨਾ ਕੁਝ ਨਹੀਂ ਮਿਲੇਗਾ।

ਜਾਗਰ - ਹੁੰਦਾ ਤਾਂ ਭਤੀਜ ਆਏਂ ਹੀ ਆਇਆ ਲੋਕਾਂ ਨਾਲ।

ਜੰਟਾ - ਇਸੇ ਲਈ ਚਾਚਾ ਅਸੀਂ ਕਹਿੰਦੇ ਹਾਂ ਕਿ ਅਜਿਹੇ ਸਾਧਾਂ, ਮਹਾਂ-ਪੁਰਸ਼ਾਂ ਅਤੇ ਸ਼ਾਸਨ ਚਲਾਉਣ ਵਾਲੇ ਲੋਕਾਂ ਤੋਂ ਡਰੋ ਨਾ, ਆਪਣੇ ਹੱਕਾਂ ਖਾਤਰ ਲੜਣਾ ਸਿੱਖੋ ਇਹਨਾਂ ਦੀਆਂ ਚਲਾਕ ਚਾਲਾਂ ਤੋਂ ਬਚੋ ਅਤੇ ਅੱਜ ਦੇ ਇਸ ਅਕਲ ਦੇ ਅੰਨੇ, ਅੰਧ-ਵਿਸ਼ਵਾਸ਼ੀ ਲੋਕਾਂ ਦੀ ਭੀੜ ਵਿੱਚੋਂ ਨਿਤਰਕੇ ਆਪਣੀ ਅਕਲ ਦੀ ਹੋਂਦ ਤੇ ਵਿਸ਼ਵਾਸ਼ ਕਰਕੇ ਵਿਅਕਤੀ ਜਲਦੀ ਤਰੱਕੀ ਕਰ ਸਕਦਾ ਹੈ। ਇਸੇ ਲਈ ਅਸੀਂ ਕਹਿੰਦੇ ਹਾਂ ਕਿ "ਤਰਕ ਪੜ੍ਹੋ ਤਰੱਕੀ ਕਰੋ....."



# ...ਤਾਂ ਕਿ ਬੱਚਾ ਰਹੇ ਚਿੰਤਾ ਫਰੀ

ਚਿੰਤਾ ਚੀਜ਼ ਹੀ ਅਜਿਹੀ ਹੈ ਕਿ ਵੱਡੇ ਹੀ ਨਹੀਂ, ਬੱਚੇ ਵੀ ਇਸ ਦਾ ਸ਼ਿਕਾਰ ਹੋ ਰਹੇ ਹਨ। ਤੁਹਾਨੂੰ ਇਹ ਜਾਣਕੇ ਹੈਰਾਨੀ ਹੋਵੇਗੀ ਕਿ ਤਿੰਨ ਮਹੀਨੇ ਦੇ ਬੱਚੇ ਨੂੰ ਵੀ ਟੈਨਸ਼ਨ ਹੋ ਸਕਦੀ ਹੈ ਪਰ ਕੁੱਝ ਗੱਲਾਂ ਦਾ ਧਿਆਨ ਰੱਖਕੇ ਬੱਚਿਆਂ ਨੂੰ ਇਸ ਤੋਂ ਬਚਾਇਆ ਵੀ ਜਾ ਸਕਦਾ ਹੈ।

ਅਕਸਰ ਬੱਚਿਆਂ ਦੇ ਪੇਪਰ ਹਾਲ ਵਿੱਚ ਜਾਣ ਤੋਂ ਪਹਿਲਾਂ ਆਪਣੇ ਮਾਤਾ-ਪਿਤਾ ਨੂੰ ਇਹ ਕਹਿੰਦੇ ਹੋਏ ਸੁਣਿਆ ਹੋਵੇਗਾ ਕਿ ਬੇਟਾ ਟੈਨਸ਼ਨ ਨਹੀਂ ਕਰਨੀ, ਪੇਪਰ ਆਰਾਮ ਨਾਲ ਕਰਨਾ। ਹੁਣ ਕਹਿਣ ਨੂੰ ਮਾਤਾ-ਪਿਤਾ ਕੁਝ ਵੀ ਕਹਿਣ ਪਰ ਸੱਚ ਤਾਂ ਇਹ ਹੈ ਕਿ ਵੱਡਿਆਂ ਦੀ ਤਰ੍ਹਾਂ ਹੀ ਬੱਚਿਆਂ ਨੂੰ ਵੀ ਟੈਨਸ਼ਨ ਹੋ ਸਕਦੀ ਹੈ। ਡਾਕਟਰਾਂ ਦਾ ਕਹਿਣਾ ਹੈ ਕਿ ਬੱਚਿਆਂ ਨੂੰ ਟੈਨਸ਼ਨ ਤਿੰਨ ਮਹੀਨਿਆਂ ਦੀ ਉਮਰ ਤੋਂ ਹੀ ਹੋਣੀ ਸ਼ੁਰੂ ਹੋ ਜਾਂਦੀ ਹੈ। ਬੱਚਾ ਬਿਨਾਂ ਕਿਸੇ ਕਾਰਨ ਤੋਂ ਰੋਵੇ, ਤਾਂ ਉਸਦਾ ਕਾਰਨ ਟੈਨਸ਼ਨ ਵੀ ਹੋ ਸਕਦੀ ਹੈ। ਇਸ ਲਈ ਟੈਨਸ਼ਨ ਦੇ ਕਾਰਨ ਅਤੇ ਉਸਨੂੰ ਦੂਰ ਕਰਨ ਦਾ ਢੰਗ ਪਤਾ ਹੋਣਾ ਜ਼ਰੂਰੀ ਹੈ।

ਕੀ ਹੁੰਦੀ ਹੈ ਬੱਚਿਆਂ ਦੀ ਟੈਨਸ਼ਨ? - ਛੋਟੇ ਬੱਚੇ ਦੀ ਗੱਲ ਕਰੀਏ, ਤਾਂ ਉਸਦੀ ਟੈਨਸ਼ਨ ਦਾ ਕਾਰਨ ਮਾਂ ਤੋਂ ਦੂਰ ਹੋਣ ਦਾ ਡਰ ਵੀ ਹੋ ਸਕਦਾ ਹੈ। ਬੱਚਿਆਂ ਦੇ ਡਾਕਟਰ ਅਜੈ ਗਾਂਗੁਲੀ ਦਾ ਕਹਿਣਾ ਹੈ ਕਿ, "ਬੱਚੇ ਨੂੰ ਸਭ ਤੋਂ ਜ਼ਿਆਦਾ ਸੁਰੱਖਿਆ ਮਾਂ ਦੀ ਗੋਦ ਵਿੱਚ ਮਹਿਸੂਸ ਹੁੰਦੀ ਹੈ। ਖ਼ਾਸ ਕਰਕੇ ਉਦੋਂ ਜਦ ਉਹ ਆਪਣੀ ਮਾਂ ਤੋਂ ਦੁੱਧ ਲੈਂਦਾ ਹੈ ਅਤੇ ਜਦ ਮਾਂ ਬੱਚੇ ਨੂੰ ਪਲੰਘ 'ਤੇ ਸਵਾਉਂਦੀ ਹੈ ਤਾਂ ਉਹ ਟੈਨਸ਼ਨ ਵਿੱਚ ਆ ਕੇ ਰੋਣ ਲੱਗਦਾ ਹੈ। ਅਜਿਹੇ ਕਾਰਨਾਂ ਦੀ ਬਹੁਤਾਤ ਕਰਕੇ ਹੀ ਬੱਚੇ ਨੂੰ ਸਿਰ ਦਰਦ, ਪੇਟ ਜਾਂ ਕੰਨ ਵਿੱਚ ਦਰਦ, ਵਾਰ-ਵਾਰ ਨੀਂਦ ਵਿੱਚੋਂ ਉੱਠਣ ਵਰਗੀਆਂ ਸਮੱਸਿਆਵਾਂ ਸਾਹਮਣੇ ਆਉਂਦੀਆਂ ਹਨ।

ਦੋ ਤੋਂ ਪੰਜ ਸਾਲ ਤੱਕ - ਇਸ ਉਮਰ ਦੇ ਬੱਚੇ ਕਈ ਵਾਰ ਆਪ ਹੀ ਆਪਣੀਆਂ ਗੱਲਾਂ ਸਮਝ ਨਹੀਂ ਪਾਉਂਦੇ। ਉਹਨਾਂ ਦੇ ਦਿਮਾਗ ਵਿੱਚ ਚੱਲਣ ਵਾਲੀਆਂ ਚੀਜ਼ਾਂ ਬਾਰੇ ਉਹ ਜਾਣ ਨਹੀਂ ਪਾਉਂਦੇ। ਅਜਿਹੀ ਹਾਲਤ ਵਿੱਚ ਉਹ ਕਾਫ਼ੀ ਸਖ਼ਤ ਹੋ ਜਾਂਦੇ ਹਨ, ਇਸ ਤੋਂ ਇਲਾਵਾ ਕੁੱਝ ਪਾਉਣ ਦੀ ਜਿੱਦ ਅਤੇ ਚਾਹਤ ਬੱਚੇ ਨੂੰ ਤਨਾਅ ਵਿੱਚ ਲੈ ਜਾਂਦੀ ਹੈ। ਜਦਕਿ ਚਾਰ ਤੋਂ ਪੰਜ ਸਾਲ ਦੇ ਬੱਚਿਆਂ ਤੋਂ ਇਹ ਉਮੀਦ ਕੀਤੀ ਜਾਣ ਲੱਗਦੀ ਹੈ ਕਿ ਉਹ ਪੜ੍ਹਾਈ ਦੀਆਂ ਬੇਸਿਕ ਚੀਜ਼ਾਂ ਨੂੰ ਸਿੱਖਣਾ ਸ਼ੁਰੂ ਕਰ ਦੇਣ।

ਪੰਜ ਸਾਲ ਤੋਂ ਉੱਪਰ - ਇਸ ਉਮਰ ਦੇ ਬੱਚੇ ਸਕੂਲ 'ਚ ਲੱਗਣ ਦੀ ਉਮਰ ਆ ਜਾਂਦੇ ਹਨ। ਇਸ ਉਮਰ ਵਿੱਚ ਉਹਨਾਂ ਨੂੰ ਆਪਣੀ ਪੜ੍ਹਾਈ ਸਬੰਧੀ ਕਈ ਪ੍ਰਕਾਰ ਦੀਆਂ ਟੈਨਸ਼ਨਾਂ ਹੋ ਸਕਦੀਆਂ ਹਨ। ਸਕੂਲ ਜਾਣਾ, ਅਧਿਆਪਕਾਂ ਦਾ ਡਰ, ਮਾਤਾ-ਪਿਤਾ ਦੀਆਂ ਉਮੀਦਾਂ ਅਤੇ ਚੰਗੇ ਨੰਬਰ ਲੈਣ ਦਾ ਦਬਾਅ ਬੱਚਿਆਂ ਨੂੰ ਟੈਨਸ਼ਨ ਵਿੱਚ ਰੱਖਣ ਦਾ ਕਾਰਨ ਬਣ ਸਕਦਾ ਹੈ।

ਇੰਝ ਦੂਰ ਕਰੋ ਬੱਚਿਆਂ ਦੀ ਟੈਨਸ਼ਨ - ਡਾ. ਅਜੈ ਦਾ ਕਹਿਣਾ ਹੈ ਕਿ ਬੱਚਿਆਂ ਨੂੰ ਉਹਨਾਂ ਦੇ ਰੁਚੀ ਵਾਲੇ ਪ੍ਰੋਗਰਾਮ ਵਿੱਚ ਹਿੱਸਾ ਲੈਣ ਲਈ ਉਤਸ਼ਾਹਿਤ ਕਰਨਾ ਚਾਹੀਦਾ ਹੈ। ਜੇਕਰ ਬੱਚੇ ਉਸ ਵਿੱਚ ਦਿਲਚਸਪੀ ਨਾ ਲੈਣ ਤਾਂ ਇਸ ਦਾ ਕਾਰਨ ਜਾਣਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ ਬੱਚਾ ਇਸ ਵਿੱਚ ਦਿਲਚਸਪੀ ਕਿਉਂ ਨਹੀਂ ਲੈ ਰਿਹਾ। ਇਸ ਵਿਸ਼ੇ ਤੇ ਤੁਸੀਂ ਬੱਚੇ ਦੀ ਕਲਾਸ ਟੀਚਰ ਨਾਲ ਗੱਲਬਾਤ ਕਰ ਸਕਦੇ ਹੋ।

- ਬੱਚੇ ਨੂੰ ਹਰ ਰੋਜ਼ ਕਸਰਤ ਕਰਨ ਦੀ ਸਲਾਹ ਦਿਉ। ਟੈਨਸ਼ਨ ਤੋਂ ਬਾਹਰ ਆਉਣ 'ਚ ਕਸਰਤ ਦਾ ਬੇਹੱਦ ਯੋਗਦਾਨ ਹੈ। ਇਸ ਨਾਲ ਸਰੀਰ ਅਤੇ ਦਿਮਾਗ ਦੋਵਾਂ ਦੀ ਫਿਟਨੈਸ ਬਣੀ ਰਹਿੰਦੀ ਹੈ।

- ਜੇਕਰ ਬੱਚਾ ਕਿਸੇ ਸਮੱਸਿਆ ਨਾਲ ਲੜ ਰਿਹਾ ਹੈ, ਤਾਂ ਉਸਦੇ ਬਾਰੇ ਵਿੱਚ ਜਾਣੋ ਅਤੇ ਨਾਲ ਹੀ ਉਸਦਾ ਹੱਲ ਵੀ ਦੱਸੋ। ਜੇਕਰ ਤੁਸੀਂ ਇੱਕ-ਦੋ ਵਾਰ ਬੱਚੇ ਦੀ ਮਦਦ ਕਰ ਦਿਉਗੇ ਤਾਂ ਉਸ ਨਾਲ ਬੱਚਾ ਵੱਡੀ ਤੋਂ ਵੱਡੀ ਮੁਸ਼ਕਲ ਨੂੰ ਬਿਨਾਂ ਕਿਸੇ ਤਨਾਅ ਦੇ ਹੱਲ ਕਰਨਾ ਸਿੱਖ ਜਾਵੇਗਾ।

- ਬੱਚੇ ਨੂੰ ਸਮੇਂ ਦਾ ਸਹੀ ਪ੍ਰਯੋਗ ਕਰਨਾ ਸਿਖਾਉ। ਬੱਚੇ ਨੂੰ ਦੱਸੋ ਕਿ ਪਹਿਲਾਂ ਕੀ ਕਰਨਾ ਜ਼ਰੂਰ ਹੈ ਕਿਉਂਕਿ ਬੱਚਿਆਂ ਦੀ ਆਦਤ ਦੇ ਅਨੁਸਾਰ ਜ਼ਿਆਦਾ ਕੰਮ ਇੱਕੋਂ ਸਮੇਂ ਕਰਨ ਦੀ ਸੋਚ ਲੈਂਦੇ ਹਨ ਪਰ ਉਹਨਾਂ ਨੂੰ ਪੂਰਾ ਨਹੀਂ ਕਰ ਪਾਉਂਦੇ। ਅਜਿਹੀ ਹਾਲਤ ਵਿੱਚ ਤੁਸੀਂ ਬੱਚਿਆਂ ਨੂੰ ਦੱਸ ਸਕਦੇ ਹੋ ਕਿ ਉਹ ਆਪਣੇ ਕੰਮਾਂ ਨੂੰ ਕਿਸ ਤਰ੍ਹਾਂ ਹੱਲ ਕਰ ਸਕਦੇ ਹਨ।

- ਕੁੱਝ ਬੱਚੇ ਇਸ ਲਈ ਕੋਈ ਵੀ ਕੰਮ ਸ਼ੁਰੂ ਨਹੀਂ ਕਰ ਪਾਉਂਦੇ ਕਿਉਂਕਿ ਉਹਨਾਂ ਨੂੰ ਅਸਫਲਤਾ ਦਾ ਡਰ ਰਹਿੰਦਾ ਹੈ। ਕਿਸੇ ਪ੍ਰਤੀਯੋਗਤਾ ਵਿੱਚ ਬੈਠਣ ਤੋਂ ਪਹਿਲਾਂ ਉਹ ਦਸ ਵਾਰ ਸੋਚਦੇ ਹਨ। ਅਜਿਹੀ ਸਥਿਤੀ ਵਿੱਚ ਤੁਸੀਂ ਬੱਚਿਆਂ ਦੀ ਮਦਦ ਕਰੋ ਤਾਂ ਜੋ ਕਿਸੇ ਵੀ ਤਰ੍ਹਾਂ ਦੀ ਸਮੱਸਿਆ ਨੂੰ ਆਸਾਨੀ ਨਾਲ ਸੁਲਝਾ ਸਕਣ।

- ਬੱਚੇ ਦੀ ਕਿਸੇ ਵੀ ਅਸਫਲਤਾ 'ਤੇ ਉਸਨੂੰ ਝਿੜਕੋ ਨਾ, ਉਸਨੂੰ ਸਮੱਸਿਆ ਨਾਲ ਨਿਪਟਣ ਦਾ ਸਹੀ ਢੰਗ ਦੱਸੋ। ਨਹੀਂ ਤਾਂ ਬੱਚਾ ਵਾਰ-ਵਾਰ ਆ ਰਹੀਆਂ ਰੁਕਾਵਟਾਂ ਦੇ ਕਾਰਨ ਟੈਨਸ਼ਨ ਵਿੱਚ ਰਹਿਣ ਲੱਗ ਪਵੇਗਾ।

- ਕਿੱਤਾ ਚੁਣਨ ਦੀ ਲਾਈਨ ਵਿੱਚ ਆਉਣ ਤੋਂ ਬਾਅਦ ਬੱਚੇ ਇਸ ਲਈ ਟੈਨਸ਼ਨ ਵਿੱਚ ਰਹਿੰਦੇ ਹਨ ਕਿਉਂਕਿ ਉਹਨਾਂ ਨੂੰ ਸਮਝ ਨਹੀਂ ਆਉਂਦਾ ਕਿ ਕਿਹੜਾ ਕਿੱਤਾ ਚੁਣਨ। ਬੱਚੇ ਦੀ ਕਿੱਤਾ ਚੁਣਨ ਵਿੱਚ ਤੁਸੀਂ ਉਸਦੀ ਰੁੱਚੀ ਮੁਤਾਬਕ ਉਸਨੂੰ ਸਮਝਾਕੇ ਉਸਦੀ ਮੱਦਦ ਕਰ ਸਕਦੇ ਹੋ।

- ਸਰੋਜ ਧੂਲਿਆ

# ਦੇਵੀ ਦੇਵਤਿਆਂ ਤੋਂ ਬਾਅਦ ਹੁਣ ਮੋਟਰਸਾਈਕਲ ਦੀ ਵੀ ਪੂਜਾ

ਸਾਡੇ ਦੇਸ਼ ਵਿੱਚ ਤਰ੍ਹਾਂ ਦੇ ਕਾਲਪਨਿਕ ਦੇਵੀ-ਦੇਵਤਿਆਂ, ਪੀਰਾਂ, ਫਕੀਰਾਂ, ਬੁੱਤਾਂ, ਮਜਾਰਾਂ, ਮੰਦਰ, ਦਰਗਾਹਾਂ, ਤੀਰਥ ਸਥਾਨਾਂ, ਰੁੱਖਾਂ, ਜਾਨਵਰਾਂ ਦੀ ਪੂਜਾ ਤਾਂ ਅਸੀਂ ਜ਼ਰੂਰ ਹੁੰਦੀ ਵੇਖੀ ਹੈ ਪਰ ਹੈਰਾਨੀ ਵਾਲੀ ਗੱਲ ਇਹ ਹੈ ਕਿ ਇੱਕ ਐਕਸੀਡੈਂਟ ਹੋਕੇ ਮਰੇ ਹੋਏ ਆਦਮੀ ਦੇ ਬੁਲਟ ਮੋਟਰ ਸਾਈਕਲ ਦੀ ਵੀ ਪੂਜਾ ਹੋਵੇ। ਗੱਲ ਕੁਝ ਹਜ਼ਮ ਨਹੀਂ ਹੁੰਦੀ ਪਰ ਇਹ ਸੱਚ ਹੈ ਇਸ ਲਈ ਤੁਹਾਨੂੰ ਜ਼ਰੂਰ ਯਕੀਨ ਕਰਨਾ ਪਵੇਗਾ ਕਿਉਂਕਿ ਇਹ ਇੱਕ ਰੂੜੀਵਾਦੀ ਸੰਕੀਰਨ ਸੋਚ ਵਾਲੇ ਮੁਲਕ ਦੀ ਤਰਾਸਦੀ ਹੈ। ਕਿਸੇ ਅਮਰੀਕਾ, ਕੈਨੇਡਾ ਜਿਹੇ ਵਿਕਾਸਸ਼ੀਲ ਦੇਸ਼ ਦੀ ਕਹਾਣੀ ਨਹੀਂ। ਇਥੇ ਛੋਟੀ ਜਿਹੀ ਗੱਲ ਨੂੰ ਸਨਸਨੀਖੇਜ, ਹੈਰਤ ਅੰਗੇਜ ਤੇ ਚਮਤਕਾਰੀ ਬਣਾ ਦੇਣ ਵਾਲੇ ਅਨੇਕਾਂ ਚਲਾਕ ਲੋਕ ਹਨ। ਮੁੱਠੀ ਭਰ ਬੁੱਧੀਮਾਨ ਲੋਕ ਨਾ-ਮਾਤਰ। ਇੱਥੇ ਹਕੀਕਤ ਨੂੰ ਜਾਨਣ ਤੋਂ ਪਹਿਲਾਂ ਹੀ ਲੋਕ ਉਸਨੂੰ ਕੌਤਕੀ ਵਰਤਾਰਾ ਸਮਝ ਕੇ ਉਸ ਦੀ ਤਹਿ ਤੱਕ ਜਾਣ ਤੋਂ ਪਹਿਲਾਂ ਹੀ ਉਸ ਦੇ ਕਾਰਣ ਪਿੱਛੇ ਗੈਬੀ ਠੱਪਾ ਲਾ ਦਿੰਦੇ ਹਨ। ਇਸੇ ਤਰ੍ਹਾਂ ਦੇ ਭਰਮ ਦਾ ਸ਼ਿਕਾਰ ਹੋਏ ਲੋਕ ਅੱਜ ਵੀ ਮੋਟਰ ਸਾਈਕਲ ਦੀ ਪੂਜਾ ਬੜੀ ਸ਼ਰਧਾ ਨਾਲ ਕਰ ਰਹੇ ਹਨ। ਉਸ ਅੱਗੇ ਨੱਕ ਰਗੜਦੇ ਹਨ, ਹੱਥ ਜੋੜਦੇ ਹਨ, ਮੁਰਾਦਾਂ ਮੰਗਦੇ ਹਨ। ਉਸ ਉਪਰ ਚੜ੍ਹਾਵਾਂ ਚੜ੍ਹਾਉਂਦੇ ਹਨ। ਕਿਸੇ ਅਪਾਹਜ ਜਾਂ ਲੋੜਵੰਦ ਦੀ ਮਦਦ ਕਰਨ ਦੀ ਬਜਾਇ ਉਸ ਬੇਜਾਨ ਲੋਹੇ ਤੇ ਮਾਇਆ ਦੇ ਗੱਫੇ ਚੜ੍ਹਾਉਂਦੇ ਹਨ। ਉਸ ਮੋਟਰਸਾਈਕਲ ਪ੍ਰਤੀ ਅੰਨੀ ਸ਼ਰਧਾ ਤੇ ਆਸਥਾ ਉਸ ਇਲਾਕੇ ਵਿੱਚ ਇੰਨਾ ਘਰ ਕਰ ਗਈ ਕਿ ਕੋਈ ਵੀ ਆਦਮੀ ਉਸ ਉਪਰ ਕਿੰਤੂ-ਪ੍ਰੰਤੂ ਨਹੀਂ ਕਰਦਾ ਸਗੋਂ ਅਲੌਕਿਕ ਕਰਿਸ਼ਮਿਆਂ ਨਾਲ ਖਚਾਖਚ ਭਰੀਆਂ ਬੇ-ਤੁਕੀਆਂ ਕਹਾਣੀਆਂ ਸੁਣਾ ਸੁਣਾਕੇ ਉਸ ਪ੍ਰਤੀ ਅੰਧ ਧਾਰਨਾ ਦਾ ਸਬੂਤ ਦਿੰਦਾ ਹੈ। ਹੋਰ ਤਾਂ ਹੋਰ ਉਸ ਇਲਾਕੇ ਦੇ ਥਾਣੇ ਵਿੱਚ ਆਉਣ ਵਾਲਾ ਨਵਾ ਦਰੋਗਾ ਆਪਣੀ ਡਿਊਟੀ ਜੁਆਇਨ ਕਰਨ ਤੋਂ ਪਹਿਲਾਂ ਇੱਥੇ ਮੱਥਾ ਟੇਕਦਾ ਹੈ ਤੇ ਪ੍ਰਸ਼ਾਦ ਚੜ੍ਹਾਉਂਦਾ ਹੈ।

ਜੋਧਪੁਰ-ਅਹਿਮਦਾਬਾਦ ਰਾਸ਼ਟਰੀ ਰਾਜਮਾਰਗ ਤੇ ਇਹ ਜਗ੍ਹਾ ਹੈ ਰਾਜ ਸਥਾਨ ਵਿੱਚ। ਜੋਧਪੁਰ ਤੋਂ ਪਾਲੀ ਜਾਣ ਲਈ 20 ਕਿਲੋਮੀਟਰ ਪਹਿਲਾ ਹੀ ਰੋਹਿਟ ਥਾਣੇ ਦਾ ਬੋਰਡ ਲੱਗਿਆ ਹੋਇਆ ਹੈ। ਜਿਸ ਉਪਰ ਵੱਡੇ-ਵੱਡੇ ਅੱਖਰਾਂ ਨਾਲ ਹਿੰਦੀ ਵਿੱਚ ਲਿਖਿਆ ਹੋਇਆ ਹੈ।

ਦੁਰਘਟਨਾ ਸੰਭਾਵਿਤ ਖੇਤਰ - 1. ਦੁਰਘਟਨਾ ਦੇ ਚੇਤਾਵਨੀ ਭਰੇ ਸ਼ਬਦ ਦੇਖਕੇ ਵਾਹਨ ਚਾਲਕਾਂ ਦੇ ਹੋਸ਼ ਉੱਡ ਜਾਂਦੇ ਹਨ। ਹਰ ਇਕ ਡਰਾਇਵਰ ਦੇ ਅੰਦਰ ਇਕ ਡਰ ਹੁਸ਼ਿਆਰੀ ਤੇ ਉਸ ਮੋਟਰ ਸਾਈਕਲ ਬਾਰੇ ਸ਼ਰਧਾ ਪੈਦਾ ਹੋ ਜਾਂਦੀ ਹੈ। ਅੱਗੇ ਜਾਕੇ ਥੋੜ੍ਹੀ ਦੂਰੀ ਤੇ ਤਰ੍ਹਾਂ ਤਰ੍ਹਾਂ ਦੇ ਪੂਜਾ ਦੇ ਸਮਾਨ ਵਾਲੀਆਂ ਦੁਕਾਨਾਂ ਮਿਲਦੀਆਂ ਹਨ। ਇਸ ਤੋਂ ਬਾਅਦ ਇੱਕ ਚਬੂਤਰਾ ਮਿਲਦਾ ਹੈ ਜੋ ਹਮੇਸ਼ਾ ਹੀ ਲੋਕਾਂ ਦੀ ਭੀੜ ਨਾਲ ਘਿਰਿਆ ਹੁੰਦਾ ਹੈ। ਇਸ ਚਬੂਤਰੇ ਉੱਪਰ ਇੱਕ ਮੋਟਰਸਾਈਕਲ ਖੜ੍ਹਾ ਹੈ ਜਿਸਨੂੰ ਫੁੱਲਾਂ ਦੇ ਹਾਰਾਂ ਨਾਲ ਅੱਧ-ਢਕਿਆ ਹੁੰਦਾ ਹੈ। ਉਸ ਚਬੂਤਰੇ ਨੂੰ "ਓਮਬੰਨਾ" ਕਿਹਾ ਜਾਂਦਾ ਹੈ। ਇਹ ਮੋਟਰ ਸਾਈਕਲ ਉਸ ਇਲਾਕੇ ਦੇ ਲੋਕਾਂ ਵਿੱਚ ਸ਼ਰਧਾ ਦਾ ਪ੍ਰਤੀਬਿੰਬ ਕਿਉਂ ਬਣਿਆ। ਇਸ ਪਿੱਛੇ ਵੀ ਇੱਕ ਕਹਾਣੀ ਛੁਪੀ ਹੋਈ ਹੈ ਜੋ ਅਸਲੀ ਸਚਾਈ ਤੋਂ ਕੋਹਾਦੂਰ ਪਰੇ ਆਪਣੀ ਕਹਾਣੀ ਕੁਝ ਇਸ ਤਰ੍ਹਾਂ ਬਿਆਨ ਕਰਦੀ ਹੈ। ਚੋਟਿਲਾ ਪਿੰਡ ਦੇ ਰਹਿਣ ਵਾਲੇ ਰਾਜਪੂਤ ਜੋਗ ਸਿੰਘ ਦਾ ਪੁੱਤਰ ਓਮ ਸਿੰਘ ਆਪਣੇ ਬਾਪ ਅੱਗੇ ਜਿੱਦ ਕਰਨ ਲੱਗਾ ਕਿ ਉਸਨੂੰ ਮੋਟਰ ਸਾਈਕਲ ਲੈਕੇ ਦਿੱਤਾ ਜਾਵੇ। ਉਸਨੇ ਖੇਤੀਬਾੜੀ ਦੇ ਕੰਮਾਂ ਤੋਂ ਜੀਅ ਚਰਾਉਣਾ ਸ਼ੁਰੂ ਕਰ ਦਿੱਤਾ। ਆਖਰਕਾਰ ਪਿੰਡ ਦੇ ਕੁਝ ਸਿਆਣਿਆਂ ਬੰਦਿਆਂ ਨੇ ਜੋਗ ਸਿੰਘ ਨੂੰ ਸਮਝਾਇਆ ਕਿ ਤੂੰ ਕਿਸ ਲਈ ਪੈਸਾ ਇਕੱਠਾ ਕਰ ਰਹਿਆ ਏ ਤੇਰੇ ਮਰਨ ਤੋਂ ਬਾਅਦ ਵੀ ਤਾਂ ਉਸ ਉਪਰ ਹੱਕ ਔਲਾਦ ਦਾ ਹੀ ਹੋਏਗਾ ਫਿਰ ਕਿਸ ਲਈ ਮਰੂੰ ਮਰੂੰ ਕਰ ਰਿਹਾ ਹੈ। ਤੇਰੇ ਵਰਗੇ ਸਰਦੇ ਪੁਜਦੇ ਜਿਮੀਂਦਾਰ ਨੂੰ ਮੋਟਰਸਾਈਕਲ ਲੈ ਕੇ ਦੇਣੀ ਕਿਹੜੀ ਵੱਡੀ ਗੱਲ ਹੈ। ਪਰ ਜੋਗ ਸਿੰਘ ਨੂੰ ਇਸ ਗੱਲ ਦਾ ਵੀ ਪਤਾ ਸੀ ਕਿ ਉਸ ਦਾ ਪੁੱਤਰ ਸੁਧਰਨ ਦੀ ਬਜਾਇ ਹੋਰ ਵਿਗੜ ਜਾਵੇਗਾ। ਲੋਕਾਂ ਦੁਆਰਾ ਦਿੱਤੀਆਂ ਦਲੀਲਾਂ ਜੋਗ ਸਿੰਘ ਨੂੰ ਕੁਝ ਗਲਤ ਤੇ ਕੁਝ ਸਹੀ ਲੱਗੀਆਂ। ਅਖੀਰ ਵਿੱਚ ਔਲਾਦ ਦੀ ਜਿਦ ਅੱਗੇ ਹਥਿਆਰ ਸੁੱਟ ਚੁੱਕੇ ਬਾਪ ਨੇ ਆਪਣਾ ਫੈਸਲਾ ਹਾਂ ਪੱਖੀ ਰਵੱਈਏ ਵਿੱਚ ਤਬਦੀਲ ਕਰ ਲਿਆ। ਨਵੀਂ ਚਕਾਚਕ ਮੋਟਰ ਸਾਈਕਲ ਲੈ ਕੇ ਪੁੱਤ ਨੂੰ ਦੇ ਦਿੱਤੀ। ਅੰਤ ਵਿੱਚ ਉਹੀ ਹੋਇਆ ਜਿਸ ਦੀ ਜੋਰਾ ਸਿੰਘ ਨੂੰ ਪਹਿਲਾਂ ਤੋਂ ਹੀ ਉਮੀਦ ਸੀ। ਸਾਰਾ ਸਾਰਾ ਦਿਨ ਓਮ ਸਿੰਘ ਗਲੀਆਂ ਵਿੱਚ ਚੱਕਰ ਕੱਟਦਾ ਨਜ਼ਰ ਆਉਂਦਾ। ਉਹ ਬਿਨਾਂ ਕੰਮਕਾਰ ਤੋਂ ਰਿਸ਼ਤੇਦਾਰੀਆਂ ਵਿੱਚ ਘੁੰਮਦਾ ਰਹਿੰਦਾ। ਪਿੰਡ ਵਿੱਚ ਕੀ ਪੂਰੇ ਇਲਾਕੇ ਵਿੱਚ ਓਮ ਸਿੰਘ ਪੂਰੀ ਰਫਤਾਰ ਵਿੱਚ ਮੋਟਰਸਾਈਕਲ ਦੜ੍ਹਾਉਂਦਾ। ਇਸ ਤਰ੍ਹਾਂ ਲੱਗਦਾ ਜਿਵੇਂ ਉਹਦੀ ਜੀਵਨ ਲੀਲਾ ਜਲਦੀ ਖ਼ਤਮ ਹੋ ਜਾਏਗੀ। ਫਿਰ ਇੱਕ ਦਿਨ 1988 ਵਿੱਚ ਤੇਜ ਰਫਤਾਰ ਦੇ ਕਾਰਨ ਉਹ ਐਕਸੀਡੈਂਟ ਹੋ ਕੇ ਦੁਨੀਆਂ ਨੂੰ ਅਲਵਿਦਾ ਕਹਿ ਗਿਆ। ਪੁੱਤਰ ਦੀ ਜਵਾਨੀ ਵਿੱਚ ਆਈ ਮੌਤ ਦੀ ਖਬਰ ਸੁਣਕੇ ਜੋਰਾ ਸਿੰਘ ਦੇ ਹੋਸ਼ ਉਡ ਗਏ। ਕਿਸੇ ਨੇ ਓਮ ਸਿੰਘ ਦੇ ਮਰ ਜਾਣ ਦੀ ਖਬਰ ਥਾਣੇ ਵਿੱਚ ਜਾਕੇ ਦੇ ਦਿੱਤੀ। ਪੁਲਿਸ ਨੇ ਮੌਕੇ ਤੇ ਪਹੁੰਚਕੇ ਲਾਸ਼ ਨੂੰ ਪੋਸਟ ਮਾਰਟਮ ਲਈ ਭੇਜ ਦਿੱਤਾ ਤੇ ਮੋਟਰਸਾਈਕਲ ਨੂੰ ਕਾਗਜ਼ੀ ਕਾਰਵਾਈ ਪੂਰੀ ਕਰਨ ਲਈ ਥਾਣੇ ਲੈ ਆਂਦਾ।

ਦੂਸਰੇ ਦਿਨ ਥਾਣੇ ਵਿੱਚੋਂ ਮੋਟਰਸਾਈਕਲ ਗਾਇਬ ਹੋ ਗਿਆ। ਉਹ ਉਸ ਜਗ੍ਹਾ ਖੜ੍ਹਾ ਮਿਲਿਆ ਜਿੱਥੇ ਅੱਜ ਵੀ ਖੜ੍ਹਾ ਹੈ। ਕੁਝ ਅੰਧ-ਵਿਸ਼ਵਾਸੀ ਲੋਕ ਦੱਸਦੇ ਹਨ ਕਿ ਉਸੇ ਰਾਤ ਓਮ ਸਿੰਘ ਦੀ ਰੂਹ ਉਸਦੇ ਪਿਤਾ ਜੋਰਾ ਸਿੰਘ ਕੋਲ ਆ ਕੇ ਕਹਿਣ ਲੱਗੀ ਕਿ ਮੋਟਰਸਾਈਕਲ ਨੂੰ ਉਥੇ ਹੀ ਰਹਿਣ ਦਿੱਤਾ ਜਾਵੇ ਤੇ ਉਸ ਦੀ ਪੂਜਾ ਕੀਤੀ ਜਾਵੇ। ਜੋਰਾ ਸਿੰਘ ਨੇ ਰੂਹ ਵਾਲੀ ਕਹਾਣੀ ਥਾਣੇਦਾਰ ਨੂੰ ਜਾ ਸੁਣਾਈ। ਜੋਰਾ ਸਿੰਘ ਚੰਗੇ ਅਸਰ ਰਸੂਖ ਤੇ ਪੈਸੇ ਟਕੇ ਵਾਲਾ ਰਾਜਪੂਤ ਸੀ। ਪੁਲਿਸ ਨੇ ਜੋਰਾ ਸਿੰਘ ਦੁਆਰਾ ਦੱਸੀ ਕਹਾਣੀ ਉਪਰ ਯਕੀਨ ਕਰਕੇ ਕੇਸ ਨੂੰ ਰਫਾ ਦਫਾ ਕਰ ਦਿੱਤਾ।

ਜੇਕਰ ਸਾਰੀ ਘਟਨਾ ਉਪਰ ਤਰਕਸ਼ੀਲ ਆਧਾਰ ਤੇ ਸੋਚਿਆ ਜਾਵੇ। ਜਦੋਂ ਮੋਟਰਸਾਈਕਲ ਥਾਣੇ ਵਿੱਚ ਆ ਗਿਆ ਸੀ। ਉਹ ਲਾਪਤਾ ਕਿਸ ਤਰ੍ਹਾਂ ਹੋਇਆ। ਐਕਸੀਡੈਂਟ ਨਾਲ ਨੁਕਸਾਨਿਆਂ ਇਹ ਮੋਟਰ ਸਾਈਕਲ ਕਿਸ ਤਰ੍ਹਾਂ ਉਥੇ ਪੁੱਜਾ। ਜਦੋਂ ਕਿ ਥਾਣੇ ਵਿੱਚ ਰਾਤ ਦੇ ਸਮੇਂ ਕੋਈ ਨਾ ਕੋਈ ਜ਼ਰੂਰ ਰਾਤ ਨੂੰ ਪਹਿਰੇਦਾਰ ਜਾਗਦਾ ਹੁੰਦਾ ਹੈ। ਇਹੋ ਜਿਹੇ ਢੇਰ ਸਾਰੇ ਹੋਰ ਵੀ ਸੁਆਲ ਹਨ ਜਿਹਨਾਂ ਦਾ ਉਤਰ ਕੋਈ ਅੱਜ ਤੱਕ ਨਹੀਂ ਦੇ ਸਕਿਆ। ਸਗੋਂ ਉਸ ਇਲਾਕੇ ਦੇ ਅੰਧ ਵਿਸ਼ਵਾਸੀ ਲੋਕ ਬੜੇ ਫ਼ਖ਼ਰ ਨਾਲ ਦੱਸਦੇ ਹਨ ਕਿ ਜਦੋਂ ਦੀ ਮੋਟਰ ਸਾਈਕਲ ਦੀ ਪੂਜਾ ਹੋ ਰਹੀ ਉਥੇ ਕੋਈ ਹਾਦਸਾ ਨਹੀਂ ਹੋਇਆ ਤੇ ਨਾ ਹੀ ਕਿਸੇ ਦੀ ਬੇ-ਵਕਤ ਮੌਤ!

- ਜਗਤਾਰ ਸਿੰਘ ਭੱਟੀ, 97795-46567

# ਕੰਪਿਊਟਰ ਦੀ ਦੁਨੀਆਂ ਚੋਂ.........

– ਅਮਿਤ ਮਿੱਤਰ

## ਕਮਾਲ ਇੱਕ ਮਿੰਟ ਦਾ

ਤੁਸੀਂ ਚਾਹੇ ਇੱਕ ਮਿੰਟ ਕਿਸੇ ਕੰਮ ਦੇ ਬਾਰੇ ਵਿੱਚ ਹੀ ਸੋਚਣ 'ਤੇ ਲਾ ਦਿੰਦੇ ਹੋ, ਪਰ ਦੁਨੀਆ ਇੱਕ ਮਿੰਟ ਵਿੱਚ ਤਮਾਮ ਕਮਾਲ ਕਰ ਦਿੰਦੀ ਹੈ। ਆਈਏ ਜਾਣਦੇ ਹਾਂ ਕਿ ਬੇਹੱਦ ਤੇਜ਼ੀ ਨਾਲ ਭੱਜਦੀ ਦੁਨੀਆ ਵਿੱਚ ਇੰਟਰਨੈਟ 'ਤੇ ਇੱਕ ਮਿੰਟ ਵਿੱਚ ਕੀ ਕੀ ਹੋ ਜਾਂਦਾ ਹੈ।

ਜੇਕਰ ਤੁਹਾਨੂੰ ਇੱਕ ਮਿੰਟ ਵਿੱਚ ਸ਼ਾਪਿੰਗ ਕਰਨ ਦੇ ਲਈ ਕਿਹਾ ਜਾਵੇ, ਤਾਂ ਸ਼ਾਇਦ ਤੁਸੀਂ ਕੁਝ ਵੀ ਪਸੰਦ ਨਹੀਂ ਕਰ ਸਕਦੇ। ਪਰ ਦੁਨੀਆ ਵਿੱਚ ਇੱਕ ਮਿੰਟ ਵਿੱਚ ਨਾ ਸਿਰਫ਼ ਬਹੁਤ ਸਾਰੀ ਸ਼ਾਪਿੰਗ ਹੋ ਜਾਂਦੀ ਹੈ, ਬਲਕਿ ਏਨੇ ਸਮੇਂ ਵਿੱਚ ਇੰਟਰਨੈਟ ਦੀ ਦੁਨੀਆ ਵਿੱਚ ਵੀ ਬਹੁਤ ਕੁਝ ਹੋ ਜਾਂਦਾ ਹੈ। ਪਿਛਲੇ ਦਿਨੀਂ ਆਈ ਇੱਕ ਵੈਬਸਾਈਟ ਦੀ ਰਿਪੋਰਟ ਵਿੱਚ ਦੁਨੀਆ ਭਰ ਵਿੱਚ ਨੈੱਟ 'ਤੇ ਇੱਕ ਮਿੰਟ ਵਿੱਚ ਹੋਣ ਵਾਲੇ ਕੰਮਾਂ ਦੇ ਅੰਕੜਿਆਂ ਦੇ ਬਾਰੇ ਦੱਸਿਆ ਗਿਆ ਹੈ।

**ਕੰਪਿਊਟਰ, ਫਲੋਪੀ ਅਤੇ ਸੀਡੀ:** ਤੁਸੀਂ ਚਾਹੇ ਕੰਪਿਊਟਰ ਸ਼ਾਪ 'ਤੇ ਜਾ ਕੇ ਕਾਫ਼ੀ ਟਾਇਮ ਲਗਾਉਂਦੇ ਹੋ, ਪਰ ਦੁਨੀਆ ਵਿੱਚ ਇੱਕ ਮਿੰਟ ਵਿੱਚ 710 ਕੰਪਿਊਟਰ ਵਿਕ ਜਾਂਦੇ ਹਨ। ਇਹ ਹੀ ਨਹੀਂ, ਨੈੱਟ 'ਤੇ ਐਨੀ ਦੇਰ ਵਿੱਚ 4 ਹਜ਼ਾਰ ਯੂਐਸਬੀ ਡਿਵਾਇਸ ਵਿਕ ਜਾਂਦੀਆਂ ਹਨ। ਚਾਹੇ ਤੁਹਾਨੂੰ ਯਕੀਨ ਹੋਵੇ ਜਾਂ ਨਾ ਹੋਵੇ ਪਰ ਇੱਕ ਮਿੰਟ ਵਿੱਚ 2.6 ਮਿਲੀਅਨ ਸੀਡੀਜ਼ ਦੀ ਵੀ ਵਿਕਰੀ ਹੋ ਜਾਂਦੀ ਹੈ। ਜ਼ਾਹਿਰ ਹੈ ਕੰਪਿਊਟਰ ਅਤੇ ਇਸ ਨਾਲ ਜੁੜੀਆਂ ਐਨੀਆਂ ਚੀਜ਼ਾਂ ਵਿਕਣਗੀਆਂ, ਤਾਂ ਬਰਬਾਦ ਵੀ ਜ਼ਿਆਦਾ ਹੋਵੇਗਾ। ਇਹ ਹੀ ਵਜ੍ਹਾ ਹੈ ਕਿ ਇੱਕ ਮਿੰਟ ਵਿੱਚ 38 ਟਨ ਈ-ਕਬਾੜ ਤਿਆਰ ਹੋ ਜਾਂਦਾ ਹੈ।



**ਗੈਜਟ੍ਰਸ ਦੀ ਦੀਵਾਨਗੀ:** ਬੇਵੱਸ ਗੈਜਟ ਫ੍ਰੇਂਡਲੀ ਦੁਨੀਆ ਵਿੱਚ ਆਈਪੈਡ ਅਤੇ ਆਈਫੋਨ ਦੀ ਦੀਵਾਨਗੀ ਵੀ ਕਾਫ਼ੀ ਤੇਜ਼ੀ ਨਾਲ ਵਧ ਰਹੀ ਹੈ। ਇਸਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਇੱਕ ਮਿੰਟ ਵਿੱਚ 81 ਆਈਪੈਡ ਅਤੇ 925 ਆਈਫੋਨ 4ਐਸ ਵਿਕ ਜਾਂਦੇ ਹਨ। ਹਾਲਾਂਕਿ ਇੱਕ ਮਿੰਟ ਵਿੱਚ 103 ਬਲੈਕਬੇਰੀ ਦੀ ਵਿਕਰੀ ਇਸਦੇ ਵੱਧਦੇ ਰੁਝਾਨ ਨੂੰ ਸਾਬਿਤ ਕਰਦੀ ਹੈ। ਗੇਮਿੰਗ ਦੇ ਸ਼ੌਕੀਨ ਇੱਕ ਮਿੰਟ ਵਿੱਚ 11 ਐਕਸ ਵਾਕਸ 360 ਕੰਸੋਲਸ ਖਰੀਦ ਲੈਂਦੇ ਹਨ, ਤਾਂ ਕਿੰਡਲ ਦੇ ਦੀਵਾਨੇ 1 ਮਿੰਟ ਵਿੱਚ 18 ਅਮੇਜਿਨ ਕਿੰਡਲ ਖਰੀਦ ਲੈਂਦੇ ਹਨ। ਜੇਕਰ ਗੱਲ ਵੀਡੀਓ ਗੇਮਜ਼ ਦੀ ਦੀਵਾਨਗੀ ਦੀ ਕਰੀਏ ਤਾਂ ਹਰ ਮਿੰਟ ਵਿੱਚ ਇਸਦੀ 450 ਸੀਡੀਜ਼ ਵਿਕ ਜਾਂਦੀਆਂ ਹਨ।

**ਈ-ਸ਼ਾਪਿੰਗ ਦਾ ਕ੍ਰੇਜ:** ਇੰਟਰਨੈਟ ਦੀ ਦੁਨੀਆਂ ਵਿੱਚ ਸ਼ਾਪਿੰਗ ਕਰਨ ਵਾਲਿਆਂ ਦੀ ਸੰਖਿਆ ਵੀ ਦਿਨੋਂ ਦਿਨ ਵੱਧਦੀ ਜਾ ਰਹੀ ਹੈ। ਇਸਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਆਨਲਾਈਨ ਸ਼ਾਪਿੰਗ ਦੇ ਲਈ ਪੇ ਪਾਲ ਤੋਂ ਆਨਲਾਇਨ ਪੇਮੈਂਟ ਕਰਨ ਵਾਲੇ ਇੱਕ ਮਿੰਟ ਵਿੱਚ 2 ਲੱਖ 19 ਹਜ਼ਾਰ ਡਾਲਰ ਦੀ ਪੇਮੈਂਟ ਕਰ ਦਿੰਦੇ ਹਨ, ਇਸ ਮੋਬਾਇਲ 'ਤੇ ਪੇ ਪਾਲ ਤੋਂ ਪੇਮੈਂਟ ਕਰਨ ਵਾਲੇ ਹਰ ਮਿੰਟ 10 ਹਜ਼ਾਰ ਦੀ ਪੇਮੈਂਟ ਕਰ ਦਿੰਦੇ ਹਨ। ਇਹ ਹੀ ਗੱਲ ਜੇਕਰ ਈ-ਬੇ ਨਾਲ ਆਨਲਾਈਨ ਸ਼ਾਪਿੰਗ ਕਰਨ ਵਾਲਿਆਂ ਦੀ ਕਰੀਏ ਤਾਂ ਇਸ ਸਾਇਟ 'ਤੇ ਇੱਕ ਮਿੰਟ ਵਿੱਚ 950 ਤੋਂ ਜ਼ਿਆਦਾ ਆਈਟਮ ਵਿੱਕ ਜਾਂਦੀਆਂ ਹਨ, ਜਦੋਂਕਿ ਮੋਬਾਇਲ ਦੀ ਮਦਦ ਨਾਲ ਇਸ ਸਾਈਟ 'ਤੇ ਸ਼ਾਪਿੰਗ ਕਰਨ ਵਾਲੇ ਇੱਕ ਮਿੰਟ ਵਿੱਚ 180 ਆਈਟਮਜ਼ ਦੀ ਸ਼ਾਪਿੰਗ ਕਰ ਲੈਂਦੇ ਹਨ।

**ਵੱਧਦੀ ਇੰਟਰਨੈਟ ਦੀ ਵਰਤੋਂ:** ਗੂਗਲ ਇੰਟਰਨੈਟ ਦੀ ਦੁਨੀਆ ਦਾ ਸਭ ਤੋਂ ਵੱਡਾ ਖਿਲਾੜੀ ਹੈ। ਪਰ ਬਹੁਤ ਘੱਟ ਲੋਕਾਂ ਨੂੰ ਪਤਾ ਹੈ ਕਿ ਹਰ ਮਿੰਟ ਵਿੱਚ ਗੂਗਲ 75 ਹਜ਼ਾਰ ਡਾਲਰ ਦੀ ਕਮਾਈ ਕਰ ਲੈਂਦਾ ਹੈ। ਬੇਸ਼ੱਕ ਇਸ ਵਿੱਚ ਇੰਟਰਨੈਟ ਦੀ ਵਰਤੋਂ ਕਰਨ ਵਾਲਿਆਂ ਦਾ ਬਹੁਤ ਵੱਡਾ ਹੱਥ ਹੈ। ਹਾਲਾਂਕਿ ਇੰਟਰਨੈਟ ਨੂੰ ਲੋਕ ਆਪਣੇ ਆਪਣੇ ਤਰੀਕੇ ਨਾਲ ਇਸਤੇਮਾਲ ਕਰਦੇ ਹਨ। ਇਕ ਮਿੰਟ ਵਿੱਚ 2 ਮਿਲੀਅਨ ਯੂਜ਼ਰ ਗੰਦੀਆਂ ਫਿਲਮਾਂ ਦੇਖਦੇ ਹਨ, ਇੰਟਰਨੈਟ ਦੇ ਲਈ ਲੋਕ 1 ਮਿੰਟ ਵਿੱਚ 1400 ਫਿਲਮੀ ਸੀਡੀ ਆਨਲਾਈਨ ਰੇਟ 'ਤੇ ਲੈ ਲੈਂਦੇ ਹਨ।

**ਵੱਧ ਰਿਹਾ ਸਾਈਬਰ ਅਪਰਾਧ:** ਜਿੱਥੇ ਇੰਟਰਨੈਟ ਦੀ ਦੁਨੀਆਂ ਵਿੱਚ ਸ਼ਾਪਿੰਗ ਅਤੇ ਦੂਸਰੀ ਐਕਟੀਬੀਟੀਜ਼ ਵੱਧ ਰਹੀਆਂ ਹਨ ਉਥੇ ਹੀ ਸਾਈਬਰ ਜੁਰਮ ਵੀ ਤੇਜ਼ੀ ਨਾਲ ਵੱਧ ਰਿਹਾ ਹੈ। ਇਸਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਇੱਕ ਮਿੰਟ ਵਿੱਚ 232 ਕੰਪਿਊਟਰ, ਵਾਇਰਸਾਂ ਦੇ ਸ਼ਿਕਾਰ ਹੋ ਜਾਂਦੇ ਹਨ। ਉਥੇ ਐਨੀ ਦੇਰ ਵਿੱਚ 12 ਵੈੱਬਸਾਈਟਜ਼ ਹੈਕ ਹੋ ਜਾਂਦੀਆਂ ਹਨ। ਜੇਕਰ ਤੁਸੀਂ ਹੈਕਰਸ ਦੇ ਬੁਲੰਦ ਹੌਸਲਿਆਂ ਦਾ ਅੰਦਾਜ਼ਾ ਲਗਾਉਣਾ ਚਾਹੁੰਦੇ ਹੋ ਤਾਂ ਅਸੀਂ ਦੱਸ ਦੇਈਏ ਕਿ ਹਰ ਮਿੰਟ ਵਿੱਚ 416 ਵੈੱਬਸਾਈਟਜ਼ 'ਤੇ ਹੈਕਿੰਗ ਹਮਲਾ ਹੁੰਦਾ ਹੈ।

ਬੇਸ਼ੱਕ, ਇੰਟਰਨੈਟ 'ਤੇ ਮੌਜੂਦ ਜਬਰਦਸਤ ਡਾਟਾ ਦੀ ਵਜ੍ਹਾ ਨਾਲ ਹੀ ਸਾਈਬਰ ਕ੍ਰਾਈਮ ਵੱਧ ਰਿਹਾ ਹੈ। ਅੰਦਾਜ਼ਾ ਹੈ ਕਿ ਇੱਕ ਮਿੰਟ ਵਿੱਚ ਇੰਟਰਨੈਟ 'ਤੇ 1820 ਟੀਬੀ ਡਾਟਾ ਨਵਾਂ ਬਣਦਾ ਹੈ।

## ਤੁਹਾਡੇ ਇਸ਼ਾਰਿਆਂ ਦੇ ਮੁਤਾਬਿਕ ਕੰਮ ਕਰੇਗਾ ਲੈਪਟਾਪ

ਲੈਪਟਾਪ ਬਣਾਉਣ ਵਾਲੀ ਕੰਪਨੀਆਂ ਅਜਿਹੇ ਹਲਕੇ ਅਤੇ ਪਤਲੇ ਲੈਪਟਾਪ ਪੇਸ਼ ਕਰਨ ਜਾ ਰਹੀਆਂ ਹਨ ਜੋ ਕਿ ਮਨੁੱਖ ਦੇ ਆਦੇਸ਼ ਅਨੁਸਾਰ ਕੰਮ ਕਰ ਸਕਦੇ ਹਨ। ਹੁਣ ਆਧੁਨਿਕ 'ਅਲਟ੍ਰਾਬੁਕਸ' ਦਾ ਨਿਰਮਾਣ ਇੰਟੇਲ ਦੀ ਚਿਪ ਨਾਲ ਸੰਭਵ ਹੋ ਸਕਿਆ ਹੈ।

ਇੰਟੇਲ ਦੇ ਮੂਲੀ ਇਡੇਨ ਨੇ ਲਿਨੋਵੋ, ਏਸਰ, ਸੈਮਸੰਗ, ਐਲਜੀ ਅਤੇ ਐਚ ਪੀ ਦੁਆਰਾ ਪੇਸ਼ ਕੀਤੇ ਜਾਣ ਵਾਲੇ 'ਅਲਟ੍ਰਾਬੁਕਸ' ਦੇ ਨਾਲ ਨਾਲ ਆਧੁਨਿਕ ਪ੍ਰੋਟੋਟਾਇਪ 'ਨਿਕੀਸਕੀ' ਲੈਪਟਾਪ ਨੂੰ ਪ੍ਰਦਰਸ਼ਿਤ ਕੀਤਾ, ਜੋ ਕਿ 8 ਸਾਫ਼ਟਵੇਅਰ ਨਾਲ ਲੈਸ ਹਨ। ਨਿਕੀਸਕੀ ਵਿੱਚ ਕੀ-ਬੋਰਡ ਦੇ ਹੇਠਾਂ ਪਾਰਦਰਸ਼ੀ ਟਚ ਪੈਡ ਪੈਨਲ ਲੱਗਿਆ ਹੋਇਆ ਹੈ। ਲੈਪਟਾਪ ਦੇ ਬੰਦ ਰਹਿਣ ਤੱਕ ਵੀ ਇਸਦੀ ਸਕਰੀਨ ਟੱਚ ਪੈਡ ਪੈਨਲ ਦੇ ਜ਼ਰੀਏ ਬਾਹਰ ਤੋਂ ਵੀ ਦਿਖਾਈ ਦਿੰਦਾ ਰਹਿੰਦਾ ਹੈ। ਇਸ ਨਾਲ ਲੈਪਟਾਪ ਨੂੰ ਪੂਰਾ ਖੋਲ੍ਹੇ ਬਿਨ੍ਹਾਂ ਟੈਬਲੇਟ ਦੀ ਤਰ੍ਹਾਂ ਕੰਮ ਲਿਆ ਜਾ ਸਕਦਾ ਹੈ।



ਇਡੇਨ ਨੇ ਕਿਹਾ ਕਿ ਅਸੀਂ ਛੇ ਮਹੀਨੇ ਪਹਿਲਾ ਅਲਟ੍ਰਾਬੁਕਸ ਲਿਆਉਣ ਦੇ ਲਈ ਕੰਮ ਸ਼ੁਰੂ ਕੀਤਾ ਸੀ ਅਤੇ ਹੁਣ ਅਸੀਂ ਕੀਤੇ ਹੋਏ ਵਾਅਦੇ ਦੇ ਅਨੁਸਾਰ ਇਸ ਨੂੰ ਪੇਸ਼ ਕਰ ਰਹੇ ਹਾਂ।

ਉਨ੍ਹਾਂ ਨੇ ਕਿਹਾ ਕਿ ਅਸੀਂ ਇਸ ਦੀਆਂ ਕੀਮਤਾਂ ਵਿੱਚ ਕਮੀ ਲਿਆ ਕੇ ਅਲਟ੍ਰਾਬੁਕਸ ਨੂੰ ਆਮ ਲੋਕਾਂ ਵਿੱਚ ਉਪਲੱਬਧ ਕਰਨਾ ਚਾਹੁੰਦੇ ਹਾਂ। ਉਮੀਦ ਹੈ ਕਿ ਇਸ ਸ਼ੋਅ ਵਿੱਚ ਕਰੀਬ 50 ਅਲਟ੍ਰਾਬੁਕਸ ਪੇਸ਼ ਕੀਤੇ ਜਾਣਗੇ।

## ਏਸਰ ਨੇ ਕੀਤਾ ਦੁਨੀਆਂ ਦਾ ਪਤਲਾ ਲੈਪਟਾਪ ਪੇਸ਼

ਏਸਰ ਕੰਪਨੀ ਨੇ ਦੁਨੀਆਂ ਦਾ ਸਭ ਤੋਂ ਪਤਲਾ ਲੈਪਟਾਪ ਪੇਸ਼ ਕੀਤਾ ਹੈ।

ਹਾਲਾਂਕਿ, ਕੰਪਨੀ ਨੇ ਇਸ ਲੈਪਟਾਪ ਦੀ ਕੀਮਤ ਬਾਰੇ ਅਜੇ ਕੁਝ ਨਹੀਂ ਦੱਸਿਆ। ਕੰਪਨੀ ਇਸ ਦੀ ਕੀਮਤ ਬਾਰੇ ਆਉਣ ਵਾਲੇ ਦਿਨਾਂ ਵਿੱਚ ਖੁਲਾਸਾ ਕਰੇਗੀ।

ਤਾਇਬਾਨ ਦੀ ਕੰਪਿਊਟਰ ਕੰਪਨੀ ਏਸਰ ਐਸਪਾਇਰ 5 ਮਾਡਲ ਦਾ ਨਿਰਯਾਤ ਇਸ ਸਾਲ ਸ਼ੁਰੂ ਕਰੇਗੀ। ਇਨ੍ਹਾਂ ਵਿੱਚੋਂ ਐਸ 5 ਕਾਫ਼ੀ ਮਹੱਤਵਪੂਰਨ ਹੈ। ਇਹ ਬਹੁਤ ਜ਼ਿਆਦਾ ਪਤਲਾ ਅਤੇ ਹਲਕਾ ਹੈ। ਇਸ ਲੈਪਟਾਪ ਦੀ ਸਕਰੀਨ 34 ਸੈਂਟੀਮੀਟਰ ਹੈ ਅਤੇ ਵਜਨ 1.35 ਕਿਲੋਗ੍ਰਾਮ ਤੋਂ ਵੀ ਘੱਟ ਹੈ।

## ਕਿਹੋ ਜਿਹੀ ਰਹੇਗੀ ਆਕਾਸ਼ ਟੈਬਲੈਟ?



ਆਕਾਸ਼ ਸਭ ਤੋਂ ਘੱਟ ਮੁੱਲ ਦੀ ਟੈਬਲੇਟ ਹੈ, ਜਿਸਦੇ ਦੋ ਵਰਜਨ ਆ ਰਹੇ ਹਨ। ਪਤਲਾ ਆਕਾਸ਼ ਹੈ ਜੋ ਕਿ ਸਟੂਡੈਂਟ ਵਰਜਨ ਦਾ ਹੈ ਅਤੇ ਇਸਦਾ ਮੁੱਲ 2499 ਰੁਪਏ ਹੈ। ਇਸ ਮੁੱਲ 'ਤੇ ਇਸ ਨੂੰ ਆਕਾਸ਼ ਦੀ ਵੈਬਸਾਈਟ .. ਤੋਂ ਖਰੀਦਿਆ ਜਾ ਸਕਦਾ ਹੈ। ਹਾਲਾਂਕਿ ਬਿਕਰੀ ਦੇ ਲਈ ਖੁੱਲ੍ਹਣ ਸਾਰ ਹੀ ਇਹ ਹਫਤੇ ਭਰ ਵਿੱਚ ਇਹ ਸਾਰੀ ਦੀ ਸਾਰੀ ਹੀ ਵਿਕ ਗਈ ਸੀ। ਇਸਦਾ ਦੂਸਰਾ ਵਰਜਨ ਯੂਬੀਸਲੇਟ ਹੈ, ਜਿਸਨੂੰ ਪਹਿਲਾ ਜਨਵਰੀ ਤੋਂ ਵਿਕਰੀ ਦੇ ਲਈ ਲਿਆਂਦਾ ਜਾ ਰਿਹਾ ਸੀ ਅਤੇ ਹੁਣ ਸ਼ਾਇਦ ਇਹ ਮਾਰਚ ਤੱਕ ਆਏ। ਇਸ ਨੂੰ ਵੀ ਵੈਬਸਾਈਟ ਤੋਂ ਹੀ ਖਰੀਦਿਆ ਜਾ ਸਕਦਾ ਹੈ। ਇਸ ਨੂੰ ਬਣਾਉਣ ਵਾਲੀ ਕੰਪਨੀ ਡੇਟਾਵਿੰਡ ਨੇ ਇਨਫੈਰੀ ਨਾਮ ਦੀ ਵੈਬਸਾਈਟ ਨਾਲ ਵੀ ਇਸ ਦੀ ਵਿਕਰੀ ਦੇ ਲਈ ਹੱਥ ਮਿਲਾਇਆ ਹੈ।

ਵੈਸੇ, ਇਸ ਸਾਲ ਕੁਝ ਸਰਕਾਰੀ ਸਕੂਲਾਂ ਵਿੱਚ ਵੀ ਆਕਾਸ਼ ਟੈਬਲੇਟ ਵੰਡੇ ਜਾਣਗੇ। ਪਰ ਇੱਥੇ ਤੱਕ ਗੱਲ ਆਕਾਸ਼ ਦੀ ਕਮੀ ਦੀ ਹੈ, ਤਾਂ ਆਪਣੇ ਪ੍ਰਾਈਸ ਮੁੱਲ ਦੇ ਹਿਸਾਬ ਨਾਲ ਇਹ ਕਾਫ਼ੀ ਕੁਝ ਦਿੰਦੀ ਹੈ। ਇਸਦੀ ਬੈਟਰੀ ਲਾਈਫ਼ ਕਮਜ਼ੋਰ ਹੈ। ਇਸ ਵਿੱਚ ਵਾਈ ਫਾਈ ਕਨੇਕਟਿਵਟੀ ਹੈ। ਪਰ ਜੇਕਰ ਤੁਸੀਂ ਇਸਦਾ ਅਡਵਾਂਸਡ ਵਰਜਨ ਯੂਬੀਸਲੇਟ ਖਰੀਦੋਗੇ ਤਾਂ ਇਸਦਾ ਮੁੱਲ 500 ਰੁਪਏ ਜ਼ਿਆਦਾ ਹੋਵੇਗਾ, ਪਰ ਬੈਟਰੀ ਜ਼ਿਆਦਾ ਵਧੀਆ ਹੋਵੇਗੀ ਅਤੇ ਪ੍ਰੋਸੈਸਰ ਵੀ ਕਰੀਬ 700 ਮੈਗਾਹਾਰਟਜ ਫਾਸਟ ਹੈ। ਤੁਸੀਂ ਹਮੇਸ਼ਾ ਇਹ ਯਾਦ ਰੱਖਿਓ ਕਿ 3000 ਰੁਪਏ ਵਿੱਚ ਤੁਹਾਨੂੰ ਕੋਈ ਚੰਗਾ ਫੋਨ ਵੀ ਨਹੀਂ ਮਿਲਦਾ, ਪਰ ਯੂਬੀਸਲੇਟ ਵਿੱਚ ਤਾਂ ਸਿਮ ਕਾਰਡ ਨਾਲ ਫੋਨ ਫੀਚਰ ਅਤੇ ਇੰਟਰਨੈੱਟ ਕਨੇਕਟਿਵਟੀ ਵੀ ਮਿਲੇਗੀ।

ਦੂਜੀ ਵੱਡੀ ਖਬਰ ਇਹ ਹੈ ਇਸ ਸਾਲ ਦੇ ਅਖੀਰ ਤੱਕ ਰਿਲੈਸਵੀ 3500 ਤੋਂ 5000 ਰੁਪਏ ਤੱਕ ਦੇ ਮੁੱਲ ਵਾਲੀ ਟੈਬਲੇਟ ਲੈ ਕੇ ਆ ਰਿਹਾ ਹੈ। ਸੰਭਾਵਨਾ ਹੈ ਕਿ ਉਸਦੇ ਨਾਲ 10 ਰੁਪਏ ਵਿੱਚ ਇੱਕ ਜੀਬੀ ਡਾਟਾ ਦਾ 4ਜੀ ਪਲਾਨ ਪੇਸ਼ ਕੀਤਾ ਜਾਏਗਾ। ਅਜਿਹਾ ਹੋਇਆ ਤਾਂ ਆਕਾਸ਼ ਤੋਂ ਵੀ ਬੇਹਤਰ ਟੈਬਲੇਟ ਤੁਹਾਡੇ ਹੱਥਾਂ ਵਿੱਚ ਹੋਣਗੀਆਂ। ਨਾਲ ਹੀ ਲਾਵਾ ਮੋਬਾਇਲ ਨੇ ਵੀ 5000 ਰੁਪਏ ਦੇ ਆਸ-ਪਾਸ ਦੀ ਟੈਬਲੇਟ ਲਿਆਉਣ ਦਾ ਐਲਾਨ ਕੀਤਾ ਹੈ। ਅਜੇ ਤਾਂ ਤੁਸੀਂ ਸਿਰਫ਼ ਯੂਬੀਸਲੇਟ ਦੇ ਲਈ ਇੰਟਰਨੈਟ 'ਤੇ ਪ੍ਰੀ ਬੁਕਿੰਗ ਹੀ ਕਰ ਸਕਦੇ ਹੋ।



## ਇਕ ਨਰਮ ਰੋਬੋਟ ਜੋ ਹਵਾ ਨਾਲ ਚੱਲੇ

ਹਾਰਵਰਡ ਦੇ ਵਿਗਿਆਨਕਾਂ ਨੇ ਇਕ ਅਜਿਹਾ ਰੋਬੋਟ ਤਿਆਰ ਕੀਤਾ ਹੈ ਜੋ ਕਿ ਰੀਂਗ ਸਕਦਾ ਹੈ। ਆਪਣੇ ਆਪ ਸੁੰਗੜ ਸਕਦਾ ਹੈ ਅਤੇ ਸਾਹਮਣੇ ਆਉਣ ਵਾਲੀਆਂ ਮੁਸ਼ਕਲਾਂ ’ਚੋਂ ਵੀ ਅਸਾਨੀ ਨਾਲ ਨਿਕਲ ਸਕਦਾ ਹੈ।

ਪਹੀਏ ਅਤੇ ਸਖ਼ਤ ਲੰਬੇ ਪੈਰਾਂ ਵਾਲੇ ਰੋਬੋਟਾਂ ਦੀ ਤੁਲਨਾ ’ਚ ਇਹ ਰੋਬੋਟ ਅਸਾਨੀ ਨਾਲ ਨਿਕਲ ਸਕਦਾ ਹੈ। ਇਸਦੀ ਪਰਿਕਲਪਨਾ ਆਕਟੋਪਸ ਅਤ ਸਟਾਰ ਫਿਸ਼ ਨੂੰ ਧਿਆਨ ’ਚ ਰੱਖਕੇ ਕੀਤੀ ਗਈ ਹੈ।

ਸਮੁੰਦਰੀ ਪ੍ਰਾਣੀਆਂ ਨੂੰ ਧਿਆਨ ’ਚ ਰੱਖਕੇ ਬਣਾਏ ਇਸ ਰੋਬੋਟ ਨੂੰ ਬਣਾਉਣ ’ਚ ਨਰਮ ਤੱਤਾਂ ਦਾ ਇਸਤੇਮਾਲ ਕੀਤਾ ਗਿਆ ਹੈ ਅਤੇ ਇਸ ਨੂੰ ਚਲਾਉਣ ਲਈ ਹਵਾ ਦਾ ਇਸਤੇਮਾਲ ਕੀਤਾ ਗਿਆ ਹੈ।

ਵਿਗਿਆਨਕਾਂ ਨੇ ਇਸ ਰੋਬੋਟ ਨੂੰ ਇਕ ਖਾਸ ਕਿਸਮ ਦੇ ਲਚੀਲੇ ਤੱਤ ‘ਇਲਾਸਟੋਮਰ’ ਦਾ ਇਸਤੇਮਾਲ ਕਰਕੇ ਬਣਾਇਆ ਹੈ। ਇਲਾਸਟੋਮਰ ਨੂੰ ਕਈ ਤੈਹਾਂ ’ਚ ਬਣਾਇਆ ਗਿਆ ਹੈ ਅਤੇ ਇਸ ’ਚ ਛੋਟੇ ਛੋਟੇ ਸੁਰਾਖ ਹਨ ਜੋ ਅੱਗੇ ਵਧਣ ਨਾਲ ਵਾਰ ਵਾਰ ਫੁਲ ਜਾਂਦੇ ਹਨ।

ਇਸ ਨੂੰ ਬਣਾਉਣ ਵਾਲੇ ਇੰਜੀਨੀਅਰਾਂ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਆਪਣੇ ਰੋਬੋਟਾਂ ਨੂੰ ਕਈ ਅਜਿਹੀਆਂ ਥਾਵਾਂ ਤੋਂ ਲੰਘਾਇਆ ਹੈ ਜਿਥੋਂ ਸਖ਼ਤ ਰੋਬੋਟਾਂ ਦਾ ਲੰਘਣਾ ਵੀ ਮੁਸ਼ਕਿਲ ਹੈ।

ਮਸਲਨ ਨੇ ਆਪਣੇ ਨਰਮ ਰੋਬੋਟ ਨੂੰ ਸੁੰਗੇੜਕੇ ਇੱਕ ਕੱਚ ਦੀ ਪੱਟੀ ਦੇ ਹੇਠੋਂ ਮਹਿਜ ਦੋ ਸੈਂਟੀਮੀਟਰ ਉੱਚੀ ਜਗ੍ਹਾ ’ਚੋਂ ਲੰਘਾਇਆ। ਇਸ ਰੋਬੋਟ ਨੂੰ ਬਣਾਉਣ ਵਾਲਿਆਂ ਦਾ ਕਹਿਣਾ ਹੈ ਕਿ ਉਨ੍ਹਾਂ ਦਾ ਰੋਬੋਟ, ਟਕਰਾਉਣ ਅਤੇ ਛਿੱਲਣ ਦੇ ਬਾਵਜੂਦ ਜ਼ਿਆਦਾ ਸੁਰੱਖਿਅਤ ਤਰੀਕੇ ਨਾਲ ਨਿਕਲ ਸਕਦਾ ਹੈ।

## ਖੁਸ਼ਖਬਰੀ : ਹੁਣ 15 ਸਾਲ ਤੱਕ ਚਾਰਜ ਰਹੇਗੀ ਮੋਬਾਇਲ ਬੈਟਰੀ

ਸਪੇਅਰ ਮੋਬਾਇਲ ਦੀ ਬੈਟਰੀ ਪਾਵਰ ਕਾਫ਼ੀ ਵਧੀਆ ਹੈ। ਇਸ ’ਤੇ ਲਗਾਤਾਰ ਦਸ ਘੰਟੇ ਗੱਲਬਾਤ ਕੀਤੀ ਜਾ ਸਕਦੀ ਹੈ। ਸਵਿਚ ਆਫ਼ ਮੋਡ ’ਚ ਵੀ ਇਸਦੀ ਬੈਟਰੀ ’ਚ 15 ਸਾਲ ਤੱਕ ਚਾਰਜ ਬਰਕਰਾਰ ਰਹੇਗਾ।

ਜਿਵੇਂ-ਜਿਵੇਂ ਮੋਬਾਇਲ ਫ਼ੋਨ ਅਤਿ-ਅਧੁਨਿਕ ਤਕਨੀਕਾਂ ਅਤੇ ਪ੍ਰੋਗਰਾਮਾਂ ਨਾਲ ਲੈਸ ਹੁੰਦੇ ਜਾ ਰਹੇ ਹਨ। ਉਸ ਤਰ੍ਹਾਂ ਉਨ੍ਹਾਂ ਦਾ ਬੈਟਰੀ ਬੈਕਅਪ ਵੀ ਘਟਦਾ ਜਾਂਦਾ ਹੈ। ਅਜਿਹੇ ’ਚ ਇਕ ਸਪੇਅਰ ਵਨ ਕੰਪਨੀ ਇਕ ਉਮੀਦ ਦੀ ਕਿਰਨ ਦਿਖਾਉਂਦੀ ਹੈ। ਉਸਨੇ ਲਾਸ ਵੇਗਾਸ ਦੇ ਕੰਜਿਊਮਰ ਇਲੈਕਟ੍ਰੋਨਿਕ ਸ਼ੋਅ ’ਚ ਸਪੇਅਰ ਮੋਬਾਇਲ ਪੇਸ਼ ਕੀਤਾ ਹੈ। ਕੰਪਨੀ ਦਾ ਦਾਅਵਾ ਹੈ ਕਿ ਇਸਦਾ ਚਾਰਜ 15 ਸਾਲ ਤੱਕ ਬਰਕਰਾਰ ਰਹੇਗਾ। ਇਸ ਨੂੰ ਬੈਕਅਪ ਪਲੈਨ ਦੇ ਤੌਰ ’ਤੇ ਬਜ਼ਾਰ ’ਚ ਪੇਸ਼ ਕੀਤਾ ਜਾਵੇਗਾ। ਇਹ ਮੋਬਾਇਲ ਏਏ ਬੈਟਰੀ ਨਾਲ ਚਲਦਾ ਹੈ।

ਕੀ ਹੈ ਖੂਬੀ - ਇਨ੍ਹਾਂ ਦਿਨਾਂ ’ਚ ਅਜਿਹੇ ਮੋਬਾਇਲ ਬਜ਼ਾਰ ’ਚ ਆ ਰਹੇ ਹਨ ਕਿ ਜੇਕਰ ਉਨ੍ਹਾਂ ਦੀ ਬੈਟਰੀ ਇਸਤੇਮਾਲ ਨਾ ਵੀ ਕੀਤੀ ਜਾਵੇ ਤਾਂ ਵੀ ਉਹ ਆਪਣੀ ਬੈਟਰੀ ਪਾਵਰ ਖੋ ਦਿੰਦੇ ਹਨ। ਪਰ ਸਪੇਅਰ ਵਨ ਕੰਪਨੀ ਦਾ ਦਾਅਵਾ ਹੈ ਕਿ ਬੈਕਅਪ ਪਲਾਇਨ ਉਸਦਾ 15 ਸਾਲ ਤੱਕ ਚਾਰਜ ਬਰਕਰਾਰ ਰੱਖੇਗਾ।

ਐਮਰਜੈਂਸੀ ’ਚ ਆਵੇਗਾ ਕੰਮ - ਇਸ ਮੋਬਾਇਲ ਨੂੰ ਕਿਸੇ ਮੁਸ਼ਕਿਲ ਸਥਿਤੀ ’ਚ ਪ੍ਰਯੋਗ ’ਚ ਲਿਆਂਦਾ ਜਾ ਸਕਦਾ ਹੈ। ਇਸ ’ਚ ਮਹੱਤਵਪੂਰਣ ਨੰਬਰਾਂ ਨੂੰ ਪਹਿਲਾਂ ਤੋਂ ਪ੍ਰੋਗਰਾਮ ਕਰਕੇ ਰੱਖਿਆ ਜਾ ਸਕਦਾ ਹੈ। ਇਸ ’ਚ ਕਿਸੇ ਵੀ ਸਥਾਨ ਦੀ ਐਮਰਜੈਂਸੀ ਸੇਵਾਵਾਂ ਨਾਲ ਜੁੜੇ ਨੰਬਰ ਵੀ ਸ਼ਾਮਲ ਹਨ।


demo pic

ਜੇਕਰ ਫ਼ੋਨ ਨੂੰ ਸਹੀ ਢੰਗ ਨਾਲ ਇਸਤੇਮਾਲ ’ਚ ਲਿਆਂਦਾ ਜਾਂਦਾ ਹੈ, ਤਾਂ ਵੀ ਇਸਦੀ ਬੈਟਰੀ ਦਸ ਘੰਟੇ ਤੱਕ ਚਲੇਗੀ।

ਵਰਤੋਂ ਕਰਨ ਵਾਲੇ ਦੀ ਦਿੱਖ (ਲੋਕੇਸ਼ਨ) ਦੱਸਦਾ ਹੈ - ਕਿਉਂਕਿ ਇਹ ਫ਼ੋਨ ਕੰਪਨੀ ਨੇ ਬੈਕਅਪ ਪਲਾਇਨ ਦੇ ਤੌਰ ’ਤੇ ਪੇਸ਼ ਕੀਤਾ ਹੈ, ਇਸ ’ਚ ਕਈ ਖੂਬੀਆਂ ਵੀ ਦਿੱਤੀਆਂ ਹਨ। ਇਸ ’ਚ ਪ੍ਰਮੁੱਖ ਹੈ ਵਰਤੋਂ ਕਰਨ ਵਾਲੇ ਦੀ ਦਿੱਖ ਦੀ ਜਾਣਕਾਰੀ ਦੇਣਾ। ਜੀਪੀਐਸ ਸਹੂਲਤ ਭਰਪੂਰ ਹੋਣ ਕਾਰਣ ਇਹ ਆਪਣੀ ਸਥਿਤੀ ਦੇ ਬਾਰੇ ਲਗਾਤਾਰ ਸਰਵਰ ਨੂੰ ਸਿਗਨਲ ਦਿੰਦਾ ਰਹਿੰਦਾ ਹੈ। ਇਸ ’ਚ ਇਕ ਬੈਟਰੀ ਵੀ ਦਿੱਤੀ ਗਈ ਹੈ, ਜੋ ਏਏ ਬੈਟਰੀ ’ਤੇ ਚਲਦੀ ਹੈ।

## ਇੱਕ ਪਾਠਕ ਹੋਰ........

*ਅਦਾਰਾ ‘ਵਿਗਿਆਨ ਜੋਤ’ ਪਿਛਲੇ ਦਸ ਵਰ੍ਹਿਆਂ ਤੋਂ ਵਿਗਿਆਨਕ ਸੋਚ ਨੂੰ ਘਰ-ਘਰ ਪਹੁੰਚਾਉਣ ਲਈ ਯਤਨਸ਼ੀਲ ਹੈ। ਇਸ ਲੋਕ-ਪੱਖੀ ਉਪਰਾਲੇ ਵਿੱਚ ਤੁਹਾਡੇ ਯੋਗਦਾਨ ਦੀ ਬਹੁਤ ਜ਼ਰੂਰਤ ਹੈ। ਸਾਰੇ ਪਾਠਕਾਂ ਨੂੰ ਬੇਨਤੀ ਹੈ ਕਿ ਉਹ ਆਪਣੇ ਰਿਸ਼ਤੇਦਾਰਾਂ, ਦੋਸਤਾਂ-ਮਿੱਤਰਾਂ ਵਿੱਚੋਂ ਘੱਟੋ-ਘੱਟ ਇੱਕ ਹੋਰ ਵਿਅਕਤੀ ਨੂੰ ਇਸ ਦਾ ਮੈਂਬਰ ਬਣਾਉਣ ਵਿੱਚ ਸਹਾਈ ਹੋਣ।ਸਾਡੇ ਸਮਾਜ ਦਾ ਕਲਿਆਣ ਤਾਹੀਓਂ ਹੋ ਸਕਦਾ ਹੈ ਜੇ ਵਿਗਿਆਨਕ ਸੋਚ ਵਾਲੇ ਵਿਅਕਤੀਆਂ ਦੀ ਗਿਣਤੀ ਵਧੇਰੇ ਹੋਵੇਗੀ।*

# ਕੰਪਿਊਟਰ ਬਣਿਆ ਵਿਦੇਸ਼ੀ ਭਾਸ਼ਾਵਾਂ ਦਾ ਟਿਊਟਰ

ਵਿਦੇਸ਼ੀ ਭਾਸ਼ਾਵਾਂ ਸਿੱਖਣਾ ਚਾਹੁੰਦੇ ਹੋ ਤਾਂ ਇੰਟਰਨੈੱਟ ’ਤੇ ਕਈ ਅਜਿਹੀਆਂ ਵੈਬਸਾਈਟਾਂ ਹਨ ਜੋ ਤੁਹਾਡੇ ਲਈ ਮਦਦਗਾਰ ਹੋ ਸਕਦੀਆਂ ਹਨ। ਵਧੀਆ ਗੱਲ ਇਹ ਹੈ ਕਿ ਇਨ੍ਹਾਂ ਲਈ ਕੋਈ ਵੀ ਫੀਸ ਨਹੀਂ ਦੇਣੀ ਪੈਂਦੀ।

ਨੈੱਟ ’ਤੇ ਵਿਦੇਸ਼ੀ ਭਾਸ਼ਾਵਾਂ ਸਿੱਖਣ ਦੇ ਤਿੰਨ ਤਰ੍ਹਾਂ ਦੇ ਟਿਕਾਣੇ ਹਨ। ਪਹਿਲਾਂ ਉਹ ਕਾਰੋਬਾਰੀ ਸੰਸਥਾਨ ਜੋ ਕਿ ਇਕ ਤੈਅ ਫੀਸ ਲੈ ਕੇ ਵਿਦੇਸ਼ੀ ਭਾਸ਼ਾ ਸਿਖਾਉਂਦੇ ਹਨ। ਜਿਵੇਂ : ਰੋਜੇਟਾ ਸਟੋਨ ਅਤੇ ਬੁਸੁ। ਇਨ੍ਹਾਂ ਨੂੰ ਪੂਰੀ ਤਰ੍ਹਾਂ ਪ੍ਰੋਫੈਸ਼ਨਲ ਤਰੀਕੇ ਨਾਲ ਵਿਕਸਤ ਕੀਤਾ ਗਿਆ ਹੈ। ਜੇਕਰ ਤੁਸੀਂ ਉਨ੍ਹਾਂ ਦੇ ਟਾਈਮ ਟੇਬਲ ਦਾ ਪਾਲਣ ਕਰਦੇ ਹੋਏ ਅੱਗੇ ਵਧਦੇ ਹੋ ਤਾਂ ਕੁੱਝ ਹਫ਼ਤਿਆਂ ’ਚ ਹੀ ਵਿਦੇਸ਼ੀ ਭਾਸ਼ਾ ਬੋਲਣ ਅਤੇ ਸਮਝਣ ਲੱਗ ਜਾਓਗੇ। ਦੂਜੀ ਵੈਬਸਾਈਟ ਉਹ ਹੈ ਜਿਸ ਨੂੰ ਯੂਨੀਵਰਸਿਟੀ, ਇੰਟਰਨੈੱਟ ਕੰਪਨੀਆਂ, ਮੀਡੀਆ ਕੰਪਨੀਆਂ ਆਦਿ ਨੇ ਵਿਕਸਤ ਕੀਤਾ ਹੈ। ਜਿਨ੍ਹਾਂ ਦਾ ਭਾਸ਼ਾ ਸਿਖਾਉਣ ਦਾ ਕੋਈ ਕਾਰੋਬਾਰੀ ਮਕਸਦ ਨਹੀਂ ਹੈ। ਬੀਬੀਸੀ, ਕੱਮ, ਮੋਨਾਸ਼ ਯੂਨੀਵਰਸਿਟੀ ਵਗੈਰਾ ਅਜਿਹੀ ਕੈਟਾਗਿਰੀ ’ਚ ਆਉਂਦੇ ਹਨ। ਇੱਥੇ ਵੀ ਪ੍ਰੋਫੈਸ਼ਨਲ ਤਰੀਕੇ ਨਾਲ ਭਾਸ਼ਾਵਾਂ ਸਿਖਾਈਆਂ ਜਾਂਦੀਆਂ ਹਨ। ਤੀਜੀ ਤਰ੍ਹਾਂ ਦੇ ਟਿਕਾਣੇ ਅਜਿਹੇ ਹਨ ਜਿਨ੍ਹਾਂ ਨੂੰ ਉਤਸ਼ਾਹੀ ਨੌਜਵਾਨਾਂ, ਭਾਸ਼ਾ ਪ੍ਰੇਮੀਆਂ, ਧਾਰਮਿਕ ਸੰਸਥਾਨਾਂ ਨੇ ਤਿਆਰ ਕੀਤਾ ਹੈ। ਇਨ੍ਹਾਂ ’ਚ ਵਧੀਆ ਸਮੱਗਰੀ ਹੈ। ਪਰ ਉਹ ਸਹੀ ਢੰਗ ਨਾਲ ਆਰਗੇਨਾਈਜ ਨਹੀਂ ਹੁੰਦੀ।

ਬੀਬੀਸੀ ਲੈਂਗੁਏਂਜ (ਬੀਬੀਸੀ ਭਾਸ਼ਾਵਾਂ) - ਬ੍ਰਿਟਿਸ਼ ਬ੍ਰਾਡਕਾਸਟਿੰਗ ਕਾਰਪੋਰੇਸ਼ਨ ਦੀ ਵੈਬਸਾਈਟ ’ਤੇ ਫਰੈਂਚ, ਸਪੈਨਿਸ਼, ਜਰਮਨ, ਗ੍ਰੀਕ, ਪੁਰਤਗਾਲੀ, ਇਟਾਲੀਅਨ, ਰੂਸੀ ਆਦਿ ਭਾਸ਼ਾਵਾਂ ਨੂੰ ਸਿੱਖਣ ਦੇ ਚੰਗੇ ਸੈਕਸ਼ਨ ਹਨ।

ਬੀਬੀਸੀ ਨਾ ਸਿਰਫ਼ ਇਨ੍ਹਾਂ ਭਾਸ਼ਾਵਾਂ ’ਚ ਆਡੀਓ ਅਤੇ ਵੀਡੀਓ ਕੋਰਸ ਉਪਲਬਧ ਕਰਵਾਉਂਦਾ ਹੈ। ਸਗੋਂ 12 ਹਫ਼ਤਿਆਂ ’ਚ ਤੁਹਾਨੂੰ ਇਨ੍ਹਾਂ ਭਾਸ਼ਾਵਾਂ ’ਚ ਮਾਹਰ ਬਣਾਉਣ ਦਾ ਪ੍ਰੋਗਰਾਮ ਵੀ ਚਲਾਉਂਦਾ ਹੈ ਜਿਸਦੇ ਆਖਰ ’ਚ ਬਕਾਇਦਾ ਸਰਟੀਫ਼ਿਕੇਟ ਦਿੱਤਾ ਜਾਂਦਾ ਹੈ।

ਇਥੋਂ ਦੇ ਇਨੋਵੇਟਿਵ ਤੌਰ-ਤਰੀਕੇ ਨਵੀਂ ਭਾਸ਼ਾ ਦੇ ਪ੍ਰਤੀ ਲਗਨ ਅਤੇ ਦਿਲਚਸਪੀ ਬਣਾਈ ਰੱਖਦੇ ਹਨ। ਮਿਸਾਲ ਦੇ ਤੌਰ ’ਤੇ ਵਿਦੇਸ਼ੀ ਭਾਸ਼ਾਵਾਂ ’ਚ ਹੋਣ ਵਾਲੇ ਪ੍ਰਯੋਗਾਂ, ਨਵੇਂ ਲੋਕਾਂ ਦੀਆਂ ਗਲਤੀਆਂ ਅਤੇ ਟੰਗ-ਟਵਿਟਰਸ (ਅਜਿਹੇ ਸ਼ਬਦ ਜਿਨ੍ਹਾਂ ਦਾ ਉਚਾਰਣ ਵਿਦੇਸ਼ੀਆਂ ਲਈ ਮੁਸ਼ਕਿਲ ਹੈ) ਦਾ ਮਜੇਦਾਰ ਖ਼ਜ਼ਾਨਾ ਹੈ।

ਬੀਬੀਸੀ ’ਤੇ 40 ਭਾਸ਼ਾਵਾਂ ਦਾ ਛੋਟਾ ਕੋਰਸ ਵੀ ਹੈ, ਜਿਸ ਨੂੰ ਕਵਿਕ ਫਿਕਸ ਕੀਤਾ ਗਿਆ ਹੈ।

ਯੂਨਾਈਟਿਡ ਕਿੰਗਡਮ ਦੀਆਂ ਭਾਸ਼ਾਵਾਂ (ਗੈਲਿਕ, ਵੇਲਸ਼, ਆਇਰਸ਼ ਅਤੇ ਇੰਗਲਿਸ਼) ਨੂੰ ਸਿੱਖਣਾ ਚਾਹੁੰਦੇ ਹੋ ਤਾਂ ਇਹ ਇਕ ਵਧੀਆ ਤਰੀਕਾ ਹੈ।

ਭਾਸ਼ਾ ਕੋਰਸ ਦੇ ਨਾਲ ਨਾਲ ਆਪਣੇ ਗਿਆਨ ਨੂੰ ਪਰਖਣ ਦੀ ਸਹੂਲਤ, ਉਸ ਭਾਸ਼ਾ ਦੇ ਰੇਡੀਓ-ਟੀਵੀ ਦਾ ਅਨੰਦ ਲੈਣ ਦੀ ਸਹੂਲਤ, ਆਨਲਾਈਨ ਸ਼ਬਦਕੋਸ਼, ਸੰਬੰਧਿਤ ਦੇਸ਼ ਅਤੇ ਭਾਸ਼ਾ ਦੇ ਬਾਰੇ ’ਚ ਉਪਯੋਗੀ ਗਾਈਡ (ਵਰਣਮਾਲਾ, ਤੱਥ, ਵਾਕ ਆਦਿ ਦਾ ਸੰਕਲਨ) ਲੇਖ, ਕਵਿਜ ਆਪਣੇ ਆਲੇ ਦੁਆਲੇ ਦੇ ਬਾਰੇ ’ਚ ਜਾਣਕਾਰੀ ਮਿਲਣ ਦੀ ਸਹੂਲਤ ਆਦਿ ਇਸ ਕੋਰਸ ਨੂੰ ਹੋਰ ਵੀ ਉਪਯੋਗੀ ਬਣਾ ਦਿੰਦੇ ਹਨ।

ਅਬਾਊਟ.ਕੱਮ ਡਿਸਟੈਂਸ ਲਰਨਿੰਗ - ਅਬਾਊਟ.ਕੱਮ ਦੀ ਵੈਬਸਾਈਟ ਜੇਕਰ ਦੁਨੀਆਂ ਦੇ ਹਰ ਅਹਿਮ ਮੁੱਦੇ ’ਤੇ ਜਾਣਕਾਰੀਆਂ ਦਾ ਖ਼ਜ਼ਾਨਾ ਹੈ ਤਾਂ ਉਸ ਨਾਲ ਫ੍ਰੀ ਡਿਸਟੈਂਸ ਲਰਨਿੰਗ ਪ੍ਰੋਗਰਾਮ ਫਰੈਂਚ, ਜਰਮਨ, ਇਟਾਲੀਅਨ, ਜਪਾਨੀ, ਮੰਦਾਰਿਨ, ਚੀਨੀ, ਸਪੈਨਿਸ਼ ਅਤੇ ਅੰਗਰੇਜ਼ੀ ਸਿੱਖਣ ਦਾ ਵਧੀਆ ਤਰੀਕਾ ਹੈ।

ਪਹਿਲੇ ਪੇਜ਼ ’ਤੇ ਸਿਰਫ਼ ਇਸ ਵੈਬਸਾਈਟ ਦੇ ਲੈਂਗੁਏਂਜ ਲਰਨਿੰਗ ਪ੍ਰੋਗਰਾਮਾਂ ਬਾਰੇ ਜਾਣਕਾਰੀ ਹੈ, ਸਗੋਂ ਇੰਟਰਨੈੱਟ ’ਤੇ ਮੌਜੂਦ ਦੂਸਰੇ ਲੈਂਗੁਏਂਜ ਲਰਨਿੰਗ ਟਿਕਾਣਿਆਂ ਦੇ ਉਪਯੋਗੀ ਲਿੰਕ ਵੀ ਦੇਖਣ ਨੂੰ ਮਿਲਣਗੇ।

ਕਿਸੇ ਵੀ ਭਾਸ਼ਾ ਦੇ ਸੈਕਸ਼ਨ ’ਚ ਜਾਣ ’ਤੇ ਪੰਜ ਟੈਕਸਟ ਦਿਖਾਈ ਦਿੰਦੇ ਹਨ - ਲੇਟੇਸਟ, ਸਟਾਰਟ ਲਰਨਿੰਗ, ਪ੍ਰੈਕਟਿਸ/ ਪਰਫੈਕਟ, ਫਾਰ ਟੀਚਰਜ ਅਤੇ ਬਰਾਊਜ ਆਇਲ।

ਪਹਿਲੇ ਸੈਕਸ਼ਨ ’ਚ ਉਸ ਭਾਸ਼ਾ ਨਾਲ ਜੁੜੀਆਂ ਘਟਨਾਵਾਂ, ਮੁੱਦਿਆਂ ਦੀ ਜਾਣਕਾਰੀ ਹੈ ਤਾਂ ਸ਼ੁਰੂਆਤੀ ਲਰਨਿੰਗ ਸੈਕਸ਼ਨ ’ਚ ਵਿਦਿਆਰਥੀਆਂ ਲਈ ਰਿਸੋਰਜ ਦਾ ਖ਼ਜ਼ਾਨਾ ਹੈ।

ਸ਼ੁਰੂਆਤ ਭਾਸ਼ਾ ਦੀ ਜਾਣਕਾਰੀ ਨਾਲ ਹੁੰਦੀ ਹੈ ਅਤੇ ਫਿਰ ਵਿਆਕਰਣ, ਉਚਾਰਣ, ਸਪੈਲਿੰਗ, ਸ਼ਬਦ ਗਿਆਨ, ਪ੍ਰੈਕਟਿਸ, ਸਲਾਹ, ਸਿੱਖਣ ’ਚ ਮੱਦਦ ਕਰਨ ਵਾਲੇ ਟੂਲਜ ਵਗੈਰਾ ਨਾਲ ਜੁੜੇ ਲਿੰਕਜ ਦਿਖਾਈ ਦਿੰਦੇ ਹਨ।

ਟੈਕਸਟ ਦੇ ਨਾਲ ਨਾਲ ਆਡੀਓ, ਵੀਡੀਓ ਅਤੇ ਇੰਟਰਐਕਟਿਵ ਐਲੀਮੈਂਟ ਇਸ ਨੂੰ ਉਪਯੋਗੀ ਬਣਾਉਂਦੇ ਹਨ।

ਉਚਾਰਣ ਇਕ ਅਜਿਹਾ ਸੈਕਸ਼ਨ ਹੈ, ਜੋ ਫਰੈਂਚ, ਚੀਨੀ ਵਰਗੀਆਂ ਭਾਸ਼ਾਵਾਂ ਦੇ ਲਿਹਾਜ ਨਾਲ ਅਹਿਮ ਹੋ ਜਾਂਦਾ ਹੈ। ਨਵੀਂ ਭਾਸ਼ਾ ਸਿੱਖਣ ਵਾਲੇ ਲੋਕਾਂ ਲਈ ਬੋਲਣ ਦੇ ਨਾਲ-ਨਾਲ ਸਿੱਖਣਾ ਵੀ ਜ਼ਰੂਰੀ ਹੁੰਦਾ ਹੈ। ਲਿਸਨਿੰਗ ਐਕਸਰਸਾਈਜ਼ਰ ਇਸ ਜ਼ਰੂਰਤ ਨੂੰ ਪੂਰਾ ਕਰਦੇ ਹਨ। ਤਸੱਲੀ ਨਾਲ ਲੋਕਾਂ ਦੀ ਗੱਲਬਾਤ ਸੁਣੀਏ ਅਤੇ ਦੇਖੀਏ ਕਿ ਕਿਹੜਾ ਸ਼ਬਦ ਕਿਸ ਅੰਦਾਜ਼ ਵਿੱਚ ਬੋਲਿਆ ਜਾਂਦਾ ਹੈ।

ਲਾਈਵ ਮੋਕਾ - ਹਿੰਦੀ ਸਮੇਤ ਲਗਭਗ ਤਿੰਨ ਦਰਜਨ ਭਾਸ਼ਾਵਾਂ ਸਿੱਖਣ ਵਾਲੀ ਵੈਬਸਾਈਟ ਮੁਫ਼ਤ ਅਤੇ ਪੈਸੇ ਦੇ ਕੇ ਦੋਵੇਂ ਤਰ੍ਹਾਂ ਦੇ ਕੋਰਸ ਚਲਾਉਂਦੀ ਹੈ।

ਪੇਡ ਕੋਰਸਾਂ ਲਈ 10 ਤੋਂ 25 ਡਾਲਰ ਤੱਕ ਦੀ ਫੀਸ ਲਈ ਜਾਂਦੀ ਹੈ ਪਰ ਜੇਕਰ ਤੁਸੀਂ ਨਵੀਂ ਭਾਸ਼ਾ ਸਿੱਖਣ ਦੀ ਸ਼ੁਰੂਆਤ ਕਰ ਰਹੇ ਹੋ ਤਾਂ ਇਸਦਾ ਬੇਸਿਕ ਕੋਰਸ ਲੈ ਸਕਦੇ ਹਾਂ ਜੋ ਪੂਰੀ ਤਰ੍ਹਾਂ ਫਰੀ ਹੈ।

ਅੰਗਰੇਜ਼ੀ, ਸਪੈਨਿਸ਼, ਪੁਰਤਗਾਲੀ, ਫਰੈਂਚ, ਜਰਮਨ, ਇਟਾਲੀਅਨ, ਚੀਨੀ, ਜਪਾਨੀ, ਰੂਸੀ ਭਾਸ਼ਾਵਾਂ ’ਚ ਲਾਈਵ ਮੋਕਾ ਦੇ ਲੈਂਗੁਏਂਜ ਪ੍ਰੋਗਰਾਮ ਕਾਫੀ ਕਾਰਗਰ ਮੰਨੇ ਜਾਂਦੇ ਹਨ।

# ਨੋਬਲ ਇਨਾਮ ਜੇਤੂ ਨੇ ਵੀ ਕਹਿ ਦਿੱਤਾ, ਫਰਜ਼ੀ ਹੈ ਜੋਤਿਸ਼
## 'ਲੋਕਾਂ ਨੂੰ ਤਰਕ ਤੇ ਚਿੰਤਨ 'ਤੇ ਆਧਾਰਤ ਫ਼ੈਸਲੇ ਲੈਣ ਤੋਂ ਰੋਕਦਾ ਹੈ ਜੋਤਿਸ਼'

ਚੇਨਈ, 7 ਜਨਵਰੀ : ਨੋਬਲ ਇਨਾਮ ਜੇਤੂ ਡਾ. ਵੇਕਟਰਮੈਨ ਰਾਮਾਕ੍ਰਿਸ਼ਨਨ ਦਾ ਬਿਆਨ ਜੋਤਿਸ਼ ਸ਼ਾਸਤਰ ਦੇ ਸਿਰ ਵਿੱਚ ਸਿੱਧਾ ਸੋਟਾ ਮਾਰਦਾ ਹੈ। ਉਨ੍ਹਾਂ ਜੋਤਿਸ਼ ਸ਼ਾਸਤਰ ਨੂੰ ਫ਼ਰਜ਼ੀ ਦੱਸਿਆ ਹੈ। ਹੋਰ ਤਾਂ ਹੋਰ ਉਨ੍ਹਾਂ ਹੋਮਿਉਪੈਥੀ 'ਤੇ ਵੀ ਨਿਸ਼ਾਨਾ ਸਾਧਿਆ ਹੈ ਅਤੇ ਕਿਹਾ ਹੈ ਕਿ ਇਹ ਵੀ ਲੋਕਾਂ ਦੇ ਵਿਸ਼ਵਾਸ 'ਤੇ ਆਧਾਰਤ ਹੈ। ਉਨ੍ਹਾਂ ਕਿਹਾ ਕਿ ਪਾਜ਼ਿਟਿਵ ਅਤੇ ਨੈਗਿਟਿਵ ਐਨਰਜੀ ਜਿਹੇ ਸ਼ਬਦ ਜ਼ਿਆਦਾਤਰ ਨੀਮ-ਹਕੀਮ ਜਿਹੇ ਲੋਕ ਬੋਲਦੇ ਹਨ, ਅਸਲ ਵਿੱਚ ਇਨ੍ਹਾਂ ਸ਼ਬਦਾਂ ਦਾ ਕੋਈ ਮਤਲਬ ਨਹੀਂ ਹੈ। ਉਨ੍ਹਾਂ ਕਿਹਾ ਕਿ ਇਹ ਸਿਰਫ਼ ਬਕਵਾਸ ਹੈ, ਹੋਰ ਕੁੱਝ ਨਹੀਂ। ਡਾ. ਰਾਮਾਕ੍ਰਿਸ਼ਨਨ ਨੇ ਕਿਹਾ ਕਿ ਵਿਗਿਆਨ ਵਿਚ 'ਐਨਰਜੀ' ਦੀ ਇਕ ਸਹੀ ਪਰਿਭਾਸ਼ਾ ਮੌਜੂਦ ਹੈ। ਚੇਨੰਈ ਵਿਚ ਭਾਰਤੀ ਵਿਦਿਆ ਸੰਸਥਾਨ ਭਵਨ ਵਿਚ ਕਰਵਾਏ ਇਕ ਪ੍ਰੋਗਰਾਮ ਦੌਰਾਨ ਡਾ. ਰਾਮਾਕ੍ਰਿਸ਼ਨਨ ਨੇ ਕਿਹਾ ਕਿ ਜਿਵੇਂ ਸਰਕਾਰ ਦਾ ਚੰਗਾ ਪ੍ਰਬੰਧ (ਸਿਆਸੀ, ਆਰਥਿਕ ਤੇ ਸਮਾਜਿਕ) ਲੋਕਾਂ ਨੂੰ ਬੁਰੀਆਂ ਚੀਜ਼ਾਂ ਤੋਂ ਬਚਾਉਂਦਾ ਹੈ, ਉਵੇਂ ਹੀ ਵਿਗਿਆਨ ਸਾਡੇ ਲੋਕਾਂ ਨੂੰ ਮੂਰਖ਼ਤਾ ਤੋਂ ਬਚਾਉਂਦਾ ਹੈ। ਦੇਸ਼ ਵਿੱਚ ਤਰਕਸ਼ੀਲਤਾ ਦੀਆਂ ਜੜ੍ਹਾਂ ਪੱਕੀਆਂ ਕਰਦੇ ਉਨ੍ਹਾਂ ਕਿਹਾ ਕਿ ਵਿਗਿਆਨਕ ਤਰੀਕੇ ਸਾਨੂੰ ਅੰਧਵਿਸ਼ਵਾਸਾਂ ਤੋਂ ਬਚਾਉਂਦੇ ਹਨ। ਉਨ੍ਹਾਂ ਆਪਣੇ ਭਾਸ਼ਣ ਦੌਰਾਨ ਕੁੱਝ ਵਿਗਿਆਨਿਕ ਤੱਥ ਵੀ ਪੇਸ਼ ਕੀਤੇ। ਡਾ. ਰਾਮਾਕ੍ਰਿਸ਼ਨਨ ਦੇ ਕਿਹਾ ਕਿ ਭਾਰਤ ਵਿਚ ਲੋਕਾਂ ਦੇ ਫ਼ੈਸਲਿਆਂ ਨੂੰ ਪ੍ਰਭਾਵਿਤ ਕਰਨ ਲਈ ਜੋਤਿਸ਼ ਸ਼ਾਸਤਰ ਦੀ ਗ਼ਲਤ ਵਰਤੋਂ ਕੀਤੀ ਜਾ ਰਹੀ ਹੈ। ਉਨ੍ਹਾਂ ਗੱਲ ਨੂੰ ਸਪੱਸ਼ਟ ਕਰਦੇ ਕਿਹਾ ਕਿ ਇਹ ਸ਼ਾਸਤਰ ਲੋਕਾਂ ਨੂੰ ਤਰਕ ਅਤੇ ਚਿੰਤਨ 'ਤੇ ਅਧਾਰਤ ਫ਼ੈਸਲੇ/ਐਕਸ਼ਨ ਲੈਣ ਤੋਂ ਰੋਕਦਾ ਹੈ। ਨੋਬਲ ਇਨਾਮ ਜੇਤੂ ਇਸ ਡਾਕਟਰ ਨੇ ਕਿਹਾ ਕਿ ਵਿਗਿਆਨਕ ਸਭਿਆਚਾਰ, ਅੰਧਵਿਸ਼ਵਾਸ 'ਤੇ ਟਿਕੇ ਸਭਿਆਚਾਰ ਨਾਲੋਂ ਕਿਤੇ ਵਧੀਆ ਹੁੰਦਾ ਹੈ। ਵਰਣਨਯੋਗ ਹੈ ਕਿ ਜੋਤਿਸ਼ ਸ਼ਾਸਤਰ ਨੂੰ ਲੈ ਕੇ ਇਸ ਤੋਂ ਪਹਿਲਾਂ ਵੀ ਕਈ ਵਾਰ ਵਿਵਾਦ ਪੈਦਾ ਹੋਏ ਹਨ। ਖ਼ੁਦ ਇਸ ਦੇ ਵਿਦਿਆਰਥੀਆਂ ਦਾ ਕਹਿਣਾ ਹੈ ਕਿ ਇਸ ਦਾ ਕੋਈ ਵਿਗਿਆਨਿਕ ਆਧਾਰ ਨਹੀਂ ਹੈ ਅਤੇ ਇਹ ਕੋਰੀ ਕਲਪਨਾ ਭਾਵ ਤੀਰ-ਤੁੱਕਾ ਹੀ ਹੈ। ਵਰਣਨਯੋਗ ਹੈ ਕਿ ਪੰਜਾਬ ਵਿਚ ਪਿਛਲੇ ਕਾਫ਼ੀ ਸਾਲਾਂ ਤੋਂ ਤਰਕਸ਼ੀਲ ਵੀ ਜੋਤਸ਼ੀਆਂ ਨੂੰ ਚੁਣੌਤੀ ਦੇ ਕੇ ਲੋਕਾਂ ਦੀ ਕਚਹਿਰੀ ਵਿਚ ਆਉਣ ਲਈ ਵੰਗਾਰ ਰਹੇ ਹਨ।

## ਹਰ ਤਰਕਸ਼ੀਲ ਲਈ ਵੇਖਣਯੋਗ ਸਥਾਨ ਪੁਸ਼ਪਾ ਗੁਜਰਾਲ ਸਾਇੰਸ ਸਿਟੀ ਕਪੂਰਥਲਾ

**ਕੀ ਤੁਸੀਂ ਆਪਣੇ ਪਰਿਵਾਰ ਨੂੰ ਸਾਇੰਸ ਸਿਟੀ ਦਿਖਾਇਆ ਹੈ, ਜੇ ਨਹੀਂ ਤਾਂ ਜ਼ਰੂਰ ਦਿਖਾਓ, ਕਿਉਂਕਿ ਵਿਗਿਆਨਕ ਸੋਚ ਲਈ ਇਹ ਬਹੁਤ ਜ਼ਰੂਰੀ ਹੈ ਇਸ ਨੂੰ ਵੇਖਣ ਲਈ ਪੂਰਾ ਦਿਨ ਚਾਹੀਦਾ ਹੈ। ਸਾਇੰਸ ਸਿਟੀ ਸਵੇਰੇ 9 ਤੋਂ ਸ਼ਾਮੀ ਪੰਜ ਵਜੇ 365 ਦਿਨ ਖੁੱਲ੍ਹਾ ਰਹਿੰਦਾ ਹੈ।**

## ਅਪੀਲ

ਤਰਕਸ਼ੀਲ ਲਹਿਰ ਦੇ ਪ੍ਰਚਾਰ ਤੇ ਪਸਾਰ ਲਈ ਤਰਕਸ਼ੀਲ ਸੁਸਾਇਟੀ ਭਾਰਤ ਵੱਲੋਂ ਇਕ ਕਿਤਾਬਾਂ ਵਾਲੀ ਬੱਸ ਖ਼ੀਦਣ ਦਾ ਯਤਨ ਕੀਤਾ ਜਾ ਰਿਹਾ ਹੈ। ਨਾਹਰਿਆਂ ਤੇ ਮਾਟੋਜ਼ ਨਾਲ ਸਜੀ ਇਹ ਬੱਸ ਹਰ ਵੇਲੇ ਪੰਜਾਬ ਦੇ ਪਿੰਡਾਂ ਤੇ ਸ਼ਹਿਰਾਂ ਵਿਚ ਨਜ਼ਰ ਆਇਆ ਕਰੇਗੀ। ਅਨੁਮਾਨਤ ਖਰਚ ਲਗਭਗ ਪੰਦਰਾਂ ਕੁ ਲੱਖ ਰੁਪਏ ਹੈ। ਦਾਨੀ ਸੱਜਣਾਂ ਨੂੰ ਇਸ ਮਹਾਨ ਜੱਗ ਵਿਚ ਹਿੱਸਾ ਪਾਉਣ ਦੀ ਬੇਨਤੀ ਕੀਤੀ ਜਾਂਦੀ ਹੈ। ਹਰ ਕਿਸਮ ਦੇ ਸਹਿਯੋਗ ਰਾਸ਼ੀ ਸਿਰਫ਼ ਚੈੱਕ ਜਾਂ ਡਰਾਫਟ ਰਾਹੀਂ ਤਰਕਸ਼ੀਲ ਸੁਸਾਇਟੀ (ਰਜਿ.) ਦੇ ਨਾਂ 'ਤੇ ਭੇਜੀ ਜਾਵੇ। ਤਰਕਸ਼ੀਲ ਸੁਸਾਇਟੀ ਦਾ ਖਾਤਾ ਨੰ : 658010 110000474 (Bank Of India, Branch Barnala)



ਇਸ ਸੰਬੰਧੀ ਵਧੇਰੇ ਜਾਣਕਾਰੀ ਲਈ ਸਾਥੀ ਅਵਤਾਰ ਨਿਊਜ਼ੀਲੈਂਡ ਨਾਲ ਉਹਨਾਂ ਦੇ ਫ਼ੋਨ ਨੰਬਰ : 021392147 ਤੇ ਸੰਪਰਕ ਦੀ ਕੀਤਾ ਜਾ ਸਕਦਾ ਹੈ। ਅਵਤਾਰ ਦਾ ਈਮੇਲ ਪਤਾ ਹੈ : avtar31@hotmail.com

# ਪੁਲਾੜ ਵਿਚ ਵਾਪਰੇ ਦੁਖਾਂਤ

ਡਾ. ਜਤਿੰਦਰਪਾਲ ਸਿੰਘ

ਪੁਲਾੜੀ ਖੋਜਾਂ ਦੇ 50 ਸਾਲਾਂ ਦੇ ਇਤਿਹਾਸ ਦੌਰਾਨ ਮਨੁੱਖ ਨੇ ਬਹੁਤ ਮਾਅਰਕੇ ਮਾਰੇ ਹਨ। ਪੁਲਾੜ ਵਿਗਿਆਨ ਦੇ ਖੇਤਰ ਵਿਚ ਕੀਤੀਆਂ ਪ੍ਰਾਪਤੀਆਂ ਕਾਬਲੇ ਤਾਰੀਫ਼ ਹਨ। ਪੁਲਾੜੀ ਖੋਜਾਂ ਦੀ ਇਸ ਖ਼ਤਰਨਾਕ ਮੌਤ ਦੀ ਖੇਡ ਖੇਡਣ ਲਈ ਕਈ ਵਿਗਿਆਨੀਆਂ ਨੂੰ ਆਪਣਾ ਬਲੀਦਾਨ ਵੀ ਦੇਣਾ ਪਿਆ ਹੈ। ਜਿਵੇਂ ਸਾਨੂੰ ਪਤਾ ਹੈ ਕਿ ਪੁਲਾੜ ਵੱਲ ਜਾਣਾ ਅਤੇ ਵਾਪਸ ਧਰਤੀ ਉਪਰ ਆਉਣਾ ਕੋਈ ਸੌਖਾ ਕੰਮ ਨਹੀਂ। ਇਹ ਇਕ ਖ਼ਤਰਿਆਂ ਭਰੀ ਮੌਤ ਦੀ ਖੇਡ ਹੈ ਜੋ ਪੁਲਾੜ ਵਿਗਿਆਨੀ ਖੇਡਦੇ ਹਨ।

ਪੁਲਾੜ ਵਿਗਿਆਨ ਦੇ ਇਤਿਹਾਸ ਦੌਰਾਨ ਵਾਪਰੇ 6 ਹਾਦਸਿਆਂ ਦੌਰਾਨ 22 ਮਨੁੱਖ ਮੌਤ ਦਾ ਸ਼ਿਕਾਰ ਹੋ ਚੁੱਕੇ ਹਨ।

ਪਹਿਲਾ ਪੁਲਾੜ ਹਾਦਸਾ (ਅਪੋਲੋ-1) : ਅਮਰੀਕਾ ਨੇ ਮਨੁੱਖ ਨੂੰ ਚੰਦਰਮਾ ਉਪਰ ਉਤਾਰਨ ਲਈ ਅਪੋਲੋ ਯੋਜਨਾ ਦੀ ਸ਼ੁਰੂਆਤ ਕੀਤੀ ਸੀ। 27 ਜਨਵਰੀ, 1967 ਈਸਵੀ ਨੂੰ ਸੰਯੁਕਤ ਰਾਸ਼ਟਰ ਦੇ ਪੁਲਾੜ ਸਟੇਸ਼ਨ ਉਪਰ ਅਪੋਲੋ-1 ਆਪਣੀ ਉਡਾਣ ਭਰਨ ਲਈ ਤਿਆਰ ਖੜ੍ਹਾ ਸੀ। ਇਸ ਅੰਦਰ ਤਿੰਨ ਪੁਲਾੜ ਯਾਤਰੀ ਆਪਣੇ 14 ਦਿਨਾਂ ਦੇ ਇਕ ਪੁਲਾੜੀ ਮਿਸ਼ਨ ਉਪਰ ਜਾਣ ਲਈ ਤਿਆਰ ਬੈਠੇ ਸਨ। ਉਡਾਣ ਭਰਨ ਵਿਚ ਸਿਰਫ 10 ਮਿੰਟ ਬਾਕੀ ਰਹਿੰਦੇ ਸਨ ਕਿ ਅਪੋਲੋ-1 ਨਾਂ ਦਾ ਇਹ ਪੁਲਾੜੀ ਜਹਾਜ਼ ਭਿਆਨਕ ਅੱਗ ਦੇ ਲਾਂਬੂ ਛੱਡਣ ਲੱਗਿਆ। ਮਿੰਟਾਂ-ਸੈਕਿੰਟਾਂ ਵਿਚ ਹੀ ਇਹ ਸੜ੍ਹ ਕੇ ਸੁਆਹ ਹੋ ਗਿਆ। ਇਸ ਅੰਦਰ ਬੈਠੇ ਤਿੰਨੋ ਪੁਲਾੜ ਯਾਤਰੀ, ਵਿਰਜ਼ਿਲ ਗਰੀਸ਼ਮ, ਐਡਵਰਡ ਵਾਈਟ ਅਤੇ ਰੋਜ਼ਰ ਚੈਫ਼ੀ ਮਾਰੇ ਗਏ।



ਅਮਰੀਕਾ ਦੇ ਪੁਲਾੜ ਵਿਗਿਆਨੀਆਂ ਲਈ ਇਹ ਇਕ ਦੁੱਖ ਅਤੇ ਹੈਰਾਨੀ ਭਰੀ ਘੜੀ ਸੀ ਕਿ ਧਰਤੀ ਉਪਰ ਖੜ੍ਹੇ ਜਹਾਜ਼ ਨੂੰ ਇਹ ਹਾਦਸਾ ਕਿਵੇਂ ਵਾਪਰ ਗਿਆ। ਅਜਿਹੇ ਹਾਦਸੇ ਦੀ ਆਸ ਪੁਲਾੜ ਵਿਚ ਤਾਂ ਕੀਤੀ ਜਾ ਸਕਦੀ ਹੈ ਪ੍ਰੰਤੂ ਧਰਤੀ ਉਪਰ ਪੁਲਾੜ ਸਟੇਸ਼ਨ ਉਪਰ ਅਜਿਹਾ ਵਾਪਰਨਾ ਬਹੁਤ ਚਿੰਤਾ ਦਾ ਵਿਸ਼ਾ ਸੀ। ਬੜੀ ਡੂੰਘੀ ਤਫ਼ਤੀਸ਼ ਤੋਂ ਬਾਅਦ ਪਤਾ ਲੱਗਿਆ ਕਿ ਇਹ ਹਾਦਸਾ ਬਿਜਲੀ ਦੇ ਸ਼ਾਰਟ ਸਰਕਟ ਕਰਕੇ ਵਾਪਰਿਆ ਸੀ।

ਦੂਜਾ ਪੁਲਾੜੀ ਹਾਦਸਾ (ਸੋਯੂਜ-1) : 23 ਅਪਰੈਲ, 1967 ਈਸਵੀ ਨੂੰ ਰੂਸ ਦੇ ਪੁਲਾੜ ਸਟੇਸ਼ਨ ਤੋਂ ਇਕ ਰਾਕਟ ਆਸਮਾਨ ਵੱਲ ਵਧਿਆ। ਕੰਨ ਪਾੜ੍ਹਵੀ ਗਰਜ਼ਵੀਂ ਆਵਾਜ਼ ਅਤੇ ਦੁਧੀਆ ਰੰਗਾ ਧੂੰਆਂ ਛੱਡਦਾ ਹੋਇਆ ਇਹ ਰਾਕਟ ਪੁਲਾੜ ਵੱਲ ਉੱਡ ਗਿਆ। ਇਸ ਰਾਕਟ ਦੇ ਨਾਲ ਉੱਡ ਰਿਹਾ ਸੀ ਸੋਯੂਜ-1 ਨਾਂ ਦਾ ਪੁਲਾੜੀ ਜਹਾਜ਼। ਪੁਲਾੜ ਵਿਚ ਪਹੁੰਚ ਕੇ ਸੋਯੂਜ-1 ਪ੍ਰਿਥਵੀ ਦੁਆਲੇ ਪ੍ਰਕਰਮਾ ਪੰਧ ਉਪਰ ਪੈ ਗਿਆ। ਪੁਲਾੜ ਵਿਚ ਉੱਡ ਰਹੇ ਇਸ ਜਹਾਜ਼ ਅੰਦਰ ਬੈਠਾ ਸੀ ਰੂਸ ਦਾ ਪੁਲਾੜ ਵਿਗਿਆਨੀ ਕਰਨਲ ਵਲਾਦੀਮੀਰ ਮਿਖਾਈਲੋਵਿਚ ਕੋਮਾਰੋਵ।

ਵਰਨਣਯੋਗ ਹੋਵੇਗਾ ਕਿ ਕਰਨਲ ਕੋਮਾਰੋਵ ਇਕ ਹੰਢਿਆ ਹੋਇਆ ਤੇ ਦ੍ਰਿੜ ਨਿਸ਼ਚੇ ਵਾਲਾ ਇਨਸਾਨ ਸੀ। ਉਸ ਨੂੰ ਪੁਲਾੜ ਦੇ ਭੇਦਾਂ ਬਾਰੇ ਬਹੁਤ ਗਹਿਰਾ ਅਨੁਭਵ ਸੀ। ਪੁਲਾੜ ਵਿਚ ਪਹੁੰਚ ਕੇ ਉਸ ਨੇ ਕਈ ਬਹੁਤ ਮਹੱਤਵਪੂਰਨ ਤਜ਼ਰਬੇ ਕੀਤੇ ਅਤੇ ਪ੍ਰਿਥਵੀ ਵੱਲ ਸੁਨੇਹੇ ਸੰਚਾਰਿਤ ਕੀਤੇ।

ਆਪਣੀ 26 ਘੰਟਿਆਂ ਦੀ ਪੁਲਾੜੀ ਉਡਾਣ ਦੌਰਾਨ ਉਸ ਨੇ ਪ੍ਰਿਥਵੀ ਦੁਆਲੇ 19 ਚੱਕਰ ਕੱਟੇ। 24 ਅਪਰੈਲ, 1967 ਈਸਵੀ ਨੂੰ ਕਰਨਲ ਕੋਮਾਰੋਵ ਨੇ ਆਪਣੇ ਪੁਲਾੜੀ ਜਹਾਜ਼ ਸੋਯੂਜ-1 ਨੂੰ ਪ੍ਰਿਥਵੀ ਵੱਲ ਵਾਪਸ ਮੋੜਿਆ। ਪ੍ਰਿਥਵੀ ਉਪਰ ਬੈਠੇ ਰੂਸੀ ਪੁਲਾੜ ਵਿਗਿਆਨੀ ਬਹੁਤ ਖੁਸ਼ ਸਨ ਕਿ ਉਨ੍ਹਾਂ ਦਾ ਪੁਲਾੜੀ ਮਿਸ਼ਨ ਸਫਲਤਾ ਨਾਲ ਪੂਰਾ ਹੋਣ ਲੱਗਿਆ ਸੀ। ਪੁਲਾੜ ਤੋਂ ਵਾਪਸ ਆ ਕੇ ਵਾਯੂਮੰਡਲ ਦੀਆਂ ਸੰਘਣੀਆਂ ਪਰਤਾਂ ਨੂੰ ਚੀਰਦਾ ਹੋਇਆ ਸੋਯੂਜ-1 ਪ੍ਰਿਥਵੀ ਵੱਲ ਵਧ ਰਿਹਾ ਸੀ। ਵਾਯੂਮੰਡਲ ਵਿਚੋਂ ਲੰਘਦਾ ਹੋਇਆ ਇਹ ਪ੍ਰਿਥਵੀ ਤੋਂ ਸਿਰਫ ਸੱਤ ਕਿਲੋਮੀਟਰ ਦੀ ਉਚਾਈ ਉਪਰ ਆ ਗਿਆ। ਇਥੇ ਆ ਕੇ ਪੈਰਾਸ਼ੂਟ ਦੀ ਵੱਡੀ ਛੱਤਰੀ ਖੁੱਲ੍ਹੀ ਅਤੇ ਕਰਨਲ ਕੋਮਾਰੋਵ ਨੇ ਪ੍ਰਿਥਵੀ ਉਪਰ ਉਤਾਰੇ ਦੀ ਪੂਰੀ ਤਿਆਰੀ ਕਰ ਲਈ। ਪ੍ਰੰਤੂ ਕੁਦਰਤ ਨੂੰ ਇਹ ਮੰਨਜ਼ੂਰ ਨਹੀਂ ਸੀ। ਪੈਰਾਸ਼ੂਟ ਖੁੱਲਣ ਸਾਰ ਹੀ ਫ਼ੇਲ੍ਹ ਹੋ ਗਿਆ ਅਤੇ ਕਰਨਲ ਕੋਮਾਰੋਵ ਦਾ ਜਹਾਜ਼ ਪ੍ਰਿਥਵੀ ਉਪਰ ਪਟਕ ਕੇ ਡਿੱਗ ਪਿਆ। ਇਸ ਦੁਰਘਟਨਾ ਵਿਚ ਰੂਸੀ ਪੁਲਾੜ ਵਿਗਿਆਨੀ ਕਰਨਲ ਕੋਮਾਰੋਵ ਦੀ ਮੌਤ ਹੋ ਗਈ। ਰੂਸ ਦੇ ਪੁਲਾੜ ਵਿਗਿਆਨੀਆਂ ਲਈ ਇਹ ਇਕ ਬਹੁਤ ਹੀ ਦੁਖਦਾਈ ਖ਼ਬਰ ਸੀ।

ਤੀਜਾ ਹਾਦਸਾ : ਕਰਨਲ ਕੋਮਾਰੋਵ ਦੀ ਮੌਤ ਤੋਂ ਬਾਅਦ ਰੂਸ ਦੇ ਪੁਲਾੜ ਵਿਗਿਆਨੀਆਂ ਨੇ ਪੁਲਾੜੀ ਖੋਜਾਂ ਦੇ ਮਾਮਲੇ ਵਿਚ ਬਹੁਤ ਸਾਵਧਾਨੀ ਵਰਤਣੀ ਸ਼ੁਰੂ ਕਰ ਦਿੱਤੀ। ਹੁਣ ਉਹ ਨਹੀਂ ਚਾਹੁੰਦੇ ਸਨ ਕਿ ਉਨ੍ਹਾਂ ਦੇ ਕਿਸੇ ਕਾਬਲ ਪੁਲਾੜ ਵਿਗਿਆਨੀ ਦੀ ਜਾਨ ਅਜਾਈਂ ਜਾਵੇ। ਪੁਲਾੜੀ ਉਡਾਰੀਆਂ ਉਪਰ ਜਾਣ ਵਾਲੇ ਜਹਾਜ਼ਾਂ ਨੂੰ ਬੜੀ ਬਾਰੀਕੀ ਨਾਲ ਪਰਖ ਕੇ ਦੇਖਿਆ ਜਾਂਦਾ ਸੀ। ਪ੍ਰੰਤੂ ਜਿਵੇਂ ਅਸੀਂ ਜਾਣਦੇ ਹੀ ਹਾਂ ਕਿ ਮਨੁੱਖ ਦੀ ਸਿਆਣਪ ਦਾ ਜ਼ੋਰ ਕੁਦਰਤ ਅੱਗੇ ਨਹੀਂ ਚਲਦਾ। ਉਸ ਸਮੇਂ ਰੂਸ ਦੇ ਪੁਲਾੜ ਵਿਗਿਆਨੀਆਂ ਵਿਚੋਂ ਸਭ ਤੋਂ ਕਾਬਲ ਵਿਗਿਆਨੀ ਸੀ, ਯੂਰੀ ਗਾਗਾਰਿਨ। ਉਹ ਦੁਨੀਆਂ ਦਾ ਪਹਿਲਾ ਮਨੁੱਖ ਸੀ ਜਿਸ ਨੇ ਸਭ ਤੋਂ ਪਹਿਲੀ ਵਾਰ ਪੁਲਾੜ ਤੱਕ ਉਡਾਰੀ ਮਾਰੀ ਸੀ। 12 ਅਪ੍ਰੈਲ, 1961 ਈਸਵੀ ਨੂੰ ਉਹ ਆਪਣੇ ਵੋਸਟੋਕ ਨਾਂ ਦੇ ਪੁਲਾੜੀ ਵਾਹਨ ਵਿਚ ਬੈਠ ਕੇ ਧਰਤੀ ਦੁਆਲੇ ਪਹਿਲਾ ਚੱਕਰ ਲਗਾਉਣ ਵਿਚ ਸਫਲ ਹੋਇਆ ਸੀ। ਉਸ ਨੇ ਪੁਲਾੜ ਵੱਲ ਆਪਣੀ ਇਸ ਯਾਤਰਾ ਤੋਂ ਬਾਅਦ ਕਿਹਾ ਸੀ ਕਿ, "ਪ੍ਰਿਥਵੀ ਤੋਂ ਉਠ ਕੇ ਪੁਲਾੜ ਤੱਕ ਕਦਮ ਰੱਖਣ ਤੋਂ ਬਾਅਦ ਹੁਣ ਮੈਂ ਸ਼ੁਕਰ, ਮੰਗਲ ਅਤੇ ਚੰਦਰਮਾ ਉਤੇ ਪਹੁੰਚ ਕੇ ਉਥੋਂ ਦੇ ਰਹੱਸਾਂ ਬਾਰੇ ਜਾਨਣ ਲਈ

ਉਤਸੁਕ ਹਾਂ।"

ਪ੍ਰੰਤੂ ਮਨੁੱਖ ਜੋ ਸੋਚਦਾ ਹੈ ਉਹ ਹਮੇਸ਼ਾ ਉਸੇ ਤਰ੍ਹਾਂ ਨਹੀਂ ਹੁੰਦਾ। 28 ਮਾਰਚ, 1968 ਈਸਵੀ ਨੂੰ ਯੂਰੀ ਗਾਗਾਰਿਨ ਅਤੇ ਉਸ ਦਾ ਇਕ ਸਾਥੀ 'ਮਿਗ-15' ਜਹਾਜ਼ ਵਿਚ ਇਕ ਸਾਧਾਰਣ ਜਿਹੀ ਉਡਾਣ ਭਰ ਰਹੇ ਸਨ। ਆਸਮਾਨ ਵਿਚ ਉੱਡ ਰਹੇ ਇਸ ਜਹਾਜ਼ ਨੂੰ ਅੱਗ ਲੱਗ ਗਈ ਅਤੇ ਉਹ ਦੋਵੇਂ ਮਾਰੇ ਗਏ। ਰੂਸ ਦੇ ਅਧਿਕਾਰੀਆਂ ਨੇ ਬਾਅਦ ਵਿਚ ਦੱਸਿਆ ਕਿ ਯੂਰੀ ਗਾਗਾਰਿਨ ਤੇ ਉਸ ਦੇ ਸਾਥੀ ਦੀ ਜਾਨ ਬਚ ਸਕਦੀ ਸੀ ਜੇਕਰ ਉਹ ਪੈਰਾਸ਼ੂਟ ਰਾਹੀਂ ਪ੍ਰਿਥਵੀ ਉਪਰ ਉਤਰ ਆਉਂਦੇ। ਪ੍ਰੰਤੂ ਜੇਕਰ ਉਹ ਅਜਿਹਾ ਕਰਦੇ ਤਾਂ ਉਨ੍ਹਾਂ ਦਾ ਜਹਾਜ਼ ਹੇਠਾਂ ਇਕ ਪਿੰਡ ਦੀ ਆਬਾਦੀ ਉਪਰ ਡਿੱਗ ਪੈਣਾ ਸੀ। ਇਸ ਨਾਲ ਬਹੁਤ ਸਾਰੇ ਲੋਕ ਮਾਰੇ ਜਾਣੇ ਸਨ। ਇਸ ਲਈ ਬਹਾਦਰ ਯੂਰੀ ਗਾਗਾਰਿਨ ਨੇ ਅਗਨੀਗ੍ਰਸਤ ਹੋਏ ਜਹਾਜ਼ ਨੂੰ ਪਿੰਡ ਦੀ ਆਬਾਦੀ ਤੋਂ ਅੱਗੇ ਤੱਕ ਕੱਢਣ ਨੂੰ ਤਰਜੀਹ ਦਿੱਤੀ। ਬੇਸ਼ੱਕ ਇਸ ਦੁਰਘਟਨਾ ਵਿਚ ਉਹ ਆਪ ਵੀ ਸ਼ਹੀਦ ਹੋ ਗਿਆ। ਪ੍ਰਿਥਵੀ ਦੇ ਵਾਯੂਮੰਡਲ ਉਪਰ ਵਾਪਰੇ ਇਸ ਹਾਦਸੇ ਵਿਚ ਵੀਹਵੀ ਸਦੀ ਦਾ ਇਕ ਬਹਾਦਰ ਨਾਇਕ ਸਦਾ ਲਈ ਵਿਛੜ ਗਿਆ। ਉਸ ਦੀ ਮੌਤ ਨਾਲ ਪੁਲਾੜ ਵਿਗਿਆਨ ਨੂੰ ਬਹੁਤ ਵੱਡਾ ਘਾਟਾ ਪਿਆ।

ਚੌਥਾ ਪੁਲਾੜੀ ਹਾਦਸਾ (ਸੋਯੂਜ-11) : ਰੂਸ ਵੱਲੋਂ ਭੇਜਿਆ ਗਿਆ ਪੁਲਾੜੀ ਜਹਾਜ਼ ਸੋਯੂਜ-11 ਲਗਾਤਾਰ ਕਾਫੀ ਸਮੇਂ ਤੱਕ (24 ਦਿਨ) ਪੁਲਾੜ ਵਿਚ ਰਹਿਣ ਤੋਂ ਬਾਅਦ ਵਾਪਸ ਪ੍ਰਿਥਵੀ ਵੱਲ ਆ ਰਿਹਾ ਸੀ। 29 ਜੂਨ, 1971 ਈਸਵੀ ਨੂੰ ਇਹ ਪੂਰੀ ਤੇਜ਼ੀ ਨਾਲ ਪ੍ਰਿਥਵੀ ਵੱਲ ਵਾਪਸ ਆ ਰਿਹਾ ਸੀ। ਅਚਾਨਕ ਇਸ ਅੰਦਰਲੇ ਪੁਲਾੜੀ ਕੈਬਿਨ ਵਿਚ ਦਬਾਓ ਬਹੁਤ ਘਟ ਗਿਆ। ਇਸ ਦੇ ਨਤੀਜੇ ਵਜੋਂ ਇਸ ਵਿਚ ਬੈਠੇ ਤਿੰਨੋ ਪੁਲਾੜ ਯਾਤਰੀ ਮਾਰੇ ਗਏ। ਇਨ੍ਹਾਂ ਤਿੰਨਾਂ ਬਹਾਦਰ ਸ਼ਹੀਦਾਂ ਦੇ ਨਾਂ ਸਨ, ਜੀਓਰਜੀ ਡੋਬਰੋਵੋਲਸਕੀ, ਵੇਲਡਿਸਲੇਵ ਵੋਲਕੋਵ ਅਤੇ ਵਿਕਟਰ ਪੇਟਸਾਏਵ। ਪੁਲਾੜ ਵਿਚ ਵਾਪਰੇ ਇਸ ਦੁਖਾਂਤ ਨਾਲ ਮਾਸਕੋ ਪੁਲਾੜ ਸਟੇਸ਼ਨ ਨੂੰ ਬਹੁਤ ਸਦਮਾ ਪਹੁੰਚਿਆ।

ਪੰਜਵਾਂ ਪੁਲਾੜੀ ਦੁਖਾਂਤ (ਚੇਲੈਂਜਰ ਸਪੇਸ ਸ਼ਟਲ) : 28 ਜਨਵਰੀ, 1986 ਈਸਵੀ ਨੂੰ ਸੰਯੁਕਤ ਰਾਸ਼ਟਰ ਅਮਰੀਕਾ ਦਾ ਪੁਲਾੜੀ ਜਹਾਜ਼ ਚੇਲੈਂਜਰ ਉਡਾਣ ਭਰਨ ਤੋਂ 75 ਸੈਕਿੰਟ ਬਾਅਦ ਹੀ ਫਟ ਗਿਆ। ਇਸ ਦਰਦਨਾਕ ਹਾਦਸੇ ਵਿਚ ਸੱਤ ਅਮਰੀਕੀ ਪੁਲਾੜ ਯਾਤਰੀ ਮਾਰੇ ਗਏ। ਇਨ੍ਹਾਂ ਪੁਲਾੜ ਵਿਗਿਆਨੀਆਂ ਦੇ ਨਾਂ ਸਨ, ਫਰਾਂਸਿਕ ਸਕੋਬੀ, ਮਾਈਕਲ ਸਮਿਥ, ਰੋਨਾਲਡ ਮੈਕਨਾਇਰ, ਐਲੀਸਨ ਉਨੀਜੁਕਾ, ਗਰੀਗਰੀ ਜੇਰਵਿਸ, ਜੁਡਿਕ ਰੈਸਨਿਕ ਅਤੇ ਕਰਿਸਟਾ ਮੈਕਔਲਿਫੀ। ਵਰਨਣਯੋਗ ਹੋਵੇਗਾ ਕਿ ਇਨ੍ਹਾਂ ਵਿਚੋਂ ਕਰਿਸਟੀ ਮੈਕਔਲਿਫੀ ਇਕ ਸਕੂਲ ਅਧਿਆਪਕ ਸੀ ਜੋ ਕਿ ਨਾਸਾ ਦਾ ਪਹਿਲਾ ਆਮ ਨਾਗਰਿਕ ਪੁਲਾੜ ਮੁਸਾਫ਼ਿਰ ਸੀ।

## 'ਵਿਗਿਆਨ ਜੋਤ' ਹੁਣ ਹਿੰਦੀ ਚ ਵੀ

ਤੁਹਾਡਾ ਹਰਮਨ ਪਿਆਰਾ ਮੈਗਜ਼ੀਨ ਵਿਗਿਆਨ ਜੋਤ ਹੁਣ ਹਿੰਦੀ ਵਿੱਚ ਵੀ ਉਪਲੱਬਧ ਹੈ। ਹਿੰਦੀ ਵਿੱਚ ਇਹ ਮੈਗਜ਼ੀਨ ਹਰਿਆਣਾ ਦੇ ਤਰਕਸ਼ੀਲ ਸਾਥੀਆਂ ਦੇ ਸਹਿਯੋਗ ਨਾਲ ਚਲਾਇਆ ਜਾ ਰਿਹਾ ਹੈ। ਵਧੇਰੇ ਜਾਣਕਾਰੀ ਲਈ ਤੁਸੀਂ ਸਾਥੀ ਗੁਰਮੀਤ ਅੰਬਾਲਾ ਜੀ ਨਾਲ ਉਨ੍ਹਾਂ ਦੇ ਫੋਨ ਨੰ: 094160-36203 'ਤੇ ਸੰਪਰਕ ਕਰ ਸਕਦੇ ਹੋ।

ਛੇਵਾਂ ਪੁਲਾੜ ਹਾਦਸਾ (ਕੋਲੰਬੀਆ ਸਪੇਸ ਸ਼ਟਲ) : ਛੇਵਾਂ ਪੁਲਾੜ ਹਾਦਸਾ 1 ਫਰਵਰੀ, 2003 ਈਸਵੀ ਨੂੰ ਵਾਪਰਿਆ। ਇਸ ਹਾਦਸੇ ਵਿਚ ਅਮਰੀਕਾ ਦੀ ਕੋਲੰਬੀਆ ਸਪੇਸ ਸ਼ਟਲ ਤਬਾਹ ਹੋ ਗਈ ਅਤੇ ਇਸ ਵਿਚ ਸਵਾਰ ਸੱਤ ਪੁਲਾੜ ਵਿਗਿਆਨੀ ਮਾਰੇ ਗਏ। ਇਨ੍ਹਾਂ ਪੁਲਾੜ ਵਿਗਿਆਨੀਆਂ ਦੇ ਨਾਂ ਸਨ ਰਿੱਕ ਹਸਬੈਂਡ (ਮਿਸ਼ਨ ਕਮਾਂਡਰ), ਵਿਲੀਅਮ ਮੈਕਕੂਲ, ਮਾਈਕਲ ਐਂਡਰਸਨ, ਡੇਵਿਡ ਬਰਾਊਨ, ਕਲਪਨਾ ਚਾਵਲਾ, ਲਾਊਰਲ ਕਲਾਰਕ ਅਤੇ ਇਲਾਨ ਰਮੋਨ।

ਆਓ ਇਸ ਪੁਲਾੜ ਹਾਦਸੇ ਬਾਰੇ ਵਿਸਥਾਰ ਸਹਿਤ ਜਾਣੀਏ। ਪੁਲਾੜ ਯਾਤਰਾ ਦੇ ਇਸ ਮਿਸ਼ਨ ਦੀ ਸ਼ੁਰੂਆਤ 16 ਜਨਵਰੀ 2003 ਨੂੰ ਭਰੀ ਪੁਲਾੜੀ ਉਡਾਣ ਨਾਲ ਹੋਈ ਸੀ। 16 ਦਿਨ ਪੁਲਾੜ ਵਿਚ ਰਹਿ ਕੇ ਇਸ ਦੇ ਭੇਦਾਂ ਬਾਰੇ ਖੋਜਣ ਤੋਂ ਬਾਅਦ 1 ਫਰਵਰੀ ਨੂੰ ਕੌਮਾਂਤਰੀ ਸਮੇਂ ਅਨੁਸਾਰ 19.46 ਵਜੇ ਕੋਲੰਬੀਆ ਪੁਲਾੜੀ ਜਹਾਜ਼ ਨੇ ਧਰਤੀ ਉਪਰ ਉਤਰਨਾ ਸੀ। ਜੇਕਰ ਤਕਦੀਰ 15-16 ਮਿੰਟ ਹੋਰ ਸਾਥ ਦਿੰਦੀ ਤਾਂ ਇਹ ਹਾਦਸਾ ਟਲ ਸਕਦਾ ਸੀ। ਕੋਲੰਬੀਆ ਦੇ ਇਸ ਵਿਸਫੋਟ ਤੋਂ ਬਾਅਦ ਇਸ ਦੇ ਟੁਕੜੇ 200 ਕਿਲੋਮੀਟਰ ਦੇ ਘੇਰੇ ਵਿਚ ਅਮਰੀਕਾ ਦੇ ਟੈਕਸਾਸ ਖੇਤਰ ਉਪਰ ਖਿੰਡ ਗਏ। ਮਲਬੇ ਦੇ ਇਨ੍ਹਾਂ ਟੁਕੜਿਆਂ ਵਿਚ ਬ੍ਰਹਿਮੰਡ ਦੇ ਭੇਦਾਂ ਨੂੰ ਜਾਨ ਕੇ ਆ ਰਹੇ ਸੱਤ ਪੁਲਾੜ ਵਿਗਿਆਨੀਆਂ ਦੇ ਜਿਸਮ ਵੀ ਸਨ। ਇਹ ਇਕ ਰੌਂਗਟੇ ਖੜ੍ਹੇ ਕਰ ਦੇਣ ਵਾਲੀ ਦੁਰਘਟਨਾ ਸੀ ਕਿ ਧਰਤੀ ਦੇ ਗੁਰੂਤਾ ਖਿੱਚ ਖੇਤਰ ਦੀ ਦਹਿਲੀਜ਼ ਉਤੇ ਪੈਰ ਧਰਦਿਆਂ, ਧਰਤੀ ਦੇ ਇਨ੍ਹਾਂ ਸਪੂਤਾਂ ਨੂੰ ਮੌਤ ਨੇ ਜੀ ਆਇਆਂ ਕਿਹਾ।

1 ਫਰਵਰੀ, 2003 ਈਸਵੀ ਨੂੰ ਸੱਤ ਪੁਲਾੜ ਵਿਗਿਆਨੀਆਂ ਨੂੰ ਧਰਤੀ ਵੱਲ ਵਾਪਸ ਲੈ ਕੇ ਆ ਰਹੀ ਅਮਰੀਕੀ ਸਪੇਸ ਸ਼ਟਲ 'ਕੋਲੰਬੀਆ' ਫਲੋਰਿਡਾ ਦੇ ਕੈਨੇਡੀ ਪੁਲਾੜ ਸਟੇਸ਼ਨ ਉਪਰ ਉਤਰਨ ਤੋਂ 16 ਮਿੰਟ ਪਹਿਲਾਂ ਵਿਸਫੋਟ ਦਾ ਸ਼ਿਕਾਰ ਹੋ ਗਈ। ਧਰਤੀ ਤੋਂ 63 ਹਜ਼ਾਰ ਮੀਟਰ ਦੀ ਉਚਾਈ ਉਤੇ ਵਾਪਰੇ ਇਸ ਭਿਆਨਕ ਦੁਖਾਂਤ ਨੇ ਇਕ ਵਾਰ ਸਾਰੀ ਦੁਨੀਆਂ ਨੂੰ ਹਿਲਾ ਕੇ ਰੱਖ ਦਿੱਤਾ। ਭਾਰਤ ਲਈ ਤਾਂ ਇਹ ਬਹੁਤ ਹੀ ਦੁੱਖ ਦੀ ਘੜੀ ਸੀ ਕਿ ਮਾਰੇ ਗਏ ਸੱਤ ਪੁਲਾੜ ਵਿਗਿਆਨੀਆਂ ਵਿਚ ਇਥੋਂ ਦੀ ਕਲਪਨਾ ਚਾਵਲਾ ਵੀ ਸੀ। ਮਾਨਵਤਾ ਨੂੰ ਪਿਆਰ ਕਰਨ ਵਾਲੀ ਹਰ ਅੱਖ ਰੋ ਰਹੀ ਸੀ।

ਅਮਰੀਕੀ ਪੁਲਾੜ ਏਜੰਸੀ 'ਨਾਸਾ' ਦੇ ਸਪੇਸ ਸ਼ਟਲ ਪ੍ਰੋਗਰਾਮ ਦੇ ਮੁਖੀ ਰੌਨ ਡਿੱਟਮੋਰ ਦੇ ਅਨੁਸਾਰ ਹਾਦਸੇ ਦਾ ਸ਼ਿਕਾਰ ਹੋਣ ਤੋਂ ਕੁਝ ਮਿੰਟ ਪਹਿਲਾਂ ਕੋਲੰਬੀਆ ਪੁਲਾੜੀ ਵਾਹਨ ਭੱਠੀ ਦੀ ਤਰ੍ਹਾਂ ਤਪ ਗਿਆ ਸੀ। ਇਥੇ ਇਹ ਦੱਸਣਾ ਲਾਜ਼ਮੀ ਹੋਵੇਗਾ ਕਿ ਜਦੋਂ ਇਕ ਪੁਲਾੜੀ ਵਾਹਨ ਧਰਤੀ ਦੀ ਗੁਰੂਤਾ ਖਿੱਚ ਵਿਚ ਦਾਖਲ ਹੁੰਦਾ ਹੈ ਤਾਂ ਬਹੁਤ ਆਵਾਜ਼ ਪੈਦਾ ਹੁੰਦੀ ਹੈ। ਵਾਤਾਵਰਣ ਵਿਚਲੀਆਂ ਗੈਸਾਂ ਦੀਆਂ ਤਹਿਆਂ ਅਤੇ ਪੁਲਾੜੀ ਵਾਹਨ ਵਿਚ ਹੋਏ ਰਗੜ ਬਲ ਸਦਕਾ ਪੁਲਾੜੀ ਵਾਹਨ ਦੀ ਬਾਹਰਲੀ ਸਤਹ ਦਾ ਤਾਪਮਾਨ ਬਹੁਤ ਜ਼ਿਆਦਾ ਵਧ ਜਾਂਦਾ ਹੈ। ਇਸ ਸਮੇਂ ਪੁਲਾੜੀ ਵਾਹਨ ਜਾਂ ਸਪੇਸ ਸ਼ਟਲ ਦਾ ਬਾਹਰੀ ਤਾਪਮਾਨ 3000 ਡਿਗਰੀ ਜਾਂ 1650 ਡਿਗਰੀ ਸੈਲਸੀਅਸ ਤੱਕ ਵਧ ਜਾਂਦਾ ਹੈ। ਇੰਨੀ ਜ਼ਿਆਦਾ ਗਰਮੀ ਤੋਂ ਬਚਣ ਲਈ ਸਪੇਸ ਸ਼ਟਲ ਵਿਚ ਲੱਗੀਆਂ ਟਾਈਲਾਂ ਮਦਦ ਕਰਦੀਆਂ ਹਨ।

ਐਸ. ਟੀ. ਐਸ.-107 ਜਾਂ 'ਸਪੇਸ ਟ੍ਰਾਂਸਪੋਰਟੇਸ਼ਨ ਸਿਸਟਮ-107' ਨਾਂ ਦੇ ਕੋਲੰਬੀਆ ਪੁਲਾੜੀ ਵਾਹਨ ਦੀ ਇਹ 28 ਵੀਂ ਉਡਾਣ ਸੀ। ਇਸ ਪੁਲਾੜੀ ਸ਼ਟਲ ਅੰਦਰ ਯਾਤਰਾ ਕਰਨ ਵਾਲੇ 7 ਵਿਗਿਆਨੀਆਂ ਤੋਂ ਇਲਾਵਾ ਧਰਤੀ ਉਤੇ 70 ਹੋਰ ਵਿਗਿਆਨੀ ਇਸ ਪੁਲਾੜੀ ਮਿਸ਼ਨ ਨਾਲ ਜੁੜੇ ਹੋਏ ਸਨ। ਇਕ ਅਤਿ

ਆਧੁਨਿਕ ਲੈਬਾਰਟਰੀ ਤੋਂ ਇਲਾਵਾ 4 ਟਨ ਦੇ ਕਰੀਬ ਸਾਜੋ-ਸਮਾਨ ਇਸ ਪੁਲਾੜ ਵਾਹਨ ਅੰਦਰ ਮੌਜੂਦ ਸੀ। ਅਮਰੀਕਾ ਦੀ ਪੁਲਾੜ ਸੰਸਥਾ 'ਨਾਸਾ' ਵੱਲੋਂ ਵਰਤੀਆਂ ਜਾਂਦੀਆਂ ਪੰਜ ਸਪੇਸ ਸ਼ਟਲਾਂ ਵਿਚੋਂ 'ਕੋਲੰਬੀਆ' ਸਭ ਤੋਂ ਪੁਰਾਣੀ ਸੀ। ਇਸ ਪੁਲਾੜੀ ਹਾਦਸੇ ਤੋਂ ਬਾਅਦ 'ਨਾਸਾ' ਕੋਲ ਤਿੰਨ ਪੁਲਾੜ ਸ਼ਟਲਾਂ ਬਚੀਆਂ ਸਨ। ਇਨ੍ਹਾਂ ਦੇ ਨਾਂ ਹਨ, ਐਟਲੈਨਟਿਸ, ਐਂਡੀਏਵਰ ਅਤੇ ਡਿਸਕਵਰ। ਚੇਲੈਂਜਰ ਨਾਂ ਦੀ ਪੁਲਾੜ ਸ਼ਟਲ 1986 ਈਸਵੀ ਵਿਚ ਪਹਿਲਾਂ ਹੀ ਦੁਰਘਟਨਾਗ੍ਰਸਤ ਹੋ ਗਈ ਸੀ।

ਕੋਲੰਬੀਆ ਸਪੇਸ ਸ਼ਟਲ ਦਾ ਇਹ ਮਿਸ਼ਨ ਮਨੁੱਖ ਜਾਤੀ ਦੀ ਭਲਾਈ ਵਾਲਾ ਸੀ। ਇਸ ਪੁਲਾੜੀ ਮਿਸ਼ਨ ਦੌਰਾਨ ਪੁਲਾੜ ਵਿਗਿਆਨੀਆਂ ਨੇ ਮਨੁੱਖੀ ਸਿਹਤ, ਧਰਤੀ ਅਤੇ ਪੁਲਾੜ ਵਿਗਿਆਨ ਸੰਬੰਧੀ 80 ਦੇ ਕਰੀਬ ਅਲੱਗ-ਅਲੱਗ ਤਜ਼ਰਬੇ ਕੀਤੇ। ਮਨੁੱਖੀ ਸਰੀਰ ਕ੍ਰਿਆ ਵਿਗਿਆਨ ਸੰਬੰਧੀ ਖੋਜਾਂ, ਗੁਰਦਿਆਂ ਦੀਆਂ ਪੱਥਰੀਆਂ, ਹੱਡੀਆਂ ਦੇ ਰੋਗਾਂ, ਸ਼ੂਗਰ ਅਤੇ ਕੈਂਸਰ ਆਦਿ ਜਿਹੀਆਂ ਬੀਮਾਰੀਆਂ ਬਾਰੇ ਪੁਲਾੜ ਵਿਚ ਕੀਤੇ ਤਜ਼ਰਬੇ ਇਨ੍ਹਾਂ ਵਿਚ ਸ਼ਾਮਿਲ ਸਨ। ਫੇਫੜਿਆਂ, ਦਿਮਾਗ ਤੇ ਨਸ ਪ੍ਰਣਾਲੀ ਬਾਰੇ ਤਜ਼ਰਬਿਆਂ ਤੋਂ ਇਲਾਵਾ ਇਸ ਗੱਲ ਬਾਰੇ ਜਾਨਣਾ ਕਿ ਭਾਰ-ਰਹਿਤ ਹਾਲਤਾਂ ਵਿਚ ਮਨੁੱਖੀ ਸਰੀਰ ਦੀਆਂ ਪ੍ਰੋਟੀਨਾਂ ਵਿਚ ਕਿਸ-ਕਿਸ ਪ੍ਰਕਾਰ ਦੀਆਂ ਤਬਦੀਲੀਆਂ ਆਉਂਦੀਆਂ ਹਨ, ਨੂੰ ਵੀ ਪੁਲਾੜ ਵਿਚ ਰਹਿ ਕੇ ਟੈਸਟ ਕੀਤਾ ਗਿਆ। ਪ੍ਰੋਸਟੇਟ ਕੈਂਸਰ, ਫਸਲਾਂ ਦੇ ਝਾੜ ਵਧਾਉਣ ਸੰਬੰਧੀ ਪ੍ਰਯੋਗਾਂ ਤੋਂ ਲੈ ਕੇ ਭਾਰ ਰਹਿਤ ਪ੍ਰਸਥਿਤੀਆਂ ਵਿਚ ਕੋਸ਼ਿਕਾ-ਵਿਭਾਜਨ (ਸੈੱਲ ਡਿਵੀਜਨ) ਅਤੇ ਜਣਨ-ਵਿਰਾਸਤੀ ਕਾਰਕਾਂ ਦੇ ਵਾਧੇ ਬਾਰੇ ਲਗਾਤਾਰ 16 ਦਿਨ ਪੁਲਾੜ ਵਿਚ ਰਹਿ ਕੇ ਇਨ੍ਹਾਂ ਨੂੰ ਗਹੁ ਨਾਲ ਵਾਚਿਆ ਗਿਆ। ਅਜਿਹੇ ਤਜ਼ਰਬੇ ਧਰਤੀ ਦੇ ਵਾਯੂਮੰਡਲ ਤੋਂ ਬਾਹਰ ਨਿਕਲ ਕੇ ਪੁਲਾੜ (ਖਲਾਅ) ਵਿਚ ਹੀ ਹੋ ਸਕਦੇ ਸਨ। ਸੋ ਅਜਿਹੇ ਗਿਆਨ ਭਰੇ ਪ੍ਰਯੋਗਾਂ ਦੇ ਨਤੀਜਿਆਂ ਨੂੰ ਲੈ ਕੇ ਆ ਰਹੇ ਸਨ, ਕੋਲੰਬੀਆ ਵਿਚਲੇ ਸੱਤ ਪੁਲਾੜ ਵਿਗਿਆਨੀ। ਇਸ ਹਾਦਸੇ ਨਾਲ ਜਿਥੇ ਸਾਨੂੰ ਇਨ੍ਹਾਂ ਖੋਜਾਂ ਦੇ ਨਤੀਜਿਆਂ ਬਾਰੇ ਗਿਆਨ ਹਾਸਲ ਕਰਨ ਦਾ ਘਾਟਾ ਤਾਂ ਪਿਆ ਹੀ ਹੈ, ਉਥੇ ਨਾਲ ਹੀ ਸੱਤ ਮਹਾਨ ਸਪੂਤ ਸਾਡੇ ਤੋਂ ਸਦਾ ਲਈ ਵਿਛੜ ਗਏ।

ਪੁਲਾੜ ਵਿਗਿਆਨੀ ਇਹ ਸੋਚ ਰਹੇ ਸਨ ਕਿ ਕੋਲੰਬੀਆ ਪੁਲਾੜੀ ਜਹਾਜ਼ ਨੂੰ ਪੇਸ਼ ਆਏ ਹਾਦਸੇ ਦੌਰਾਨ ਆਖ਼ਰ ਗਲਤੀ ਕਿਥੇ ਹੋਈ ਹੋਵੇਗੀ? ਜੇਕਰ ਦੇਖੀਏ ਤਾਂ ਪੁਲਾੜੀ ਖੋਜ ਦੇ ਖੇਤਰ ਵਿਚ ਮਨੁੱਖ ਦੀਆਂ ਪ੍ਰਾਪਤੀਆਂ ਕੋਈ ਘੱਟ ਨਹੀਂ ਹਨ। ਅੱਜ ਤੱਕ ਦੀ ਪੁਲਾੜੀ ਖੋਜ ਦੇ ਇਤਿਹਾਸ ਵਿਚ ਇਹ 113 ਵੀਂ ਪੁਲਾੜੀ ਉਡਾਣ ਸੀ। 'ਨਾਸਾ' ਦੇ ਵਿਗਿਆਨੀਆਂ ਦਾ ਕਹਿਣਾ ਹੈ ਕਿ ਇਹ ਕੋਲੰਬੀਆ ਦੀ 28 ਵੀਂ ਉਡਾਣ ਹੀ ਸੀ ਜਦਕਿ ਇਸ ਪੁਲਾੜੀ ਜਹਾਜ਼ ਨੂੰ 100 ਉਡਾਣਾਂ ਭਰਨ ਦੇ ਯੋਗ ਮੰਨਿਆ ਗਿਆ ਸੀ। ਪੁਲਾੜ ਵਿਗਿਆਨੀਆਂ ਨੇ ਬੜੀ ਸਫਲਤਾ ਨਾਲ ਮਨੁੱਖ ਨੂੰ ਚੰਦਰਮਾ ਉਤੇ ਉਤਾਰ ਦਿੱਤਾ ਸੀ। ਫਿਰ ਵਾਪਸ ਉਥੋਂ ਮਨੁੱਖ ਨੂੰ ਉਠਾ ਕੇ ਧਰਤੀ ਉਤੇ ਲੈ ਆਂਦਾ ਸੀ, ਜੋ ਕਿ ਬੜ੍ਹਾ ਹੀ ਜੋਖ਼ਮ ਭਰਿਆ ਕਾਰਜ ਸੀ। ਪਰ ਫਿਰ ਸਵਾਲ ਉੱਠਦਾ ਹੈ ਕਿ ਇਸ ਵਾਰ ਕੁਤਾਹੀ ਕਿਥੇ ਹੋਈ? ਅਮਰੀਕੀ ਪ੍ਰਸਾਸ਼ਨ ਇਸ ਗੱਲ ਬਾਰੇ ਬਹੁਤ ਹੀ ਗੰਭੀਰਤਾ ਨਾਲ ਸੋਚ ਰਿਹਾ ਸੀ ਕਿ ਆਖ਼ਰ ਕੋਲੰਬੀਆ ਪੁਲਾੜ ਸ਼ਟਲ ਹਾਦਸੇ ਦੇ ਪਿੱਛੇ ਕਿਹੜੇ-ਕਿਹੜੇ ਕਾਰਨ ਹੋ ਸਕਦੇ ਹਨ?

ਸਭ ਤੋਂ ਪਹਿਲਾ ਕਾਰਨ ਮੰਨਿਆ ਜਾ ਰਿਹਾ ਸੀ, ਕੋਲੰਬੀਆ ਪੁਲਾੜੀ ਜਹਾਜ਼ ਦੀਆਂ ਥਰਮਲ ਟਾਈਲਾਂ ਦਾ ਟੁੱਟਣਾ ਅਤੇ ਤਾਪਮਾਨ ਦਾ ਵਧਣਾ। ਨੈਸ਼ਨਲ ਏਅਰੋਨਾਯੂਟਿਕਸ ਐਂਡ ਸਪੇਸ ਐਡਮਨਿਸਟ੍ਰੇਸ਼ਨ (ਨਾਸਾ) ਨੇ ਇਸ ਬਾਰੇ ਦੱਸਿਆ ਕਿ ਪੁਲਾੜੀ ਜਹਾਜ਼ ਦੇ ਖੱਬੇ ਪਰ (ਖੰਭ) ਵਿਚਲਾ ਤਾਪਮਾਨ ਬਹੁਤ ਵਧ ਗਿਆ ਸੀ। ਨਾਸਾ ਅਧਿਕਾਰੀਆਂ ਦਾ ਕਹਿਣਾ ਹੈ ਕਿ ਉਹ ਕੋਲੰਬੀਆ ਪੁਲਾੜੀ ਵਾਹਨ ਨਾਲ ਸੰਪਰਕ ਟੁੱਟਣ ਤੋਂ ਪਹਿਲਾਂ ਇਸ ਦੇ ਖੱਬੇ ਪਾਸੇ ਲੱਗੇ ਯੰਤਰਾਂ ਤੋਂ ਅਸਾਧਾਰਨ ਕਿਸਮ ਦੇ ਸੰਕੇਤਾਂ ਨੂੰ ਦੇਖ ਰਹੇ ਸਨ। ਉਸ ਸਮੇਂ ਇਹ ਪੁਲਾੜੀ ਜਹਾਜ਼ 20,000 ਕਿਲੋਮੀਟਰ ਪ੍ਰਤੀ ਘੰਟਾ ਦੀ ਤੇਜ਼ ਰਫ਼ਤਾਰ ਨਾਲ ਧਰਤੀ ਵੱਲ ਵਧ ਰਿਹਾ ਸੀ। ਵਧੇ ਰਹੇ ਤਾਪਮਾਨ ਦਾ ਪਤਾ ਲੱਗਣ ਤੋਂ ਕੁਝ ਮਿੰਟ ਬਾਅਦ ਹੀ ਕੋਲੰਬੀਆ ਪੁਲਾੜੀ ਜਹਾਜ਼ ਦੇ ਟੁਕੜੇ-ਟੁਕੜੇ ਹੋ ਗਏ। ਹਾਦਸੇ ਤੋਂ ਸਿਰਫ 8 ਮਿੰਟ ਪਹਿਲਾਂ ਕੋਲੰਬੀਆ ਪੁਲਾੜੀ ਸ਼ਟਲ ਦੇ ਖੱਬੇ ਪਾਸੇ ਦਾ ਤਾਪਮਾਨ 32 ਡਿਗਰੀ ਸੈਲਸੀਅਸ ਵਧ ਗਿਆ ਸੀ।

ਇਥੇ ਇਹ ਦੱਸਣਾ ਲਾਜ਼ਮੀ ਹੋਵੇਗਾ ਕਿ ਜਦੋਂ ਪੁਲਾੜੀ ਵਾਹਨ ਧਰਤੀ ਦੇ ਵਾਯੂਮੰਡਲ ਵਿਚ ਦਾਖਲ ਹੁੰਦਾ ਹੈ ਤਾਂ ਇਕ ਰਗੜ ਬਲ ਪੈਦਾ ਹੋਣ ਕਰਕੇ ਇਸ ਦਾ ਤਾਪਮਾਨ 1650 ਡਿਗਰੀ ਸੈਲਸੀਅਸ ਵਧ ਜਾਂਦਾ ਹੈ। ਇਸ ਸਮੇਂ ਇਸ ਵਿਚ ਸਫ਼ਰ ਕਰ ਰਹੇ ਮਨੁੱਖਾਂ ਨੂੰ ਬਚਾਉਣ ਲਈ ਪੁਲਾੜੀ ਵਾਹਨ ਵਿਚ ਲੱਗੀਆਂ ਥਰਮਲ ਟਾਈਲਾਂ ਇਕ ਅਹਿਮ ਰੋਲ ਅਦਾ ਕਰਦੀਆਂ ਹਨ। ਕੋਲੰਬੀਆ ਪੁਲਾੜੀ ਵਾਹਨ ਹਾਦਸੇ ਦੌਰਾਨ ਥਰਮਲ ਟਾਈਲਾਂ ਦੇ ਟੁੱਟਣ ਬਾਰੇ ਖਦਸ਼ਾ ਜ਼ਾਹਿਰ ਕੀਤਾ ਗਿਆ ਸੀ। ਪ੍ਰੰਤੂ ਇਸ ਗੱਲ ਬਾਰੇ ਪਤਾ ਨਹੀਂ ਲੱਗ ਸਕਿਆ ਕਿ ਕੀ ਇਨ੍ਹਾਂ ਥਰਮਲ ਟਾਈਲਾਂ ਦੇ ਟੁੱਟਣ ਨਾਲ ਪੁਲਾੜੀ ਵਾਹਨ ਦੇ ਢਾਂਚੇ ਵਿਚ ਤਰੇੜਾਂ ਪੈ ਗਈਆਂ ਸਨ ਜਾਂ ਫਿਰ ਇਹ ਟਾਈਲਾਂ ਪੂਰੀਆਂ ਹੀ ਉਖੜ ਗਈਆਂ ਸਨ? ਇਹ ਇਕ ਅਣਸੁਲਝਿਆ ਸਵਾਲ ਹੈ। 'ਨਾਸਾ' ਦੇ ਵਿਗਿਆਨੀਆਂ ਮੁਤਾਬਿਕ ਕੋਲੰਬੀਆ ਸਪੇਸ ਸ਼ਟਲ ਦੇ ਫਰਸ਼ ਵਿਚ 24000 ਦੇ ਕਰੀਬ ਥਰਮਲ ਟਾਈਲਾਂ ਲੱਗੀਆਂ ਹੋਈਆਂ ਸਨ।

ਹੁਣ ਇਕ ਗੱਲ ਸੋਚਣ ਵਾਲੀ ਹੈ ਕਿ ਕੋਲੰਬੀਆ ਸਪੇਸ ਸ਼ਟਲ ਦੇ ਢਾਂਚੇ ਵਿਚ ਜੜੀਆਂ ਹੋਈਆਂ ਥਰਮਲ ਟਾਈਲਾਂ ਕਿਵੇਂ ਟੁੱਟ ਗਈਆਂ? ਜ਼ਿਆਦਾਤਰ ਮਾਹਿਰਾਂ ਦਾ ਕਹਿਣਾ ਹੈ ਕਿ ਇਸ ਸਪੇਸ ਸ਼ਟਲ ਦੀ ਈਂਧਣ-ਟੈਂਕੀ (ਤੇਲ ਟੈਂਕੀ) ਨਾਲੋਂ ਟੁੱਟ ਕੇ ਅਲੱਗ ਹੋਇਆ ਪੋਲੀਸਟਾਈਰੀਨ ਦਾ ਇੰਨਸੂਲੇਟਿੰਗ ਟੁਕੜਾ ਉਸ ਸਮੇਂ ਹੀ ਇਸ ਦੇ ਖੱਬੇ ਪਰ ਨਾਲ ਜਾ ਟਕਰਾਇਆ ਸੀ, ਜਦੋਂ ਇਸ ਨੇ 16 ਜਨਵਰੀ ਨੂੰ ਪ੍ਰਿਥਵੀ ਤੋਂ ਪੁਲਾੜ ਵੱਲ ਉਡਾਣ ਭਰੀ ਸੀ। ਇੰਨਸੂਲੇਟਿੰਗ ਪਦਾਰਥ ਦਾ ਇਹ ਟੁਕੜਾ 3 ਪੌਂਡ ਦੇ ਕਰੀਬ ਭਾਰਾ ਸੀ ਅਤੇ ਕੋਲੰਬੀਆ ਨੂੰ ਧਰਤੀ ਤੋਂ ਦਾਗੇ ਜਾਣ ਤੋਂ 80 ਸੈਕਿੰਟ ਬਾਅਦ ਹੀ ਇਹ ਈਂਧਣ-ਟੈਂਕੀ ਨਾਲੋਂ ਅਲੱਗ ਹੋ ਗਿਆ ਸੀ। ਵਿਗਿਆਨੀਆਂ ਨੂੰ ਇਸ ਦੇ ਅਲੱਗ ਹੋਣ ਦਾ ਪਤਾ ਉਡਾਣ ਤੋਂ ਅਗਲੇ ਦਿਨਾਂ ਵਿਚ ਹੀ ਲੱਗ ਗਿਆ ਸੀ। ਉਨ੍ਹਾਂ ਨੂੰ ਇਹ ਡਰ ਸਤਾ ਰਿਹਾ ਸੀ ਕਿ ਇਹ ਟੁਕੜਾ ਕਿਧਰੇ ਪੁਲਾੜੀ ਵਾਹਨ ਵਿਚ ਸੁਰਾਖ ਨਾ ਕਰ ਦੇਵੇ। ਪਰ ਕਈ ਦਿਨ ਪੜਤਾਲ ਕਰਨ ਤੋਂ ਬਾਅਦ ਵਿਗਿਆਨੀ ਇਸ ਸਿੱਟੇ ਉਤੇ ਪਹੁੰਚ ਗਏ ਸਨ ਕਿ ਇਹ ਇੰਨਸੂਲੇਸ਼ਨ ਟੁਕੜਾ ਨੁਕਸਾਨ ਨਹੀਂ ਪਹੁੰਚਾ ਸਕਦਾ। ਪਰ, ਆਖ਼ਰ ਉਹੀ ਵਾਪਰ ਗਿਆ, ਜਿਸ ਦਾ ਡਰ ਸੀ।

ਹਾਦਸੇ ਦੌਰਾਨ ਕੋਲੰਬੀਆ ਵਾਹਨ ਆਪਣਾ ਕੰਟਰੋਲ ਖੋ ਬੈਠਾ। ਖੱਬੇ ਪਾਸੇ ਇਕਦਮ ਤਾਪਮਾਨ ਵਧਣ ਨਾਲ ਕੋਲੰਬੀਆ ਦੇ ਖੱਬੇ ਪਾਸੇ ਹਵਾ ਦੀ ਮਾਰ ਬਹੁਤ ਵਧ ਗਈ ਸੀ। ਜਿਸ ਦੇ

## ਜ਼ਰੂਰੀ ਨੋਟ

***ਜੇ ਕਿਸੇ ਸਾਥੀ ਨੂੰ 'ਵਿਗਿਆਨ ਜੋਤ' ਸਮੇਂ ਸਿਰ ਨਹੀਂ ਮਿਲਦਾ ਤਾਂ ਉਹ ਇਸਦੀ ਸ਼ਕਾਇਤ ਸਵੇਰੇ 9 ਵਜੇ ਤੋਂ 5 ਵੱਜੇ ਤੱਕ ਫ਼ੋਨ ਨੰਬਰ 01679-241744 'ਤੇ ਦਰਜ ਕਰਵਾਕੇ, ਮੈਗਜ਼ੀਨ ਦੁਆਰਾ ਮੰਗਵਾ ਸਕਦਾ ਹੈ।***



ਨਤੀਜੇ ਵਜੋਂ ਆਟੋ ਪਾਇਲਟ ਨੇ ਪੁਲਾੜੀ ਵਾਹਨ ਦਾ ਸੰਤੁਲਨ ਕਾਇਮ ਰੱਖਣ ਦੀ ਕੋਸ਼ਿਸ਼ ਵਿਚ ਤੇਜ਼ੀ ਨਾਲ ਕਈ ਤਬਦੀਲੀਆਂ ਕੀਤੀਆਂ। ਪ੍ਰੰਤੂ ਉਦੋਂ ਤੱਕ ਦੇਰ ਹੋ ਚੁੱਕੀ ਸੀ ਅਤੇ 'ਕੋਲੰਬੀਆ ਸਪੇਸ ਸ਼ਟਲ' ਤਬਾਹ ਹੋ ਕੇ ਆਸਮਾਨ ਵਿਚ ਖਿੰਡ ਗਈ।

ਇਕ ਹੋਰ ਥਿਊਰੀ ਦੇ ਮੁਤਾਬਿਕ ਕਿਹਾ ਗਿਆ ਕਿ ਕੋਲੰਬੀਆ ਪੁਲਾੜੀ ਵਾਹਨ ਦੇ ਐਲੂਮੀਨੀਅਮ ਅਤੇ ਗਰੇਫਾਈਟ ਦੇ ਬਣੇ ਢਾਂਚੇ ਉਤੇ ਵਧਦਾ ਦਬਾਅ ਵੀ ਇਸ ਪੁਲਾੜ ਵਾਹਨ ਦੇ ਟੁੱਟਣ ਦਾ ਕਾਰਨ ਬਣਿਆ ਹੋ ਸਕਦਾ ਹੈ। ਪ੍ਰੰਤੂ 'ਨਾਸਾ' ਦੇ ਸਪੇਸ ਸ਼ਟਲ ਪ੍ਰੋਗਰਾਮ ਦੇ ਮੁਖੀ ਰੌਨ ਡਿੱਟਮੋਰ ਦਾ ਕਹਿਣਾ ਸੀ ਕਿ ਜ਼ਿਆਦਾ ਇਹੀ ਗੱਲ ਮੰਨਣਯੋਗ ਜਾਪਦੀ ਹੈ ਕਿ ਦੁਰਘਟਨਾ ਦਾ ਕਾਰਨ ਢਾਂਚੇ ਵਿਚ ਵਿਗਾੜ ਆਉਣਾ ਨਹੀਂ ਬਲਕਿ ਤਾਪਮਾਨ ਦਾ ਵਧਣਾ ਹੋਇਆ ਹੋਵੇਗਾ। ਕੋਲੰਬੀਆ ਪੁਲਾੜੀ ਵਾਹਨ ਹਾਦਸੇ ਸੰਬੰਧੀ ਇਹੀ ਗੱਲ ਵਧੇਰੇ ਸਹੀ ਜਾਪਦੀ ਹੈ ਕਿ ਵਾਯੂਮੰਡਲ ਵਿਚ ਵਾਪਸੀ ਉਤੇ ਦਾਖਲੇ ਸਮੇਂ ਟੁੱਟੀਆਂ ਹੋਈਆਂ ਥਰਮਲ ਟਾਈਲਾਂ ਦੇ ਨਤੀਜੇ ਵਜੋਂ ਉੱਚ ਤਾਪਮਾਨ (1650 ਡਿਗਰੀ ਸੈਲਸੀਅਸ) ਹੀ ਇਸ ਪੁਲਾੜੀ ਹਾਦਸੇ ਦਾ ਕਾਰਨ ਬਣਿਆ।

ਮਾਹਿਰਾਂ ਦਾ ਇਕ ਵਿਚਾਰ ਇਹ ਵੀ ਸੀ ਕਿ 1986 ਈਸਵੀ ਵਿਚ ਤਿਆਰ ਹੋਇਆ ਕੋਲੰਬੀਆ ਪੁਲਾੜੀ ਵਾਹਨ ਹੁਣ ਕਾਫੀ ਪੁਰਾਣਾ ਹੋ ਗਿਆ ਸੀ ਅਤੇ ਇਸ ਵਿਚਲੇ ਕੁਝ ਹਿੱਸੇ ਅਤੇ ਪੁਰਜ਼ੇ ਬਦਲਣ ਵਾਲੇ ਸਨ। ਉਡਾਣ ਭਰਨ ਤੋਂ ਕੁਝ ਦੇਰ ਬਾਅਦ ਹੀ ਕੁਝ ਨੁਕਸ ਸਾਹਮਣੇ ਆਏ ਸਨ। 'ਵਾਸ਼ਿੰਗਟਨ ਪੋਸਟ' ਦੀ ਇਕ ਰਿਪੋਰਟ ਵਿਚ ਕਿਹਾ ਗਿਆ ਸੀ ਕਿ ਕੋਲੰਬੀਆ ਬਜਟ ਵਿਚ ਸਰਫੇ ਦਾ ਸ਼ਿਕਾਰ ਹੋਈ ਸੀ। ਇਸ ਦੇ ਮੁਤਾਬਿਕ ਸ਼ਟਲ ਦੇ ਅੰਦਰੂਨੀ ਚਿਤਾਵਨੀ ਯੰਤਰਾਂ ਵਿਚ ਸੁਧਾਰ ਲਿਆਉਣ ਲਈ 2001 ਤੋਂ 'ਨਾਸਾ' ਦੁਆਰਾ ਬਜਟ ਵਧਾਉਣ ਦੀ ਮੰਗ ਕੀਤੀ ਜਾ ਰਹੀ ਸੀ। ਪ੍ਰੰਤੂ ਇਹ ਮੁਰੰਮਤ ਬਹੁਤ ਮਹਿੰਗੀ ਹੋਣ ਕਾਰਨ ਪ੍ਰਸਾਸ਼ਨ ਇਸ ਨੂੰ ਟਾਲਦਾ ਰਿਹਾ। ਪ੍ਰੰਤੂ ਦੂਜੇ ਪਾਸੇ, ਨਾਲ ਹੀ 'ਨਾਸਾ' ਦੇ ਵਿਗਿਆਨੀਆਂ ਦਾ ਇਹ ਵੀ ਕਹਿਣਾ ਸੀ ਕਿ 'ਕੋਲੰਬੀਆ' ਹਾਲੇ 72 ਹੋਰ ਉਡਾਣਾਂ ਭਰਨ ਦੇ ਯੋਗ ਸੀ।

ਬੀਤਿਆਂ ਸਮਾਂ ਮੁੜ ਹੱਥ ਨਹੀਂ ਆਉਂਦਾ। ਪੁਲਾੜੀ ਹਾਦਸਿਆਂ ਤੋਂ ਬਚਣ ਲਈ ਜ਼ਰੂਰੀ ਹੈ ਕਿ ਅੱਗੇ ਵਾਸਤੇ ਬਹੁਤ ਚੌਕੰਨੇ ਹੋ ਕੇ ਪੈਰ ਪੁੱਟਿਆ ਜਾਵੇ। ਪੁਲਾੜ ਦੀਆਂ ਖੋਜਾਂ ਨੂੰ ਜਾਰੀ ਰੱਖਣ ਦੇ ਨਾਲ-ਨਾਲ ਕੀਮਤੀ ਮਨੁੱਖੀ ਜਾਨਾਂ ਨੂੰ ਬਚਾਉਣ ਲਈ ਹਰ ਸੰਭਵ ਉਪਰਾਲਾ ਹੋਣਾ ਚਾਹੀਦਾ ਹੈ। ਜੇਕਰ ਮਨੁੱਖ ਰਹਿਤ ਪੁਲਾੜੀ ਵਾਹਨ ਭੇਜ ਕੇ ਕੰਮ ਚਲਦਾ ਹੋਵੇ ਤਾਂ ਹੋਰ ਵੀ ਵਧੀਆ ਹੋਵੇਗਾ। ਅਤਿ ਆਧੁਨਿਕ ਮਸ਼ੀਨੀ ਰਾਬਟ ਅਤੇ ਕੰਪਿਊਟਰ ਮਨੁੱਖ ਵੀ ਇਸ ਮਦਦ ਲਈ ਤਿਆਰ ਹਨ। ਇਹ ਵੀ ਸੋਚਿਆ ਜਾ ਸਕਦਾ ਹੈ ਕਿ ਸੱਤ-ਸੱਤ ਮਨੁੱਖਾਂ ਨੂੰ ਮੌਤ ਦੇ ਮੂੰਹ ਵਿਚ ਸੁੱਟਣ ਦੀ ਬਜਾਏ ਘੱਟ ਮਨੁੱਖਾਂ ਨੂੰ ਇਕੋ ਵਾਰੀ ਵਿਚ ਪੁਲਾੜ ਵੱਲ ਭੇਜਿਆ ਜਾਵੇ।

ਚਾਹੇ ਪੁਲਾੜ ਦੀ ਇਹ ਖੇਡ ਹਰ ਪਲ ਖ਼ਤਰਿਆਂ ਭਰੀ ਹੀ ਹੈ, ਪਰ ਫਿਰ ਵੀ ਜਿਹੜੇ ਮਨੁੱਖ ਟੀਸੀ ਦੇ ਬੇਰ ਤੋੜਨ ਦੇ ਸ਼ੌਕੀਨ ਹੋਣ ਉਨ੍ਹਾਂ ਲਈ ਤਾਂ, "ਸੀਨੇ ਖਿੱਚ ਜਿਨ੍ਹਾਂ ਨੇ ਖਾਧੀ, ਉਹ ਕਰ ਆਰਾਮ ਨਹੀਂ ਬਹਿੰਦੇ", ਉਤੇ ਅਮਲ ਕਰਨਾ ਹੁੰਦਾ ਹੈ। ਮਨੁੱਖ ਦੀ ਪੁਲਾੜੀ ਖੋਜ ਜਾਰੀ ਰਹੇਗੀ ਅਤੇ 'ਸਿਤਾਰੋਂ ਕੇ ਆਗੇ ਜਹਾਂ ਔਰ ਵੀ ਹੈਂ" ਵੱਲ ਕਦਮ ਵਧਦੇ ਰਹਿਣਗੇ।


ਗਿਆਨ ਦਾ ਖ਼ਜ਼ਾਨਾ **ਵਿਗਿਆਨ ਜੋਤ**

✪ ਮੈਂਬਰਸ਼ਿਪ ਫੀਸ ਇੱਕ ਸਾਲ ਲਈ 80/- ✪ ਦੋ ਸਾਲ ਲਈ 150/- ✪ ਉਮਰ ਭਰ (15 ਸਾਲ ਲਈ) 1000/-




ਹੁਣ ਤੁਸੀਂ ਘਰ ਬੈਠੇ ਵੀ ਵੀਪੀਪੀ ਰਾਹੀਂ 'ਵਿਗਿਆਨ ਜੋਤ' ਮੰਗਵਾ ਸਕਦੇ ਹੋ, ਵਧੇਰੇ ਜਾਣਕਾਰੀ ਲਈ ਫ਼ੋਨ ਨੰਬਰ 01679 241744 'ਤੇ ਸੰਪਰਕ ਕਰੋ।

ਪਤਾ: ਤਰਕਸ਼ੀਲ ਨਿਵਾਸ, ਕੱਚਾ ਕਾਲਜ ਰੋਡ, ਗਲੀ ਨੰਬਰ 8, ਬਰਨਾਲਾ - 148101
Email : tarksheel@yahoo.com Web site : www.tarksheel.com